ਆਧੁਨਿਕ ਪੰਜਾਬੀ ਕਵਿਤਾ

ਪੁਨਰ ਚਿੰਤਨ

ਡਾ. ਰਾਜਿੰਦਰ ਪਾਲ ਸਿੰਘ

www.PunjabiLibrary.com

ਆਧੁਨਿਕ
ਪੰਜਾਬੀ ਕਵਿਤਾ
ਪੁਨਰ ਚਿੰਤਨ

ਡਾ: ਰਾਜਿੰਦਰ ਪਾਲ ਸਿੰਘ

ਲੋਕਗੀਤ ਪ੍ਰਕਾਸ਼ਨ

www.PunjabiLibrary.com

Adhunik Punjabi Kavita—Punar Chintan
by : Dr. Rajinder Pal Singh

© 1991

Rs. 50/-

Published by :
Harish Jain,
Lokgeet Parkashan
Sirhind—146406
Printed by :
B.D. Printers,
Jalandhar.

www.PunjabiLibrary.com

ਮੁਖਬੰਧ

ਰਾਜਿੰਦਰਪਾਲ ਸਿੰਘ ਦੀ ਇਸ ਆਲੋਚਨਾ-ਪੁਸਤਕ ਨੂੰ ਪੜ੍ਹਕੇ ਮੈਨੂੰ ਵਿਸ਼ੇਸ਼ ਖੁਸ਼ੀ ਹੋ ਰਹੀ ਹੈ ਕਿਉਂਕਿ ਪਿਛਲੇ ਦੋ-ਤਿਨ ਦਹਾਕਿਆਂ ਤੋਂ ਨੌਜਵਾਨ ਪਾਠਕਾਂ-ਵਿਦਿਆਰਥੀਆਂ ਵਿਚ ਆਲੋਚਨਾ ਤੇ ਆਲੋਚਨਾ ਦੇ ਸਿਧਾਂਤ ਪੜ੍ਹਨ ਦੀ ਰੁਚੀ ਪ੍ਰਬਲ ਰਹੀ ਹੈ, ਰਚਨਾਤਮਕ ਸਾਹਿਤ ਤੇ ਵਿਸ਼ੇਸ਼ ਕਰਕੇ ਕਵਿਤਾ ਨੂੰ ਪੜ੍ਹਨ, ਮਾਨਣ ਤੇ ਸਮਝਣ ਦਾ ਰੁਝਾਨ ਘਟਦਾ ਗਿਆ ਹੈ। ਖੁਸ਼ੀ ਦੀ ਗੱਲ ਇਹ ਹੈ ਕਿ ਰਾਜਿੰਦਰਪਾਲ ਸਿੰਘ ਨੇ ਪੰਜਾਬੀ ਕਵਿਤਾ ਨੂੰ ਪੜ੍ਹਿਆ ਤੇ ਮਾਣਿਆ ਹੈ ਤੇ ਫਿਰ ਉਸ ਉਤੇ ਹੋਈ ਆਲੋਚਨਾ ਨੂੰ ਪੜ੍ਹ ਕੇ, ਆਧੁਨਿਕ ਪੰਜਾਬੀ ਕਵਿਤਾ ਸਬੰਧੀ ਆਪਣੀ ਇਕ ਸਮਝ ਬਣਾਈ ਹੈ ਅਤੇ ਅਜਿਹੀ ਸਮਝ ਨਾਲ ਆਧੁਨਿਕ ਪੰਜਾਬੀ ਕਵਿਤਾ ਦੇ ਆਰਥਕ-ਰਾਜਨੀਤਕ ਪਰਿਪੇਖ ਦੀ ਵਿਆਖਿਆ ਬੜੀ ਸਪਸ਼ਟਤਾ ਨਾਲ ਕੀਤੀ ਹੈ।

ਸਾਹਿਤ ਦੀ ਆਲੋਚਨਾ ਦੇ ਖੇਤਰ ਵਿਚ ਅਜ ਬਹੁ-ਸਿਧਾਂਤਵਾਦ ਦਾ ਬੋਲਬਾਲਾ ਹੈ। ਨੌਜਵਾਨ ਆਲੋਚਕਾਂ ਦਾ ਹਾਲ ਇਹ ਹੈ ਕਿ ਉਹ ਅੰਗਰੇਜ਼ੀ ਵਿਚ ਛਪੀ, ਸਾਹਿਤ-ਸਿਧਾਂਤ ਦੀ ਹਰ ਨਵੀਂ ਪੁਸਤਕ ਦੇ ਮਗਰ ਲੱਗ ਤੁਰਦੇ ਹਨ ਤੇ ਜੋ ਪਹਿਲਾਂ ਪੜ੍ਹਿਆ ਹੁੰਦਾ ਹੈ ਉਸ ਨੂੰ ਮੂਲੋਂ ਹੀ ਤਿਆਗ ਦਿੰਦੇ ਹਨ, ਕੁਝ ਵੀ ਆਤਮਸਾਤ ਨਹੀਂ ਕਰਦੇ ਤੇ ਕੱਚ-ਪੱਕ ਧਾਰਨਾਵਾਂ ਦਾ ਮਿਸ਼ਰਣ ਕਰਕੇ ਉਸ ਨੂੰ ਅੰਤਰ-ਅਨੁਸ਼ਾਸਨੀ ਪਹੁੰਚ ਦਾ ਨਾਂ ਦੇ ਕੇ ਪ੍ਰਸੰਨ ਹੁੰਦੇ ਹਨ। ਰਾਜਿੰਦਰਪਾਲ ਸਿੰਘ ਨੇ ਇਸ ਖਿੰਡਾਓ ਦੇ ਰੁਝਾਨ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ। ਉਸ ਨੇ ਸਾਰੇ ਨਿਬੰਧਾਂ ਵਿਚ ਇਕੋ ਪਹੁੰਚ ਤੇ ਇਕੋ ਦ੍ਰਿਸ਼ਟੀਕੋਣ ਨੂੰ ਪਹਿਲ ਦਿੱਤੀ ਹੈ। ਆਧੁਨਿਕ ਭਾਰਤੀ ਤੇ ਪੰਜਾਬੀ ਰਾਜਨੀਤਕ-ਆਰਥਿਕ ਪ੍ਰਕਰਣ ਵਿਚ ਪੰਜਾਬੀ ਕਵਿਤਾ ਦੀ ਵਿਆਖਿਆ ਹੀ ਉਸ ਦਾ ਮੂਲ ਮਨੋਰਥ ਰਿਹਾ ਹੈ। ਇਸੇ ਮਨੋਰਥ ਹਿੱਤ ਉਸਨੇ ਬਾਵਾ ਬਲਵੰਤ, ਪਾਸ਼, ਪਾਤਰ ਤੇ ਟਿਵਾਣਾ ਦੀ ਕਵਿਤਾ ਸਬੰਧੀ ਬੜੀਆਂ ਅਰਥ-ਭਰਪੂਰ ਟਿੱਪਣੀਆਂ ਕੀਤੀਆਂ ਹਨ ਤੇ ਆਧੁਨਿਕ ਪੰਜਾਬੀ ਕਵਿਤਾ ਦੇ ਸਮੁੱਚੇ ਇਤਿਹਾਸ ਨੂੰ ਪੁਨਰ-ਚਿੰਤਨ ਦਾ ਵਿਸ਼ਾ ਬਣਾ ਕੇ, ਵੀਹਵੀਂ ਸਦੀ ਦੀ ਕਵਿਤਾ ਦਾ ਇਕ ਰਾਜਨੀਤਕ-ਆਰਥਿਕ ਪਰਿਪੇਖ ਉਸਾਰਿਆ ਹੈ।

ਸਮਾਜਿਕ-ਸਭਿਆਚਾਰਕ ਸੰਦਰਭਾਂ ਦਾ ਸਿਰੇ ਦਾ ਪ੍ਰਗਟਾਵਾ ਰਾਜਨੀਤੀ ਹੁੰਦੀ ਹੈ। ਕਾਵਿ-ਪਾਠ ਨੂੰ ਉਸ ਦੇ ਸਭਿਆਚਾਰਕ ਸੰਦਰਭਾਂ ਤੋਂ ਵੀ ਅੱਗੇ ਰਾਜਨੀਤਕ ਪ੍ਰਸੰਗਾਂ ਵਿਚ ਰੱਖ ਕੇ ਵਿਚਾਰਨਾ ਪ੍ਰੌੜ੍ਹ ਬੁੱਧੀ ਦਾ ਕੰਮ ਹੈ। ਰਾਜਿੰਦਰਪਾਲ ਸਿੰਘ ਦੇ ਹਿੱਸੇ ਅਜਿਹਾ ਕਾਰਜ ਆਇਆ ਹੈ, ਇਸ ਦਾ

www.PunjabiLibrary.com

ਮੈਨੂੰ ਮਾਣ ਹੈ ਤੇ ਇਹ ਵੀ ਯਕੀਨ ਹੈ ਕਿ ਆਉਣ ਵਾਲੇ ਸਮੇਂ ਵਿਚ ਉਹ ਆਪਣੇ ਇਸ ਕਾਰਜ ਨੂੰ ਜਾਰੀ ਰਖੇਗਾ ਤੇ ਪੰਜਾਬੀ ਆਲੋਚਕਾਂ ਵਿਚ ਆਪਣੀ ਇਕ ਨਵੇਕਲੀ ਪਛਾਣ ਕਾਇਮ ਕਰੇਗਾ ।

ਇਹ ਪੁਸਤਕ ਵਿਦਿਆਰਥੀਆਂ ਤੇ ਕਾਵਿ-ਰਸੀਆਂ ਦੋਹਾਂ ਲਈ ਉਪਯੋਗੀ ਹੈ ਤੇ ਉਮੀਦ ਹੈ ਕਿ ਦੋਵੇਂ ਕਿਸਮ ਦੇ ਪਾਠਕ ਇਸ ਦਾ ਲਾਭ ਪ੍ਰਾਪਤ ਕਰਨਗੇ ਤੇ ਰਾਜਿੰਦਰਪਾਲ ਸਿੰਘ ਨੂੰ ਉਸ ਦਾ ਹੱਕੀ ਜਸ-ਅਪਜਸ ਵੀ ਪ੍ਰਾਪਤ ਹੋਵੇਗਾ । ਮੈਂ ਤਾਂ ਉਸ ਦੇ ਸੱਜਰੇ ਉਤਸ਼ਾਹ ਤੇ ਉੱਦਮ ਦਾ ਸੁਆਗਤ ਹੀ ਕਰ ਸਕਦਾ ਹਾਂ ।

ਕੇਸਰ ਸਿੰਘ 'ਕੇਸਰ'

ਪੰਜਾਬੀ ਵਿਭਾਗ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
18-1-1991

www.PunjabiLibrary.com

ਭੂਮਿਕਾ

ਇਤਿਹਾਸ ਨੇ ਆਮ ਕਰਕੇ ਆਪਣੇ ਆਪ ਤੇ ਵਸਤੂ-ਪਰਕ ਹੋਣ ਦਾ ਕੱਜਣ ਪਾਇਆ ਹੁੰਦਾ ਹੈ, ਪਰ ਅਸਲ ਵਿਚ ਇਤਿਹਾਸ ਬੀਤੇ ਵਿਚ ਹੋਈਆਂ, ਨਾ ਹੋਈਆਂ ਘਟਨਾਵਾਂ ਨੂੰ ਸਮਕਾਲੀ ਆਰਥਿਕ-ਰਾਜਨੀਤਕ ਪਰਿਪੇਖ ਤੋਂ ਉਪਜੀਆਂ ਰਾਜਸੀ ਇੱਛਾਵਾਂ ਅਨੁਸਾਰ ਢਾਲਣ ਦਾ ਨਾਂ ਹੈ। ਇਸੇ ਨੂੰ ਸਮਕਾਲੀ ਯੁਗ ਬੋਧ ਆਖਿਆ ਜਾਂਦਾ ਹੈ। ਸੋ ਸਾਹਿਤ ਸਿਰਜਣਾ ਵਾਂਗ ਸਾਹਿਤ ਆਲੋਚਨਾ ਵੀ ਸਮੇਂ ਦੀਆਂ ਇਤਿਹਾਸਕ ਸੀਮਾਵਾਂ ਦੀ ਕੈਦੀ ਹੁੰਦੀ ਹੈ। ਇਸੇ ਕਾਰਣ ਸਮੇਂ ਨਾਲ ਸਾਹਿਤ ਸਬੰਧੀ ਧਾਰਨਾਵਾਂ ਬਦਲਦੀਆਂ ਰਹਿੰਦੀਆਂ ਹਨ। ਇਸੇ ਕਰਕੇ ਸਾਹਿਤ ਦੇ ਇਤਿਹਾਸ ਨੂੰ ਪੁਨਰ-ਚਿੰਤਨ ਕਰਕੇ ਮੁੜ ਲਿਖੇ ਜਾਣ ਦੀ ਲੋੜ ਬਣੀ ਰਹਿੰਦੀ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਮੁੜ ਲਿਖੇ ਜਾਣ ਦੀ ਲੋੜ ਹੈ, ਕਿਉਂਕਿ ਸਾਡੀ ਪੰਜਾਬੀ ਆਲੋਚਨਾ ਪੱਛਮੀ ਸਾਮਰਾਜ ਦੇ ਗੁਰਮੰਤਰਾਂ (ਮਾਡਲਾਂ) ਅਤੇ ਸੰਸਕ੍ਰਿਤ ਦੇ ਜੜ੍ਹ ਹੋ ਚੁਕੇ ਕਾਵਿ-ਸ਼ਾਸਤਰਾਂ ਦੀਆਂ ਉਧਾਰੀਆਂ ਬੈਸਾਖੀਆਂ ਨਾਲ ਤੁਰਦੀ ਰਹੀ ਹੈ, ਇਹ ਆਪਣੇ ਸਾਹਿਤ ਦੀ ਉਂਗਲ ਫੜਕੇ ਤੁਰਨਾ ਨਹੀਂ ਸਿੱਖੀ। ਪਰ ਹੁਣ ਇਸ ਪਾਸੇ ਸੋਚਿਆ ਜਾਣਾ ਸ਼ੁਰੂ ਹੋਇਆ ਹੈ ਕਿ ਪੰਜਾਬੀ ਸਾਹਿਤ ਦਾ ਇਤਿਹਾਸ ਅਤੇ ਕਾਵਿ-ਸ਼ਾਸਤਰ, ਪੰਜਾਬੀ ਸਾਹਿਤ ਨੂੰ ਪੜ੍ਹਕੇ/ਅਧਿਐਨ ਕਰਕੇ ਹੀ ਲਿਖਿਆ ਜਾ ਸਕਦਾ ਹੈ। ਹਥਲੀ ਪੁਸਤਕ ਇਸ ਪਾਸੇ ਵੱਲ ਨਿਗੂਣਾ ਜਿਹਾ ਯਤਨ ਹੈ, ਇਸ ਵਿਚ ਪੰਜਾਬੀ ਸਾਹਿਤ ਦੇ ਪਰਿਪੇਖ ਵਿਚ, ਇਸ ਦੇ ਇਤਿਹਾਸ ਅਤੇ ਕਾਵਿ-ਸ਼ਾਸਤਰ ਸਬੰਧੀ ਕੁਝ ਨੁਕਤੇ ਉਠਾਉਣ ਦੀ ਕੋਸ਼ਿਸ਼ ਕੀਤੀ ਹੈ। ਪਾਠਕ (ਲੇਖਕ) ਅਤੇ ਪਾਠਕ ਵਿਚ ਬਹੁਤਾ ਫ਼ਰਕ ਨਹੀਂ ਹੁੰਦਾ, ਇਹ ਪੁਸਤਕ ਵੀ ਆਪਣੀਆਂ ਸਾਰੀਆਂ ਸਿਧਾਂਤਕ ਧਾਰਨਾਵਾਂ ਦੇ ਬਾਵਜੂਦ ਸਾਮਰਾਜੀ ਗਿਆਨ-ਸ਼ਾਸਤਰ ਤੋਂ ਉੱਨੀ ਕੁ ਹੀ ਅਜ਼ਾਦ ਹੋਵੇਗੀ, ਜਿੰਨਾ ਕੁ ਪੰਜਾਬੀ ਪਾਠਕ ਆਜ਼ਾਦ ਹੈ। ਪੰਜਾਬੀ ਸਾਹਿਤ ਦੇ ਪਾਠਕ ਵਜੋਂ ਪੰਜਾਬੀ ਸਾਹਿਤ ਦੇ ਪਾਠਕਾਂ ਨੂੰ ਇਹ ਆਲੋਚਨਾ ਦਾ ਪਾਠ ਪੇਸ਼ ਕਰਕੇ ਆਸ ਕਰਦਾ ਹਾਂ ਕਿ ਪਾਠਕਾਂ ਤੋਂ ਮੋੜਵਾਂ-ਪਾਠ ਪ੍ਰਾਪਤ ਹੋਵੇਗਾ।

ਰਾਜਿੰਦਰਪਾਲ ਸਿੰਘ (ਡਾ:)
ਪੰਜਾਬੀ ਯੂਨੀਵਰਸਿਟੀ, ਪਟਿਆਲਾ

www.PunjabiLibrary.com

ਤਤਕਰਾ

	ਮੁਖ-ਬੰਧ	3
	ਭੂਮਿਕਾ	5
1.	ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਤੇ ਪੁਨਰ-ਵਿਚਾਰ	9
2.	ਨਕਸਲਵਾਦੀ ਕਾਵਿ-ਲਹਿਰ ਤੇ ਪੁਨਰ-ਵਿਚਾਰ	33
3.	ਬਾਵਾ ਬਲਵੰਤ ਇੱਕ ਮੁਲਾਂਕਣ	42
4.	ਪੰਜਾਬੀ ਕਵਿਤਾ ਦਾ ਕਾਵਿ-ਸ਼ਾਸਤਰ ਅਤੇ ਪਾਸ਼	52
5.	ਪਾਤਰ ਦੀ ਕਾਵਿ ਯਾਤਰਾ	63
6.	ਮਨਜੀਤ ਟਿਵਾਣਾ : ਉਣੀਂਦੇ ਵਰਤਮਾਨ ਦੀ ਗਾਥਾ	89

www.PunjabiLibrary.com

1. ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਤੇ ਪੁਨਰ ਵਿਚਾਰ

ਸੰਸਾਰ ਦੀ ਤੀਜੀ ਦੁਨੀਆਂ ਦੇ ਦੇਸ਼, ਜਿਨ੍ਹਾਂ ਨੇ ਸਾਮਰਾਜ ਦੀ ਗ਼ੁਲਾਮੀ ਝੱਲੀ ਹੈ, ਉਹ ਆਜ਼ਾਦ ਹੋ ਜਾਣ ਤੇ ਵੀ ਇਤਿਹਾਸ ਦੇ ਗ੍ਰਹਿਣੇ ਕਾਲ ਤੋਂ ਛੇਤੀ ਮੁਕਤ ਨਹੀਂ ਹੋ ਸਕਦੇ। ਕਿਉਂਕਿ ਉਹ ਇਕ ਪਾਸੇ ਤਾਂ ਅੰਤਰਰਾਸ਼ਟਰੀ ਆਰਥਿਕ ਪ੍ਰਬੰਧ ਦੇ ਤਾਣੇ ਪੇਟੇ ਵਿਚ ਉਲਝੇ ਹਮੇਸ਼ਾਂ ਘਾਟੇ ਦੀਆਂ ਸ਼ਰਤਾਂ ਪ੍ਰਵਾਨ ਕਰਨ ਲਈ ਮਜਬੂਰ ਹੁੰਦੇ ਹਨ, ਦੂਜੇ ਪਾਸੇ ਉਹ ਸਾਮਰਾਜੀ ਗਿਆਨ ਸ਼ਾਸਤਰ ਦੇ ਜ਼ਿਹਨੀ ਗ਼ੁਲਾਮ ਹੋ ਜਾਂਦੇ ਹਨ। ਇਸੇ ਕਾਰਨ ਸਾਮਰਾਜ ਅਧੀਨ ਰਹੇ ਤੀਜੀ ਦੁਨੀਆਂ ਦੇ ਮੁਲਕਾਂ ਦੇ ਸਾਮਾਜਿਕ ਯਥਾਰਥ ਦਾ ਸਾਰ ਅਤੇ ਸੁਭਾਅ ਵਿਲੱਖਣ ਰੂਪ ਵਿਚ ਗੁੰਝਲਦਾਰ ਹੁੰਦਾ ਹੈ, ਉਸ ਨੂੰ ਸਮਝਣ ਲਈ ਮਨੁੱਖੀ ਸਮਾਜ ਨੂੰ ਸਮਝਣ ਦੇ ਆਮ ਸੂਤਰ ਕੰਮ ਨਹੀਂ ਕਰਦੇ, ਉਸ ਨੂੰ ਠੀਕ ਢੰਗ ਨਾਲ ਸਮਝਣ ਲਈ ਵਿਸ਼ੇਸ਼ ਧਿਆਨ ਦੀ ਲੋੜ ਪੈਂਦੀ ਹੈ। ਸਾਮਰਾਜੀ ਗਿਆਨ-ਸ਼ਾਸਤਰ ਵਿਚ ਸਭ ਕੁਝ ਤੱਜਣਯੋਗ ਨਹੀਂ ਹੈ, ਸਗੋਂ ਬਹੁਤ ਕੁਝ ਅਪਣਾਉਣ ਯੋਗ ਹੈ। ਪਰ ਇਸ ਦਾ ਜ਼ੋਰ ਆਮ ਧਾਰਨਾ ਪੇਸ਼ ਕਰਨ ਵੱਲ ਹੁੰਦਾ ਹੈ, ਤਾਂ ਜੋ ਸਮੁੱਚੇ ਸੰਸਾਰ ਦੇ ਸਾਮਾਜਿਕ ਯਥਾਰਥ ਦੀ ਵਿਆਖਿਆ ਕੀਤੀ ਜਾ ਸਕੇ। ਇਹ ਭਿੰਨਤਾ ਨੂੰ ਭੁੱਲਣ ਦੀ ਰੁਚੀ ਰੱਖਦਾ ਹੈ। ਇਸੇ ਕਾਰਨ ਇਸ ਦੇ ਸਿੱਟੇ ਸਦਾ ਸਹੀ ਨਹੀਂ ਹੁੰਦੇ, ਸਗੋਂ ਕਈ ਵਾਰੀ ਭ੍ਰਾਂਤੀ ਪੈਦਾ ਕਰਦੇ ਹਨ।

ਮਨੁੱਖੀ ਇਤਿਹਾਸ ਦੇ ਆਰੰਭਿਕ ਪੜਾਵਾਂ ਵਿਚ ਵੱਖ-ਵੱਖ ਭੂਗੋਲਿਕ ਖਿਤਿਆਂ ਅੰਦਰ ਵੱਸਦੀਆਂ ਕੌਮਾਂ ਦੇ ਸੁਤੰਤਰ ਸਮਾਜ ਸਨ, ਜੋ ਆਪਣੇ ਸਹਿਜ ਵਿਕਾਸ ਦੀ ਚਾਲ ਚੱਲ ਰਹੇ ਸਨ। ਮਨੁੱਖ ਆਪਣੇ ਜੀਵਨ ਨਿਰਬਾਹ ਲਈ ਪੈਦਾਵਾਰ ਕਰਨ ਵਾਸਤੇ ਕੁਦਰਤ ਉੱਪਰ ਕਿਰਿਆ ਕਰ ਕੇ ਆਪਣੀ ਪੈਦਾਵਾਰੀ ਤਕਨੀਕ ਸੁਧਾਰਦਾ ਰਿਹਾ ਹੈ। ਪੈਦਾਵਾਰੀ ਤਕਨੀਕ ਬਦਲਣ ਨਾਲ ਪੈਦਾਵਾਰੀ ਸ਼ਕਤੀਆਂ ਬਦਲ ਜਾਂਦੀਆਂ ਹਨ, ਜਿਸ ਦੇ ਫਲਸਰੂਪ ਸਮੁੱਚੇ ਸਮਾਜ ਦੀ ਸੰਰਚਨਾ ਬਦਲਦੀ ਰਹਿੰਦੀ ਹੈ। ਇਸੇ ਤਕਨੀਕ ਬਦਲਣ ਦੇ ਸਮਾਨੰਤਰ ਗਿਆਨ-ਸ਼ਾਸਤਰ ਤਬਦੀਲ ਹੁੰਦਾ ਰਹਿੰਦਾ ਹੈ, ਕਿਉਂਕਿ ਪੈਦਾਵਾਰੀ ਤਕਨੀਕ ਅਤੇ ਮਨੁੱਖੀ ਬੋਧ ਦਵੰਦਆਤਮਿਕ ਰੂਪ ਵਿਚ ਜੁੜੇ ਹੋਏ ਹਨ। ਮਨੁੱਖੀ ਇਤਿਹਾਸ ਵਿਚ ਅਕਸਰ ਹੀ ਇਹ ਹੁੰਦਾ ਆਇਆ ਹੈ ਕਿ ਕੌਮਾਂ ਇਕ ਦੂਜੀ ਨੂੰ ਜਿੱਤਦੀਆਂ ਰਹੀਆਂ, ਜਿਸ ਨਾਲ ਪੈਦਾਵਾਰੀ ਤਕਨੀਕ ਅਤੇ ਗਿਆਨ-ਸ਼ਾਸਤਰ ਦਾ ਆਦਾਨ-ਪ੍ਰਦਾਨ ਹੁੰਦਾ ਰਿਹਾ, ਮਨੁੱਖੀ ਇਤਿਹਾਸ ਤੇ ਇਸ ਵਟਾਂਦਰੇ ਦਾ ਹਮੇਸ਼ਾ ਹਾਂ-ਪੱਖੀ ਪ੍ਰਭਾਵ ਪਿਆ ਸੀ। ਪਰ ਪੱਛਮ ਵਿਚ ਪਿਛਲੀਆਂ ਸਦੀਆਂ ਵਿਚ ਖਾਸ ਕਰ ਕੇ ਬਰਤਾਨੀਆਂ ਅੰਦਰ ਬਿਲਕੁਲ ਨਵੀਆਂ ਪੈਦਾਵਾਰੀ ਤਕਨੀਕਾਂ ਵਿਕਸਿਤ ਹੋਈਆਂ ਜਿਨ੍ਹਾਂ ਨੇ ਉਥੋਂ ਦੇ ਸਮਾਜ ਵਿਚ ਬੜੀ ਤੇਜ਼ੀ ਨਾਲ ਤਬਦੀਲੀ ਲਿਆਂਦੀ। ਉਨ੍ਹਾਂ ਨੇ ਆਪਣੀਆਂ ਨਵੀਆਂ ਲੋੜਾਂ ਅਨੁਸਾਰ ਆਪਣੇ ਗਿਆਨ-ਸ਼ਾਸਤਰ ਨੂੰ

www.PunjabiLibrary.com

ਸਿਰਜਿਆ। ਇਨ੍ਹਾਂ ਧਨੀ ਦੇਸ਼ਾਂ ਨੇ ਤੀਜੀ ਦੁਨੀਆਂ ਦੇ ਮਨੁੱਖੀ ਇਤਿਹਾਸ ਤੇ ਬਿਲਕੁਲ ਵਿਲੱਖਣ ਅਸਰ ਪਾਇਆ।

ਜੇ ਕਿਸੇ ਸਮਾਜ ਦਾ ਵਿਕਾਸ ਕੁਦਰਤੀ ਢੰਗ ਨਾਲ ਸੁਤੰਤਰ ਰੂਪ ਵਿਚ ਹੋਵੇ ਤਾਂ ਕੁਦਰਤ ਅਤੇ ਮਨੁੱਖ ਦੀ ਦੁਵੰਦਆਤਮਿਕ ਕਿਰਿਆ ਵਿਚੋਂ ਪੈਦਾਵਾਰੀ ਤਕਨੀਕ ਉਸਰਿਆ ਕਰਦੀ ਹੈ। ਇਸ ਪੈਦਾਵਾਰੀ ਤਕਨੀਕ ਦੇ ਬਦਲਣ ਨਾਲ ਪੈਦਾਵਾਰੀ ਸ਼ਕਤੀਆਂ ਦਾ ਸੰਤੁਲਨ ਬਦਲਦਾ ਹੈ, ਜਿਸ ਨਾਲ ਅੱਗੋਂ ਸਮਾਜਿਕ ਸੰਰਚਨਾ ਬਦਲਦੀ ਰਹਿੰਦੀ ਹੈ। ਨਾਲੋ-ਨਾਲ ਸੋਚ/ਚੇਤਨਾ ਵੀ ਬਦਲਦੀ ਰਹਿੰਦੀ ਹੈ ਅਤੇ ਆਪਣਾ ਗਿਆਨ-ਸ਼ਾਸਤਰ ਸਿਰਜਦੀ ਰਹਿੰਦੀ ਹੈ। ਪਰ ਬਸਤੀਵਾਦੀ ਗ਼ੁਲਾਮੀ ਦੇ ਸ਼ਿਕਾਰ ਦੇਸ਼ਾਂ ਦੀ ਪੈਦਾਵਾਰੀ ਤਕਨੀਕ ਅਤੇ ਗਿਆਨ-ਸ਼ਾਸਤਰ ਦਾ ਵਿਕਾਸ ਇਕ ਦੂਜੇ ਦੇ ਪੂਰਕ ਅਤੇ ਸਹਿਜ ਹੋਣ ਦੀ ਥਾਂ ਉਗੜਾ-ਦੁਗੜਾ ਅਤੇ ਬੇਤਰਤੀਬਾ ਹੁੰਦਾ ਹੈ। ਬਸਤੀਵਾਦੀ ਦੇਸ਼ਾਂ ਵਿਚ ਉਥੋਂ ਦੇ ਲੋਕਾਂ ਦੀ ਦੇਸੀ ਪੈਦਾਵਾਰੀ ਤਕਨੀਕ ਨੂੰ ਖ਼ਤਮ ਕਰ ਕੇ, ਉਸ ਦੀ ਥਾਂ ਵਿਦੇਸ਼ੀ ਉੱਨਤ ਪੈਦਾਵਾਰੀ ਤਕਨੀਕ ਲਿਆਂਦੀ ਜਾਂਦੀ ਹੈ, ਇਵੇਂ ਹੀ ਉਥੋਂ ਦੀ ਗਿਆਨ-ਸ਼ਾਸਤਰੀ ਪਰੰਪਰਾ ਨੂੰ ਘਟੀਆ ਸਮਝ ਕੇ ਨਿਕਾਰਿਆ ਜਾਂਦਾ ਹੈ। ਇਸ ਦੇ ਸਿੱਟੇ ਵਜੋਂ ਉਥੋਂ ਦੇ ਵਸਨੀਕਾਂ ਵਿਚ ਹੀਣ-ਭਾਵਨਾ ਪੈਦਾ ਹੁੰਦੀ ਹੈ, ਉਹ ਤਕਨੀਕ ਵਾਂਗ ਹੀ ਸਾਮਰਾਜੀ ਗਿਆਨ-ਸ਼ਾਸਤਰ ਨੂੰ ਅਪਨਾਉਣ ਵੱਲ ਰੁੱਚਿਤ ਹੁੰਦੇ ਹਨ।

ਅੰਗਰੇਜ਼ਾਂ ਦੇ ਭਾਰਤ ਆਉਣ ਤੋਂ ਪਹਿਲਾਂ ਭਾਰਤ ਕੋਲ ਆਪਣਾ ਗਿਆਨ-ਸ਼ਾਸਤਰ ਸੀ, ਜੋ ਸਮਾਜ ਨੂੰ ਸੰਚਾਲਕ ਕਰਨ ਵਾਲੇ ਨਿਯਮਾਂ ਦਾ ਵਿਸ਼ਲੇਸ਼ਣ ਕਰਦਾ ਸੀ। ਇਹ ਗਿਆਨ-ਸ਼ਾਸਤਰ ਸਾਡੀ ਆਪਣੀ ਭੂਗੋਲਿਕ ਸਥਿਤੀ ਅਤੇ ਪੈਦਾਵਾਰੀ ਤਕਨੀਕ ਤੇ ਉਸਰਿਆ ਸੀ। ਪੱਛਮ ਨੇ ਤਕਨੀਕ ਦੇ ਵਿਕਾਸ ਨਾਲ ਬਦਲ ਰਹੇ ਮਨੁੱਖੀ ਮਨ ਦੇ ਅਨੁਸਾਰ ਆਪਣੇ ਗਿਆਨ-ਸ਼ਾਸਤਰ ਨੂੰ ਨਵੀਨਤਾ ਦਾ ਹਾਣੀ ਬਣਾਇਆ ਸੀ। ਉਨ੍ਹਾਂ ਨੇ ਆਪਣੇ ਸਮਾਜ ਦੇ ਵਿਕਾਸ ਨਾਲ ਸਮਾਜਿਕ ਵਿਕਾਸ ਦੇ ਨਿਯਮ ਘੜੇ ਅਤੇ ਇਸੇ ਪ੍ਰਕਾਰ ਨਵੇਂ ਸਮਾਜ ਦੇ ਉਪਯੋਗੀ ਝੁਕਾਵਾਂ ਨੂੰ ਦਾਰਸ਼ਨਿਕ ਪਿੱਠਭੂਮੀ ਵਿਚ ਤਾਰਕਿਕ ਆਧਾਰ ਪ੍ਰਦਾਨ ਕੀਤੇ ਸਨ। ਸਾਮਰਾਜੀ ਮੁਲਕਾਂ ਨੇ ਆਪਣੀਆਂ ਬਸਤੀਆਂ ਬਣੇ ਦੇਸ਼ਾਂ ਵਿਚ ਆਪਣੀ ਤਕਨੀਕ ਅਤੇ ਗਿਆਨ-ਸ਼ਾਸਤਰ ਦੋਹਾਂ ਨੂੰ ਧਕੇਲ ਦਿੱਤਾ। ਇਸ ਵਿਦੇਸ਼ੀ ਗਿਆਨ-ਸ਼ਾਸਤਰ ਨਾਲ ਕੱਢੇ ਗਏ, ਕਈ ਸਿੱਟੇ ਸਾਡੀਆਂ ਮੌਜੂਦਾ ਸਭਿਆਚਾਰਕ ਸਿਰਜਨਾਵਾਂ ਨੂੰ ਸਮਝਣ ਵਿਚ ਅਸਫਲ ਸਿੱਧ ਹੁੰਦੇ ਹਨ। ਪੱਛਮ ਤੋਂ ਉਧਾਰੇ ਲਏ ਗਿਆਨ-ਸ਼ਾਸਤਰ ਦੇ ਅਸਫਲ ਰਹਿਣ ਦੇ ਕਈ ਕਾਰਣ ਹਨ। ਪੈਦਾਵਾਰੀ ਤਕਨੀਕ ਦਾ ਆਦਾਨ-ਪ੍ਰਦਾਨ ਗਿਆਨ-ਸ਼ਾਸਤਰ ਦੇ ਮੁਕਾਬਲੇ ਸੌਖਾ ਹੁੰਦਾ ਹੈ ਕਿਉਂਕਿ ਤਕਨੀਕ ਦਾ ਸੰਬੰਧ ਭੌਤਿਕ ਹਾਲਤਾਂ ਨਾਲ ਹੋਣ ਕਰਕੇ ਸਮੁੱਚੀ ਧਰਤੀ ਤੇ ਭੌਤਿਕ ਹਾਲਤਾਂ ਦੀ ਇਕਸਾਰਤਾ ਹੈ। ਭੂਗੋਲਿਕ ਖਿੱਤਿਆਂ ਕਾਰਨ ਭੌਤਿਕ ਹਾਲਤਾਂ ਵਿਚ ਜੋ ਵਿਭਿੰਨਤਾ ਹੁੰਦੀ ਹੈ, ਉਸ ਕਾਰਨ ਤਕਨੀਕ ਦੇ ਨਵੇਂ ਥਾਂ ਪੂਰੀ ਨਾ ਉਤਰਣ ਤੇ, ਤਕਨੀਕ ਨੂੰ ਰੱਦਣਾ ਜਾਂ ਰੱਦੋਬਦਲ ਕਰ ਕੇ ਵਰਤਣਾ ਸੌਖਾ ਹੁੰਦਾ ਹੈ, ਕਿਉਂਕਿ ਤਕਨੀਕ ਵਿਵਹਾਰਕ ਪੱਧਰ ਤੇ ਸਫ਼ਲ ਨਾ ਹੋਵੇ ਤਾਂ ਉਸ ਦਾ ਸਿੱਟਾ ਸਪੱਸ਼ਟ ਰੂਪ ਵਿਚ ਸਾਹਮਣੇ ਹੁੰਦਾ ਹੈ।

ਪੈਦਾਵਾਰੀ ਤਕਨੀਕ ਜਿੰਨੀ ਛੇਤੀ ਬਦਲ ਜਾਂਦੀ ਹੈ, ਗਿਆਨ-ਸ਼ਾਸਤਰੀ ਪਰਿਪੇਖ ਓਨੀ ਤੇਜ਼ੀ ਨਾਲ ਨਹੀਂ ਬਦਲਦਾ। ਇਸੇ ਨੂੰ 'ਸਭਿਆਚਾਰਕ ਪਛੜੇਵਾਂ' ਕਿਹਾ ਜਾਂਦਾ ਹੈ। ਜਿਵੇਂ ਅਸੀਂ ਨਵੀਂ ਪੈਦਾਵਾਰੀ ਤਕਨੀਕ ਦੇ ਵਿਕਸਿਤ ਹੋ ਜਾਣ ਨਾਲ ਪੁਰਾਣੀ ਤਕਨੀਕ ਨੂੰ ਭੁੱਲ ਜਾਂ

www.PunjabiLibrary.com

ਛੱਡ ਦਿੰਦੇ ਹਾਂ, ਉਵੇਂ ਹੀ ਗਿਆਨ-ਸ਼ਾਸਤਰ ਅਤੇ ਸਭਿਆਚਾਰ ਨੂੰ ਛੱਡਣਾ ਅਸੰਭਵ ਹੁੰਦਾ ਹੈ। ਕੱਤਣ ਦੀ ਆਧੁਨਿਕ ਤਕਨਾਲੋਜੀ ਵਿਕਸਿਤ ਹੋ ਜਾਣ ਨਾਲ 'ਚਰਖਾ' ਛੱਡ ਦਿੱਤਾ ਪਰ ਸੂਫੀ ਕਾਵਿ ਵਿਚਲੇ 'ਚਰਖੇ' ਨੂੰ ਵਿਰਸੇ ਵਜੋਂ ਛੱਡ ਦੇਣਾ ਅਸੰਭਵ ਹੈ। ਇਥੇ ਮਸਲਾ ਦੋ-ਧਾਰੀ ਹੈ, ਇਕ ਪਾਸੇ ਤਾਂ ਕਿਸੇ ਵੀ ਸਭਿਆਚਾਰਕ ਖਿੱਤੇ ਦੇ ਲੋਕ ਨਵੀਂ ਤਕਨੀਕ ਵਿਕਸਿਤ ਕਰ ਲੈਣ, ਉਸੇ ਦੇ ਅਨੁਰੂਪੀ ਨਵੇਂ ਸਭਿਆਚਾਰ ਨੂੰ ਸਿਰਜ ਲੈਣ, ਪਰ ਉਨ੍ਹਾਂ ਦੇ ਸਭਿਆਚਾਰ ਦਾ ਇਤਿਹਾਸਕ ਵਿਰਸਾ ਉਨ੍ਹਾਂ ਦੇ ਜਾਤੀ ਅਵਚੇਤੰਨ ਦਾ ਅੰਗ ਬਣਿਆ ਰਹਿੰਦਾ ਹੈ। ਪੱਛਮ ਵਿਚ ਭਾਵੇਂ ਨਵੀਆਂ ਤਕਨੀਕਾਂ ਨੇ ਨਵੇਂ ਸਭਿਆਚਾਰ ਨੇ ਸਿਰਜ ਦਿਤਾ ਹੈ, ਪਰ ਫੇਰ ਵੀ ਉਨ੍ਹਾਂ ਕੋਲ ਪੁਰਾਣੀਆਂ ਤਕਨੀਕਾਂ ਦੇ ਉਪਜਾਏ ਸਭਿਆਚਾਰ ਦੇ ਅਵਸ਼ੇਸ਼ ਬਾਕੀ ਹਨ। ਇਸੇ ਪ੍ਰਕਾਰ ਅਸੀਂ ਭਾਵੇਂ ਨਵੀਆਂ ਤਕਨੀਕਾਂ ਨੂੰ ਅਪਨਾ ਰਹੇ ਹਾਂ, ਸਾਡਾ ਸਭਿਆਚਾਰ ਬਦਲ ਰਿਹਾ ਹੈ। ਪਰ ਮੱਧਕਾਲੀ ਪੈਦਾਵਾਰੀ ਤਕਨੀਕ ਦੇ ਉਪਜਾਏ ਸਭਿਆਚਾਰਕ ਮੁੱਲ ਅੱਜ ਵੀ ਸਾਡੇ ਜਾਤੀ ਅਵਚੇਤੰਨ ਦਾ ਅੰਗ ਹਨ। ਇਹ ਦੁਵੰਦ ਤਾਂ ਇਕੋ ਸਭਿਆਚਾਰਕ ਦੇ ਵਿਭਿੰਨ ਕਾਲਿਕ ਪਸਾਰਾਂ ਵਿਚਕਾਰ ਹੈ। ਦੂਜੇ ਪਾਸੇ ਅਸੀਂ ਨਵਾਂ ਗਿਆਨ-ਸ਼ਾਸਤਰ ਅਤੇ ਸਭਿਆਚਾਰ ਉਧਾਰਾ ਲੈ ਲਿਆ, ਪਰ ਅਸੀਂ ਪੁਰਾਣੇ ਨੂੰ ਛੱਡਿਆ ਕਿੱਥੇ ਹੈ। ਸਮੂਹ ਜਾਤੀ ਦਾ ਅਵਚੇਤੰਨ ਕੋਈ ਭਾਂਡਾ ਤਾਂ ਹੈ ਨਹੀਂ, ਬਈ ਲੋੜ ਪਈ ਤਾਂ ਮਰਜ਼ੀ ਨਾਲ ਖਾਲੀ ਕਰ ਲਿਆ, ਨਵਾਂ ਕੁਝ ਭਰ ਲਿਆ। ਪਰ ਇਹ ਯਤਨ ਕੀਤਾ ਗਿਆ ਜਿਸ ਨਾਲੋਂ ਗੁੰਝਲਦਾਰ ਬਹੁਪਰਤੀ ਸਮਾਜਿਕ ਯਥਾਰਥ ਦਾ ਉਦੈ ਹੋਇਆ। ਪੱਛਮੀ ਗਿਆਨ-ਸ਼ਾਸਤਰ, ਪੱਛਮ ਵਿਚ ਕਿਸੇ ਤਕਨੀਕ ਦੇ ਨਿਕਲਣ, ਵਿਵਹਾਰ ਵਿਚ ਪਰਖਣ, ਜ਼ਿੰਦਗੀ ਨੂੰ ਪ੍ਰਭਾਵਤ ਕਰਨਾ ਤੋਂ ਬਾਅਦ, ਜ਼ਿੰਦਗੀ ਵਿਚ ਰਚ ਜਾਣ ਤੇ ਅਮਲ ਤੋਂ ਪ੍ਰਭਾਵਿਤ ਹੁੰਦੀ ਹੈ। ਉਥੇ ਇਹ ਪ੍ਰਕ੍ਰਿਅ ਹੌਲੀ-ਹੌਲੀ ਅਤੇ ਸਹਿਜ ਵਪਾਰੀ ਸੀ। ਪਰ ਸਾਡੇ ਕੋਲ ਨਵੀਂ ਤਕਨੀਕ, ਸਾਮਰਾਜੀ ਕਬਜ਼ੇ ਤੋਂ ਬਾਅਦ ਇਕਦਮ ਇਕੱਠੀ ਆ ਗਈ, ਜਿਸ ਨਾਲ ਸਾਡੀ ਜ਼ਿੰਦਗੀ ਅਤੇ ਸਭਿਆਚਾਰਕ ਦੇ ਗਿਆਨ-ਸ਼ਾਸਤਰੀ ਪਰਿਪੇਖ ਵਿਚ ਵਿੱਥ ਪੈ ਗਈ, ਇਸੇ ਵਿੱਥ ਨੇ ਵੱਧ ਕੇ ਸਾਡੀ ਮਨੋਸੰਰਚਨਾ ਨੂੰ ਦੋਫਾੜ ਕਰ ਕੇ ਸਾਡੀ ਬੌਧਿਕ ਚੇਤਨਾ ਨੂੰ ਸੀਜ਼ੋਫ਼ਰੇਨਿਕ ਬਣਾ ਦਿੱਤਾ। ਪੱਛਮੀ ਗਿਆਨ-ਸ਼ਾਸਤਰ ਉਨ੍ਹਾਂ ਦੇ ਸਮਾਜ ਦੇ ਵਿਸ਼ਲੇਸ਼ਣ ਲਈ, ਉਸ ਸਮਾਜ ਦੇ ਅਨੁਸਾਰੀ ਅਤੇ ਸਭ ਤੋਂ ਵਧੇਰੇ ਠੀਕ ਉਨ੍ਹਾਂ ਦੀਆਂ ਰਾਜਸੀ ਇੱਛਾਵਾਂ ਦਾ ਪੂਰਕ ਸੀ। ਅਸੀਂ ਗਿਆਨ-ਸ਼ਾਸਤਰ ਨੂੰ ਉਧਾਰ ਲੈਂਦੇ ਹਾਂ ਤਾਂ ਸਿੱਟੇ ਗਲਤ ਨਿਕਲਦੇ ਹਨ, ਕਿਉਂਕਿ ਸਾਡਾ ਸਮਾਜਿਕ ਯਥਾਰਥ ਦਾ ਰੂਪ ਹੀ ਉਨ੍ਹਾਂ ਤੋਂ ਵੱਖਰਾ ਨਹੀਂ, ਸਗੋਂ ਉਨ੍ਹਾਂ ਦੇ ਕਬਜ਼ੇ ਅਧੀਨ ਰਹਿਣ ਅਤੇ ਆਦਾਨ-ਪ੍ਰਦਾਨ ਤੋਂ ਬਾਅਦ ਇਸ ਦਾ ਸਾਰ ਅਤੇ ਸੁਭਾਅ ਬਿਲਕੁਲ ਹੀ ਵੱਖਰਾ ਹੋ ਗਿਆ ਹੈ। ਇਸ ਨੂੰ ਸਮਝਣ ਲਈ ਸਾਮਰਾਜੀ ਗਿਆਨ-ਸ਼ਾਸਤਰ ਅਤੇ ਪਰੰਪਰਿਕ ਭਾਰਤੀ ਗਿਆਨ-ਸ਼ਾਸਤਰ ਅਪ੍ਰਸੰਗਿਕ ਹੋਵੇਗਾ। ਇਸ ਲਈ ਤਾਂ ਸਾਡੇ ਆਪਣੇ ਮੁਲਕ ਦੀਆਂ ਹੁਣ ਦੀਆਂ ਹਾਲਤਾਂ ਦਾ ਨਿਰੀਖਣ ਕਰ ਕੇ, ਖਾਸ ਤੌਰ ਤੇ ਆਪਣਾ 'ਗਿਆਨ-ਸ਼ਾਸਤਰ' ਸੂਤਰਬੱਧ ਕਰਨਾ ਪਵੇਗਾ, ਕਿਉਂਕਿ ਸਾਡਾ ਵਿਲੱਖਣ ਸਮਾਜਿਕ ਯਥਾਰਥ ਅਵਚੇਤੰਨ ਪੱਧਰ ਤੇ ਇਸ ਦੀ ਸਿਰਜਣਾ ਕਰ ਹੀ ਰਿਹਾ ਹੈ। ਵਿਧੀ ਦੀ ਤਲਾਸ਼ ਵਿਚ ਸਾਮਰਾਜੀ ਗਿਆਨ-ਸ਼ਾਸਤਰ ਅਤੇ ਪਰੰਪਰਿਕ ਭਾਰਤੀ ਗਿਆਨ-ਸ਼ਾਸਤਰ ਤੋਂ ਸਹਾਇਤਾ ਲਈ ਜਾ ਸਕਦੀ ਹੈ, ਪਰ ਇਸ ਨੂੰ ਆਪਣੇ ਵਿਲੱਖਣ ਸਾਰ ਅਤੇ ਸੁਭਾਅ ਅਨੁਸਾਰ ਆਪਣਾ ਰੂਪ ਪਛਾਣਨਾ ਪਵੇਗਾ, ਉਸ ਦੇ ਨਿਯਮ ਲੱਭਣੇ ਪੈਣਗੇ, ਉਨ੍ਹਾਂ ਨਿਯਮਾਂ ਨੂੰ ਸੰਸਾਰ ਦੇ ਹੋਰ ਖਿੱਤਿਆਂ ਦੇ ਗਿਆਨ-ਸ਼ਾਸਤਰੀ ਪਰਿਪੇਖ ਵਿਚ

www.PunjabiLibrary.com

ਵਿਚਾਰਦਿਆਂ ਸੂਤ੍ਰਬੱਧ ਕਰਨਾ ਪਵੇਗਾ। ਇਥੇ ਇਹ ਹੋਰ ਆਮ ਭੁਲੇਖਾ ਪਾਊ ਧਾਰਨਾ ਤੋਂ ਬਚਣ ਦੀ ਲੋੜ ਹੈ, ਆਧੁਨਿਕ ਸਮੇਂ ਵਿਚ ਤਕਨੀਕ ਦੀ ਉੱਨਤੀ ਨੇ ਸਮੁੱਚੀ ਧਰਤੀ ਨੂੰ ਇਕ ਜੁੱਟ ਕਰ ਦਿੱਤਾ ਹੈ, ਇਸ ਕਾਰਨ ਮਨੁੱਖੀ ਸਿਰਜਨਾਵਾਂ ਵਿਚ ਸਮਾਨਤਾਵਾਂ ਲੱਭ ਕੇ ਸਾਧਾਰਣ ਨਿਯਮਾਂ ਦੀ ਤਲਾਸ਼ ਵੱਲ ਵੱਧ ਜ਼ੋਰ ਦਿੱਤਾ ਜਾਂਦਾ ਹੈ। ਅਜਿਹਾ ਗੁਰਮੰਤਰ (ਮਾਡਲ) ਕਲਪਿਆ ਜਾਂਦਾ ਹੈ ਜੋ ਸਾਰੀਆਂ ਗੁੰਝਲਾਂ ਦਾ ਹੱਲ ਹੋਵੇ। ਅਸਲ ਵਿਚ ਇਹ ਮਨੋਬਿਰਤੀ ਧਰਤੀ ਨੂੰ ਇਕ ਇਕਾਈ ਵਜੋਂ ਸਮਝਣ ਦੀ ਰੁਚੀ ਦਾ ਪ੍ਰਤੀਫਲ ਹੈ। ਇਸ ਵਿਚ ਸਾਮਰਾਜੀ ਗਿਆਨ-ਸ਼ਾਸਤਰ ਦਾ ਵੀ ਹੱਥ ਹੈ, ਜੋ ਆਪਣੇ ਆਪ ਨੂੰ ਵਿਸ਼ਵ ਗਿਆਨ-ਸ਼ਾਸਤਰ ਵਜੋਂ ਪ੍ਰਵਾਨ ਕਰਾਉਣ ਦੇ ਆਹਰ ਵਿਚ ਹੈ। ਅੱਜ ਜਦੋਂ ਸਟਾਰ ਯੁੱਧ ਤੋਂ ਬਾਅਦ ਸੰਸਾਰ ਯੁੱਧ ਦੀਆਂ ਗੱਲਾਂ ਹੋ ਰਹੀਆਂ ਹਨ ਤਾਂ ਇਸ ਗਿਆਨ-ਸ਼ਾਸਤਰ ਦੀਆਂ ਰਾਜਸੀ ਸੰਭਾਵਨਾਵਾਂ ਇੰਨੀਆਂ ਅਸਰ ਪਾਊ ਹਨ, ਇਹ ਕੋਈ ਲੁਕੀ ਛਿਪੀ ਗੱਲ ਨਹੀਂ ਹੈ। ਸੋ ਸਾਰੀਆਂ ਸਮਾਨਤਾਵਾਂ ਦੇ ਬਾਵਜੂਦ ਅਜੇ ਵੀ ਕਈ ਬੁਨਿਆਦੀ ਕਿਸਮ ਦੀਆਂ ਵਿਭਿੰਨਤਾਵਾਂ ਮੌਜੂਦ ਹਨ। ਉਨ੍ਹਾਂ ਵਿਭਿੰਨਤਾਵਾਂ ਵੱਲ ਧਿਆਨ ਨਾ ਦੇਣਾ, ਬਹੁਤ ਵੱਡੀ ਭੁੱਲ ਹੈ। ਇਹੀ ਭੁੱਲ ਸਾਡੀ ਮੌਜੂਦਾ ਬੌਧਿਕ ਕੰਗਾਲੀ ਦਾ ਮੂਲ ਕਾਰਨ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਸਮਾਜਿਕ ਯਥਾਰਥ ਦੇ ਸਾਰ ਅਤੇ ਸੁਭਾਅ ਨੂੰ ਸਮਝ ਕੇ ਇਸ ਦੇ ਰੂਪ ਦੀ ਬਾਹਰੀ ਦਿੱਖ 'ਤੇ ਸਥਿਰ ਰਹਿਣ ਦੀ ਥਾਂ ਗਹਿਨ ਸੰਰਚਨਾ ਵਿਚ ਕੰਮ ਕਰਕੇ ਨਿਯਮਾਂ ਨੂੰ ਪਛਾਣੀਏ, ਇਸ ਦੀਆਂ ਵਿਲੱਖਣ ਵਿਭਿੰਨਤਾਵਾਂ ਨੂੰ ਉਜਾਗਰ ਕਰੀਏ ਅਤੇ ਇਸ ਦੇ ਨਾਲ ਹੀ ਸਮੁੱਚੇ ਸੰਸਾਰ ਅੰਦਰ ਭੂਗੋਲਿਕ ਖਿੱਤਿਆਂ, ਨਸਲਾਂ, ਧਰਮਾਂ, ਦੇਸ਼ਾਂ ਅੰਦਰ ਵਿਭਿੰਨਤਾਵਾਂ ਦੇ ਬਾਵਜੂਦ ਜੋ ਸਮਾਨਤਾਵਾਂ ਮਿਲਦੀਆਂ ਹਨ, ਉਨ੍ਹਾਂ ਸਮਾਨਤਾਵਾਂ ਦੇ ਆਧਾਰ ਤੇ ਵਿਸ਼ਵ-ਗਿਆਨ-ਸ਼ਾਸਤਰ ਨੂੰ ਸਿਰਜ ਕੇ, ਸਾਮਰਾਜੀ ਗਿਆਨ-ਸ਼ਾਸਤਰ ਨੂੰ ਜ਼ਿਹਨੀ ਦੇਸ਼ ਨਿਕਾਲਾ ਦੇਣ ਵੱਲ ਵਧੀਏ। ਪਰ ਇਸ ਕਾਰਜ ਵਿਚ ਸਾਡੀ ਪਹਿਲ ਸਾਡੀਆਂ ਉਨ੍ਹਾਂ ਵਿਲੱਖਣ ਵਿਭਿੰਨਤਾਵਾਂ ਵੱਲ ਹੋਣੀ ਚਾਹੀਦੀ ਹੈ, ਜਿਨ੍ਹਾਂ ਵਿਸ਼ੇਸ਼ਤਾਵਾਂ ਕਾਰਨ ਅਸੀਂ 'ਭਿੰਨ' ਹਾਂ।

ਉੱਪਰ ਵਰਣਿਤ ਗਿਆਨ-ਸ਼ਾਸਤਰੀ ਚਿੰਤਨ ਦੇ ਪਰਿਪੇਖ ਵਿਚ ਮਨੁੱਖ ਦੀਆਂ ਵਿਭਿੰਨ ਸਿਰਜਨਾਵਾਂ ਨੂੰ ਇਕ ਦੂਜੀ ਦੇ ਸੰਬੰਧਾਂ ਵਿਚ ਰੱਖ ਕੇ ਸਮੁੱਚੇ ਰੂਪ ਵਿਚ ਵਿਚਾਰਨ ਦੀ ਲੋੜ ਹੈ, ਪਰ ਹਾਲ ਦੀ ਘੜੀ ਆਧੁਨਿਕ ਪੰਜਾਬੀ ਕਵਿਤਾ ਦੇ ਆਰੰਭਿਕ ਇਤਿਹਾਸ ਤੇ ਪੁਨਰ-ਵਿਚਾਰ ਕੀਤੀ ਜਾ ਰਹੀ ਹੈ। ਆਧੁਨਿਕ ਪੰਜਾਬੀ ਕਵਿਤਾ ਨੂੰ ਅਧਿਐਨ ਅਧੀਨ ਲਿਆਉਣ ਦਾ ਕਾਰਨ ਇਹ ਹੈ ਕਿ ਮੱਧਕਾਲੀ ਸਾਹਿਤ ਰੂਪਾਂ ਵਿਚ ਕਵਿਤਾ ਹੀ ਇਕੋ-ਇਕ ਰੂਪ ਹੈ ਜੋ ਆਧੁਨਿਕ ਸਮੇਂ ਵਿਚ ਰੂਪਾਂਤਰ ਹੋ ਗਿਆ ਹੈ। ਇਸ ਰੂਪਾਂਤਰਕ ਪ੍ਰਕ੍ਰਿਆ ਦੇ ਅਧਿਐਨ ਨਾਲ ਸਾਹਿਤ ਦੇ ਕਈ ਬੁਨਿਆਦੀ ਮਸਲੇ ਸਮਝੇ ਜਾ ਸਕਦੇ ਹਨ। ਆਧੁਨਿਕ ਪੰਜਾਬੀ ਕਵਿਤਾ ਨੂੰ ਮੱਧਕਾਲੀ ਪੰਜਾਬੀ ਕਵਿਤਾ ਤੋਂ ਸਾਹਿਤ ਦਾ ਆਮ ਵਿਦਿਆਰਥੀ ਵੀ ਸਹਿਜਬੱਧ ਨਾਲ ਨਿਖੇੜ ਸਕਦਾ ਹੈ। ਪਰ ਇਹ ਨਿਖੇੜ ਭਿੰਨਤਾਮੂਲਕਾ ਲੱਛਣਾਂ ਤੇ ਅਧਾਰਿਤ ਹੈ, ਇਸ ਨੂੰ ਵਿਗਿਆਨਕ ਢੰਗ ਨਾਲ ਸੂਤਰਬੱਧ ਕਰਨਾ ਖਾਸਾ ਕਠਿਨ ਹੈ, ਕਿਉਂਕਿ ਆਧੁਨਿਕ ਪੰਜਾਬੀ ਕਵਿਤਾ ਦੇ ਸਾਰ ਤੇ ਸੁਭਾਅ ਨੂੰ ਸਮਝਣ ਲਈ, ਇਸ ਨੂੰ ਪੈਦਾ ਕਰਨ ਵਾਲੇ ਵਿਸ਼ੇਸ਼ ਸਮਾਜਿਕ ਯਥਾਰਥ ਦੀ ਜਾਣਕਾਰੀ ਲੋੜੀਂਦੀ ਹੈ। ਇਸ ਸਮੱਸਿਆ ਬਾਰੇ ਚੇਤੰਨ ਕਰਦਿਆਂ ਡਾ. ਰਵਿੰਦਰ ਸਿੰਘ ਰਵੀ ਲਿਖਦੇ ਹਨ—'ਵਿਕਾਸਸ਼ੀਲ ਦੇਸ਼ਾਂ ਦੀਆਂ ਵਿਸ਼ੇਸ਼ ਇਤਿਹਾਸਕ ਪ੍ਰਸਥਿਤੀਆਂ ਦੇ ਅੰਤਰਗਤ ਅਜੋਕੇ ਦੌਰ ਵਿਚ ਸਮਕਾਲੀਨ ਸਮਾਜਕ

www.PunjabiLibrary.com

ਯਥਾਰਥ ਦੇ ਅਜਿਹੇ ਅਤਿਅੰਤ ਜਟਿਲ ਅਤੇ ਬਹੁਪਰਤੀ ਸੁਭਾਅ ਦੀ ਸਿਰਜਨਾ ਕੀਤੀ ਗਈ, ਜਿਸ ਨੂੰ ਸਮਾਜਕ ਵਿਕਾਸ ਦੇ ਜਾਣੇ ਪਛਾਣੇ ਨਿਯਮਾਂ ਜਾਂ ਮਾਡਲਾਂ ਰਾਹੀਂ ਸਮਝਣਾ ਸੰਭਵ ਨਹੀਂ ।¹

ਕਿਸੇ ਵੀ ਸਮਾਜ ਦੀ ਸੰਰਚਨਾ ਬੁਨਿਆਦੀ ਤੌਰ ਤੇ ਪੈਦਾਵਾਰੀ ਤਕਨੀਕ ਤੋਂ ਉਤਪੰਨ ਪੈਦਾਵਾਰੀ ਸ਼ਕਤੀਆਂ ਦੇ ਆਪਸੀ ਸੰਤੁਲਨ ਨਾਲ ਜੁੜੀ ਹੁੰਦੀ ਹੈ । ਸਾਹਿਤ ਸਮਾਜ ਦੀ ਪੈਦਾਵਾਰ ਹੋਣ ਕਾਰਨ, ਪੈਦਾਵਾਰੀ ਤਕਨੀਕ ਦੇ ਵਿਕਾਸ ਨਾਲ ਬਦਲਦਾ ਹੈ, ਪਰ ਸਾਹਿਤ ਅਤੇ ਤਕਨੀਕ ਦਾ ਸੰਬੰਧ ਸਿੱਧਾ ਹੋਣ ਦੇ ਬਾਵਜੂਦ ਸਿੱਧ-ਪੱਧਰਾ ਨਹੀਂ ਹੁੰਦਾ, ਸਗੋਂ ਅਤਿ ਗੁੰਝਲਦਾਰ, ਬਹੁਪਰਤੀ ਅਤੇ ਜਟਿਲ ਰੂਪ ਵਿਚ ਉਸਰਿਆ ਹੁੰਦਾ ਹੈ, ਆਮ ਕਰਕੇ ਪੈਦਾਵਾਰੀ ਤਕਨੀਕ ਦਾ ਵਿਕਾਸ ਹੁੰਦਾ ਹੈ, ਜਿਸ ਦੇ ਫਲਸਰੂਪ ਮਨੁੱਖੀ ਸੋਚ ਅੰਦਰ ਪਰਿਵਰਤਨ ਆਉਂਦਾ ਹੈ, ਜੋ ਅੱਗੋਂ ਪੈਦਾਵਾਰੀ ਰਿਸ਼ਤਿਆਂ ਦੇ ਬਦਲੇ ਪਰਿਪੇਖ ਵਿਚ ਸਮਾਜ ਦੀ ਸੰਰਚਨਾ ਨੂੰ ਬਦਲ ਦਿੰਦੀ ਹੈ । ਇਸ ਸਾਰੀ ਤਬਦੀਲੀ ਦੇ ਅਨੁਪਾਤੀ ਰੂਪ ਵਿਚ ਸਾਹਿਤ ਅੰਦਰ ਵੀ ਪਰਿਵਰਤਨ ਆਉਂਦਾ ਹੈ । ਉੱਪਰ ਕਥਿਤ ਸੂਤਰ ਨੂੰ ਸਾਹਿਤ ਅਤੇ ਸਮਾਜ ਦੇ ਸੰਬੰਧਾਂ ਬਾਰੇ ਆਮ ਵਿਆਪਕ ਧਾਰਨਾ ਵਜੋਂ ਲਿਆ ਜਾ ਸਕਦਾ ਹੈ । ਪਰ ਪੰਜਾਬੀ ਸਾਹਿਤ ਦੀ ਸਥਿਤੀ ਇਸ ਪ੍ਰਸਤੁਤ ਸੂਤਰ ਤੋਂ ਕਾਫੀ ਭਿੰਨਤਾ ਰੱਖਦੀ ਹੈ, ਕਿਉਂਕਿ ਪੰਜਾਬੀ ਲੋਕਾਂ ਦੇ ਸਮਾਜ ਦੀ ਸੋਚ ਇਥੋਂ ਦੀ ਪੈਦਾਵਾਰੀ ਤਕਨੀਕ ਦੇ ਆਪਣੇ ਵਿਕਾਸ ਕਰ ਕੇ ਬਦਲਣ ਦੀ ਥਾਂ ਅੰਗਰੇਜ਼ ਸਾਮਰਾਜ ਦੇ ਬਹੁਪੱਖੀ ਪ੍ਰਭਾਵਾਂ ਦਾ ਪ੍ਰਤੀਫਲ ਸੀ । ਇਸ ਕਾਰਨ ਸਾਹਿਤ ਅਤੇ ਸਮਾਜ ਦਾ ਵਿਕਾਸ ਰੁੱਖ ਸਹਿਜ ਸੁਭਾਵਕ ਹੋਣ ਦੀ ਥਾਂ ਇਕ ਦਮ, ਉਗੜ-ਦੁਗੜਾ ਤੇ ਬੇਤਰਤੀਬਾ ਸੀ । ਇਸੇ ਕਾਰਨ ਆਧੁਨਿਕ ਪੰਜਾਬੀ ਕਵਿਤਾ ਦਾ ਅਧਿਐਨ ਵਿਸ਼ੇਸ਼ ਧਿਆਨ ਮੰਗਦਾ ਹੈ ।

ਪੰਜਾਬ ਵਿਚ ਅੰਗਰੇਜ਼ ਸਾਮਰਾਜ ਦੇ ਦਖ਼ਲ ਤੋਂ ਪਹਿਲਾਂ ਏਸ਼ੀਆ ਦੇ ਹੋਰ ਦੇਸ਼ਾਂ ਵਾਂਗ ਏਸ਼ਿਆਈ ਪੈਦਾਵਾਰੀ ਢੰਗ ਤੇ ਉਸਰਿਆ ਆਰਥਿਕ ਢਾਂਚਾ ਸੀ, ਜਿਸ ਅੰਦਰ ਪਿੰਡ ਇਕ ਖ਼ੁਦ-ਮੁਖ਼ਤਿਆਰ ਸੁਤੰਤਰ ਇਕਾਈ ਸੀ । ਪੰਜਾਬ ਵਿਚ ਸ਼ਹਿਰ ਤਾਂ ਨਾਂਹ ਮਾਤਰ ਹੀ ਸਨ ਅਤੇ ਜੋ ਸ਼ਹਿਰ ਸਨ ਉਹ ਵੀ ਆਧੁਨਿਕ ਅਰਥ ਵਾਲੇ ਸ਼ਹਿਰ ਹੋਣ ਦੀ ਥਾਂ ਪੁਰਾਣੇ ਢੰਗ ਦੇ ਤਜਾਰਤੀ ਕੇਂਦਰ, ਧਾਰਮਿਕ ਕੇਂਦਰ ਜਾਂ ਫਿਰ ਰਾਜਨੀਤੀ ਤੇ ਨਿਯੰਤਰਣ ਰੱਖਣ ਵਾਲਿਆਂ ਬਾਦਸ਼ਾਹਾਂ/ਅਹਿਲਕਾਰਾਂ/ਸੂਬੇਦਾਰਾਂ ਦੇ ਰਹਿਣ ਦੀ ਥਾਂ-ਮਾਤਰ ਸਨ । ਪੰਜਾਬੀ ਕਦੇ ਵੀ ਦਰਬਾਰੀ ਭਾਸ਼ਾ ਨਹੀਂ ਰਹੀ, ਇਸ ਕਾਰਨ ਦਰਬਾਰੀ ਬੰਦਿਆਂ ਦੇ ਰਹਿਣ ਦੀ ਥਾਂ ਸ਼ਹਿਰਾਂ ਅੰਦਰ ਪੰਜਾਬੀ ਸਾਹਿਤ ਵੀ ਵਧਿਆ ਫੁੱਲਿਆ ਨਹੀਂ, ਸਗੋਂ ਮੱਧਕਾਲ ਵਿਚ ਪੰਜਾਬੀ ਸਾਹਿਤ ਪਿੰਡਾਂ ਵਿਚ ਜਨਮਿਆ ਅਤੇ ਪ੍ਰਵਾਨ ਚੜ੍ਹਿਆ । ਮੱਧਕਾਲ ਵਿਚ ਪਿੰਡ ਦਾ ਖੇਤੀਬਾੜੀ ਪ੍ਰਧਾਨ ਕਿੱਤਾ ਸੀ, ਦੂਜੇ ਕਿੱਤੇ ਇਸ ਦੇ ਸਹਾਇਕ ਸਨ ਜਾਂ ਇਸ ਤੇ ਆਸ਼ਰਿਤ ਸਨ । ਪਿੰਡ ਵਾਸੀਆਂ ਵਿਚ ਯਥਾਰਥ ਦਾ ਅਨੁਭਵ ਇਕ ਜੁਟ ਸੀ, ਉਨ੍ਹਾਂ ਕੋਲ ਇਸ ਅਨੁਭਵ ਤੋਂ ਉਪਜੀ ਸਾਂਝੀ ਅਖੰਡ ਸੋਚ ਸੀ ਅਤੇ ਅਨੁਭਵ ਅਤੇ ਸੋਚ ਨੂੰ ਬਣਾਉਣ/ਪ੍ਰਗਟਾਉਣ ਵਾਲੀ ਸਾਂਝੀ ਭਾਸ਼ਾ ਸੀ । ਮੱਧਕਾਲੀ ਸਾਹਿਤ ਸਾਂਝੇ ਰੂਪ ਵਿਚ ਮਾਣਿਆ ਜਾਂਦਾ ਸੀ । ਮੱਧਕਾਲੀ ਸਾਹਿਤ ਦਾ ਭਾਵੇਂ ਧਰਮ ਅਧਾਰਤ (ਸਿੱਖ ਗੁਰੂ, ਹਿੰਦੂ ਭਗਤ, ਮੁਸਲਮਾਨ ਸੂਫੀ) ਅਤੇ ਰੁੱਚੀ ਅਨੁਸਾਰ (ਕਿੱਸੇ—ਰੁਮਾਂਚਿਕ, ਵਾਰਾਂ—ਵੀਰ ਰਸੀ) ਬਾਹਰੀ ਰੂਪ ਦੀ ਦਿੱਖ ਪੱਧਰ ਤੇ ਭੇਦ ਕੀਤਾ ਜਾ ਸਕਦਾ ਹੈ, ਪਰ ਸਾਰ ਦੀ ਪੱਧਰ ਤੇ ਯਥਾਰਥ ਅਨੁਭਵ ਦੀ ਸਾਂਝ, ਯਥਾਰਥ ਪ੍ਰਤੀ ਦ੍ਰਿਸ਼ਟੀ ਅਤੇ ਸਾਂਝੀ ਭਾਸ਼ਾਈ ਅਵਚੇਤਨਾ ਉਨ੍ਹਾਂ ਦੇ ਅਨੁਭਵ ਪ੍ਰਗਟਾ ਨੂੰ ਇਕ ਰੂਪ ਕਰ ਦਿੰਦੀ ਸੀ । ਇਸ ਪ੍ਰਕਾਰ ਪਿੰਡ

www.PunjabiLibrary.com

ਕੇਂਦਰਤ ਖੇਤੀ ਪ੍ਰਧਾਨ ਪੈਦਾਵਾਰੀ ਤਕਨੀਕ ਦੀ ਉਪਜ ਮੱਧਕਾਲੀ ਜੀਵਨ ਦ੍ਰਿਸ਼ਟੀਕੋਣ, ਮੱਧਕਾਲੀ ਪੰਜਾਬੀ ਸਾਹਿਤ ਦੇ ਪਿੱਛੇ ਇਕ ਵਿਚਾਰਧਾਰਕ ਸੂਰਤ ਵਜੋਂ ਕੰਮ ਕਰਦਾ ਨਜ਼ਰ ਆਉਂਦਾ ਹੈ।

ਆਧੁਨਿਕ ਪੰਜਾਬੀ ਸਾਹਿਤ ਸਾਡੇ ਮੱਧਕਾਲੀ ਪੰਜਾਬੀ ਸਾਹਿਤ ਦਾ ਸਹਿਜ ਵਿਕਾਸੀ ਨਹੀਂ ਹੈ, ਸਗੋਂ ਅੰਗਰੇਜ਼ ਸਾਮਰਾਜ ਦੇ ਪ੍ਰਭਾਵ ਹੇਠ ਰੂਪਾਂਤਰਤ ਹੋਇਆ ਸੀ। ਇਸੇ ਕਾਰਨ ਇਥੇ ਆ ਕੇ ਪੰਜਾਬੀ ਸਾਹਿਤ ਵਿਚ ਇਕ ਦੁਫਾੜ ਪੈਦਾ ਹੁੰਦੀ ਹੈ। ਇਸ ਦੁਫਾੜ ਨੂੰ ਆਮ ਕਰਕੇ ਗੌਲਿਆ ਹੀ ਨਹੀਂ ਗਿਆ, ਬੱਸ ਅਚਾਨਕ ਹੀ ਆਧੁਨਿਕ ਪੰਜਾਬੀ ਕਵਿਤਾ ਦੀ ਧਾਰਾ ਭਾਈ ਵੀਰ ਸਿੰਘ, ਪੂਰਨ ਸਿੰਘ, ਕ੍ਰਿਪਾ ਸਾਗਰ, ਧਨੀ ਰਾਮ ਚਾਤ੍ਰਿਕ ਤੋਂ ਸ਼ੁਰੂ ਹੋਈ ਮੰਨ ਲਈ ਜਾਂਦੀ ਹੈ। ਦੂਜੀ ਧਾਰਾ ਨੂੰ ਪਰੰਪਰਾਵਾਦੀ ਕਹਿਕੇ. ਨੋਟ ਚਾੜ੍ਹ ਦਿੱਤਾ ਜਾਂਦਾ ਹੈ ਕਿ ਥੋੜ੍ਹੀ ਜਿਹੀ ਰਵਾਇਤੀ ਕਵਿਤਾ ਜਿਸ ਵਿਚ ਕਿੱਸੇ ਪ੍ਰਧਾਨ ਸਨ, ਲਿਖੇ ਜਾਂਦੇ ਰਹੇ ਪਰ ਅੰਤ ਇਹ ਧਾਰਾ ਖ਼ਤਮ ਹੋ ਗਈ। ਇਤੇ ਨੁਕਤੇ ਤੇ ਪਾਠਕਾਂ ਦਾ ਧਿਆਨ ਕੇਂਦਰਤ ਹੋਣਾ ਚਾਹੀਦਾ ਹੈ ਕਿ ਸਾਮਰਾਜੀ ਗਿਆਨ ਸ਼ਾਸਤਰ ਦਾ ਪ੍ਰਭਾਵ ਅਧੀਨ, ਹੀਣਭਾਵਨਾ ਵਿਚ ਗ੍ਰਸ ਕੇ 'ਆਧੁਨਿਕ ਕਵਿਤਾ' ਨੂੰ ਉਚਿਆਉਣ ਤੇ 'ਰਵਾਇਤੀ ਧਾਰਾ' ਨੂੰ ਛੁਟਿਆਇਆ ਜਾਂਦਾ ਰਿਹਾ ਹੈ।

ਮੱਧਕਾਲੀ ਪੰਜਾਬੀ ਸਾਹਿਤ ਵਿਚ ਤਬਦੀਲੀ ਅੰਗਰੇਜ਼ੀ ਸਾਮਰਾਜ ਦਖ਼ਲ ਨਾਲ ਸ਼ੁਰੂ ਹੋਈ। ਇਸ ਨੂੰ ਪੰਜਾਬੀ ਸਾਹਿਤ ਇਤਿਹਾਸ ਦੇ ਪ੍ਰਸਿੱਧ ਚਿੰਤਕ ਮੋਹਨ ਸਿੰਘ ਦੀਵਾਨਾ ਜੀ ਇਉਂ ਲਿਖਦੇ ਹਨ, "ਬ੍ਰਿਟਿਸ਼ ਕਾਲ (1857-1947) ਦੌਰਾਨ ਭਾਰਤੀ ਜ਼ਿੰਦਗੀ ਦਾ ਹਰ ਪੜਾਅ ਅਤੇ ਵਿਚਾਰ ਕਿਸੇ ਨਾ ਕਿਸੇ ਢੰਗ ਨਾਲ ਸਿਧਾਂਤਕ ਅਤੇ ਵਿਵਹਾਰਕ ਪੱਧਰ ਤੇ ਤਬਦੀਲ ਹੋ ਰਹੇ ਸੀ। ਇਹ ਪ੍ਰਕਿਰਿਆ ਹਾਲੇ ਵੀ ਬੇਤਰਤੀਬੀ ਅਤੇ ਉਗੜੀ ਦੁਗੜੀ ਹੀ ਹੈ"[2]। ਅੰਗਰੇਜ਼ ਸਾਮਰਾਜ ਦੇ ਦਖ਼ਲ ਨਾਲ ਇਥੇ ਇਕ ਨਵੀਂ ਸ਼੍ਰੇਣੀ (ਮੱਧ ਵਰਗ ਜਾਂ ਪੰਜਾਬੀ ਸਮਾਜ ਦੇ ਹਿਸਾਬ ਨਾਲ ਉੱਚ ਵਰਗ) ਪੈਦਾ ਹੋਣੀ ਸ਼ੁਰੂ ਹੋ ਗਈ ਜੋ ਅੰਗਰੇਜ਼ੀ ਵਿਦਿਆ ਗ੍ਰਹਿਣ ਕਰਦੀ ਸੀ, ਨੌਕਰੀ ਜਾਂ ਛੋਟੀ ਪੱਧਰ ਦਾ ਵਪਾਰ ਕਰਦੀ ਸੀ ਅਤੇ ਸ਼ਹਿਰਾਂ ਵਿਚ ਰਹਿੰਦੀ ਸੀ। ਇਸ ਸ਼੍ਰੇਣੀ ਦੀ ਆਪਸੀ ਸਾਂਝ ਦੋ ਗੱਲਾਂ ਕਰਕੇ ਸੀ, ਇਹ ਅੰਗਰੇਜ਼ੀ ਪੜ੍ਹੀ ਸੀ ਤੇ ਖੇਤੀਬਾੜੀ ਦੇ ਸਿੱਧੇ ਅਨੁਭਵ ਤੋਂ ਦੂਰ ਸੀ। ਇਸ ਪ੍ਰਕਾਰ ਆਧੁਨਿਕ ਪੰਜਾਬੀ ਕਵਿਤਾ ਪਿੰਡਾਂ ਦੀ ਥਾਂ ਸ਼ਹਿਰਾਂ ਵਿਚ ਪੈਦਾ ਈ ਅਤੇ ਇਹ ਪਿੰਡ ਦੇ ਪ੍ਰਧਾਨ ਕਿੱਤੇ ਖੇਤੀਬਾੜੀ ਦੇ ਅਨੁਭਵ ਤੋਂ ਕੋਰੀ ਹੋਣ ਕਰਕੇ ਅੰਗਰੇਜ਼ੀ ਭਾਸ਼ਾ ਦੀ ਪੜ੍ਹਾਈ ਦੁਆਰਾ ਅੰਗਰੇਜ਼ੀ ਸਾਹਿਤ ਤੋਂ ਗ੍ਰਹਿਣ ਕੀਤੇ ਉਧਾਰੇ ਅਨੁਭਵਾਂ ਦੀ ਉਧਾਰੀ ਸੰਵੇਦਨਾ ਨੂੰ ਪੇਸ਼ ਕਰਦੀ ਸੀ। ਜਿਥੇ ਮੱਧਕਾਲੀ ਪੰਜਾਬੀ ਕਵਿਤਾ ਪਿੰਡ ਦੀ ਸਵੈ-ਨਿਰਭਰ ਆਰਥਿਕ ਇਕਾਈ ਦੀ ਸੋਚ ਤੋਂ ਉਤਪੰਨ ਹੁੰਦੀ ਸੀ ਅਤੇ ਉਥੇ ਹੀ ਮਾਣੀ ਜਾਂਦੀ ਸੀ, ਜਦੋਂ ਕਿ 'ਆਧੁਨਿਕ ਪੰਜਾਬੀ ਕਵਿਤਾ' ਸ਼ਹਿਰੀ ਸ਼੍ਰੇਣੀ ਨੇ ਸਿਰਜੀ ਅਤੇ ਆਪਣੇ ਸੀਮਤ ਘੇਰੇ ਵਿਚ ਹੀ ਮਾਣੀ ਜਾਂਦੀ ਸੀ। ਪੰਜਾਬੀ ਕਵਿਤਾ ਵਿਚ ਸ਼ਹਿਰੀ ਭਾਵ ਆਧੁਨਿਕ ਅਤੇ ਪੇਂਡੂ ਭਾਵ ਪਰੰਪਰਿਕ ਦਾ ਦੁਫੇੜ ਪੈਦਾ ਹੋ ਗਿਆ। ਇਸ ਵੰਡ ਨੂੰ ਸਵੀਕਾਰ ਕੇ ਅਤਰ ਸਿੰਘ ਜੀ ਲਿਖਦੇ ਹਨ, "ਇਕ ਉਹ ਹਨ ਜੋ ਅਜੇ ਮਾਨਸਿਕ ਤੌਰ ਤੇ ਭੂਤ ਕਾਲ ਵਿਚ ਹੀ ਰਹਿ ਰਹੇ ਹਨ, ਸਾਡੇ ਪੇਂਡੂ ਕਵੀਸ਼ਰ ਤੇ ਉਨ੍ਹਾਂ ਦੇ ਪਾਠਕ। ਅਜੇਹੇ ਪਾਠਕਾਂ ਤੋਂ, ਲੇਖਕਾਂ ਤੋਂ, ਸਮਕਾਲੀ ਪੰਜਾਬੀ ਸਾਹਿਤ ਜਗਤ ਉੱਕਾ ਹੀ ਅਚੇਤ ਹੈ। ਇਨ੍ਹਾਂ ਲੇਖਕਾਂ ਤੇ ਪਾਠਕਾਂ ਦੀ ਸਮੁੱਚੀ ਕਾਵਿਕ-ਚੇਤਨਾ ਨਿਰੋਲ ਪਰੰਪਰਾਵਾਦੀ ਹੈ ਤੇ ਇਹ ਚੇਤਨਾ ਨਾ ਨਵੇਂ ਅਨੁਭਵ ਨੂੰ ਸਵੀਕਾਰ ਕਰਦੀ

www.PunjabiLibrary.com

ਹੈ ਤੇ ਨਾ ਹੀ ਭਾਸ਼ਾ ਤੇ ਬਿੰਬ ਵਿਧਾਨ ਜਾਂ ਛੰਦ ਪ੍ਰਬੰਧ ਪਾਸੋਂ ਕੋਈ ਨਵੀਂ ਮੰਗ ਕਰਦੀ ਹੈ...... ਦੂਜਾ ਵਰਗ ਆਮ ਸ਼ਹਿਰੀ ਵਰਗ ਧਨਾਢਾਂ, ਮਜ਼ਦੂਰਾਂ, ਵਿਦਿਆਰਥੀਆਂ, ਵਕੀਲਾਂ, ਕਲਰਕਾਂ ਦਾ ਵਰਗ ਹੈ"[3] । ਵਿਦਵਾਨ ਆਲੋਚਕ ਨਿਸ਼ਚੇ ਹੀ ਦੋਹਾਂ ਵਰਗਾਂ ਨੂੰ ਪਛਾਣਨ ਵਿਚ ਸਫਲ ਰਿਹਾ, ਪਰ ਉਨ੍ਹਾਂ ਨੇ ਪਹਿਲੇ ਵਰਗ ਨੂੰ ਨਿਰੋਲ ਪਰੰਪਰਾਵਾਦੀ, ਸਥਿਰ ਅਤੇ ਜੜ੍ਹ ਦਰਸਾਇਆ । ਉਨ੍ਹਾਂ ਨੇ ਇਸ ਵਰਗ ਦੀ ਕਵਿਤਾ ਵਿਚ ਆ ਰਹੀ ਤਬਦੀਲੀ ਨੂੰ ਨਹੀਂ ਗੌਲਿਆ । ਇਸ ਪ੍ਰਕਾਰ ਦੇ ਸਮਾਜਿਕ ਯਥਾਰਥ ਦੇ ਪ੍ਰਸੰਗ ਵਿਚ 'ਆਧੁਨਿਕ ਪੰਜਾਬੀ ਕਵਿਤਾ' ਦਾ ਉਦੈ ਹੁੰਦਾ ਹੈ । ਸੋ 'ਆਧੁਨਿਕ ਪੰਜਾਬੀ ਕਵਿਤਾ', ਮੱਧਕਾਲੀ ਪੰਜਾਬੀ ਕਵਿਤਾ ਦਾ ਸਹਿਜ ਵਿਕਾਸ ਹੋਣ ਦੀ ਥਾਂ ਅੰਗਰੇਜ਼ੀ ਸਾਮਰਾਜ ਅਧੀਨ ਹੋਇਆ ਰੂਪਾਂਤਰਣ ਹੈ । ਅੰਗਰੇਜ਼ੀ ਸਾਮਰਾਜ ਦੇ ਦਖ਼ਲ ਤੋਂ ਬਾਅਦ 'ਆਧੁਨਿਕ ਪੰਜਾਬੀ ਕਵਿਤਾ' ਸ਼ਹਿਰੀ ਖੇਤਰ ਨਾਲ ਅਤੇ 'ਪਰੰਪਰਿਕ ਕਵਿਤਾ' ਆਪਣੇ ਪਹਿਲੇ ਟਿਕਾਣੇ ਪਿੰਡ ਨਾਲ ਜੁੜੀ ਰਹਿੰਦੀ ਹੈ । ਸਾਡੇ ਆਲੋਚਕਾਂ/ਵਿਚਾਰਕਾਂ ਨੇ ਇਸ ਦੁਫੇੜ ਨੂੰ ਪਛਾਣਿਆ ਤਾਂ ਸੀ ਪਰ ਬਹੁਤ ਘੱਟ ਮਹੱਤਤਾ ਦਿੱਤੀ, ਉਹ ਅੰਗਰੇਜ਼ੀ ਗਿਆਨ-ਸ਼ਾਸਤਰ ਦੀ ਅੱਖ ਰਾਹੀਂ 'ਆਧੁਨਿਕ ਪੰਜਾਬੀ ਕਵਿਤਾ' ਨੂੰ ਉਰਿਆਉਣ ਦੇ ਧੰਦੇ ਵਿਚ ਲੱਗੇ ਰਹੇ, ਪਰ ਉਨ੍ਹਾਂ ਨੇ 'ਪਰੰਪਰਿਕ ਕਵਿਤਾ' ਵਿਚ ਆ ਰਹੀਆਂ ਵਿਕਾਸੀ ਤਬਦੀਲੀਆਂ ਨੂੰ ਜਾਣ ਬੁੱਝ ਕੇ ਨਜ਼ਰ ਅੰਦਾਜ਼ ਕਰ ਦਿੱਤਾ ਜਾਪਦਾ ਹੈ । ਇਸ ਦੁਫੇੜ ਨੂੰ ਪਹਿਲੀ ਵਾਰ ਨਕਸਲਵਾਦੀ ਕਾਵਿ ਨੇ ਭੰਗ ਕੀਤਾ, ਹੁਣ ਸਮਕਾਲੀ ਕਵਿਤਾ ਵਿਚ ਇਹ ਪਾੜਾ ਮਿਟ ਰਿਹਾ ਹੈ । 'ਆਧੁਨਿਕ ਪੰਜਾਬੀ ਕਵਿਤਾ' ਅਤੇ 'ਪਰੰਪਰਿਕ ਪੰਜਾਬੀ ਕਵਿਤਾ' ਦੇ ਵਿਚਕਾਰ ਪੁਲ ਦਾ ਕੰਮ ਲੋਕ-ਪ੍ਰਚੱਲਤ ਕਵਿਤਾ ਕਰਦੀ ਰਹੀ ਜੋ ਪਹਿਲੇ ਦੌਰ ਵਿਚ ਕਵੀ ਦਰਬਾਰਾਂ ਦੇ ਸਟੇਜੀ ਕਵੀਆਂ ਦੀਆਂ ਕਵਿਤਾਵਾਂ ਦੇ ਰੂਪ ਵਿਚ ਅਤੇ ਬਾਅਦ ਵਿਚ 'ਲੋਕ-ਪ੍ਰਚੱਲਤ' ਗੀਤਕਾਰਾਂ ਦੁਆਰਾ ਰਚੇ ਗੀਤਾਂ ਦੇ ਰੂਪ ਵਿਚ ਸੀ । ਸਾਡੇ ਆਲੋਚਕਾਂ ਨੇ ਇਸ ਦੁਫਾੜ ਨੂੰ ਨਜ਼ਰ ਅੰਦਾਜ਼ ਕੀਤਾ ਹੈ; ਇਸ ਦੁਫਾੜ ਦੀਆਂ ਦੋ ਧਾਰਾਵਾਂ ਨੂੰ ਸਪੱਸ਼ਟ ਰੂਪ ਵਿਚ ਸਮਝਣਾ ਚਾਹੀਦਾ ਹੈ । ਪਹਿਲੀ ਜਿਸ ਨੂੰ ਆਧੁਨਿਕ ਧਾਰਾ ਕਿਹਾ ਜਾਂਦਾ ਹੈ, ਉਹ ਧਾਰਾ ਸ਼ਹਿਰੀ ਵਰਗ ਦੀ ਧਾਰਾ ਸੀ, ਜ਼ਰੂਰੀ ਤੌਰ ਤੇ ਅੰਗਰੇਜ਼ੀ ਪੜ੍ਹੀ, ਜੋ ਅੰਗਰੇਜ਼ੀ ਸਰਕਾਰ ਦੀ ਨੌਕਰ ਸੀ ਜਾਂ ਛੋਟਾ ਮੋਟਾ ਵਪਾਰ ਕਰਦੀ ਸੀ । ਇਹ ਸ਼ਰੇਣੀ ਖੇਤੀਬਾੜੀ ਦੇ ਅਨੁਭਵ ਤੋਂ ਕੋਰੀ, ਇਸ ਦਾ ਧਰਮ ਪ੍ਰਤੀ ਵਿਸ਼ਿਸ਼ਟ ਝੁਕਾਉ ਸੀ । ਦੂਜੇ ਪਾਸੇ ਪਰੰਪਰਾਵਾਦੀ ਧਾਰਾ ਸੀ, ਇਹ ਪੇਂਡੂ ਵਰਗ ਦੀ ਧਾਰਾ ਸੀ ਜੋ ਖੇਤੀਬਾੜੀ ਅਨੁਭਵ ਨਾਲ ਜੁੜੀ ਸੀ । ਇਸ ਦਾ ਧਰਮ ਪ੍ਰਤੀ ਰਵੱਈਆ ਲੋਕ-ਧਰਮ ਵਾਲਾ ਸੀ । ਇਸ ਧਾਰਾ ਨੇ ਆਧੁਨਿਕ ਗਿਆਨ-ਵਿਗਿਆਨ ਦੇ ਪ੍ਰਭਾਵਾਂ ਨੂੰ ਆਪਣੇ ਵਿਚ ਸਮਾਉਣ ਦੀ ਕੋਸ਼ਿਸ਼ ਕੀਤੀ ਸੀ । ਜਦੋਂ ਕਿ ਪਹਿਲੀ ਧਾਰਾ ਬਾਹਰਲੇ ਗਿਆਨ ਨੂੰ ਵਿਵਹਾਰ ਦੀ ਪੱਧਰ ਤੇ ਲੈਣ ਦੀ ਥਾਂ 'ਉਧਾਰੀ ਚੇਤਨਾ' ਵਜੋਂ ਗ੍ਰਹਿਣ ਕਰਦੀ ਸੀ । ਇਸੇ ਕਾਰਨ ਪਹਿਲੀ ਧਾਰਾ ਨੂੰ 'ਉਧਾਰੀ ਚੇਤਨਾ' ਦੀ ਕਵਿਤਾ ਅਤੇ ਦੂਜੀ ਨੂੰ 'ਦੇਸੀ ਚੇਤਨਾ' ਦੀ ਕਵਿਤਾ ਕਹਿਣਾ ਚਾਹੀਦਾ ਹੈ । ਭਾਵੇਂ ਆਲੋਚਕ ਦੂਜੀ ਨੂੰ ਪਰੰਪਰਾਵਾਦੀ ਕਹਿੰਦੇ ਹਨ, ਪਰ ਨੀਝ ਨਾਲ ਦੇਖਿਆਂ ਉਸ ਵਿਚ ਸਾਡੀ ਪਰੰਪਰਾਵਾਦੀ ਮੱਧਕਾਲੀ ਚੇਤਨਾ ਉਪਰ ਨਵੀਂ ਤਕਨੀਕ ਅਤੇ ਨਵੇਂ ਸਾਮਰਾਜੀ ਗਿਆਨ-ਸ਼ਾਸਤਰ ਦਾ ਪੈ ਰਿਹਾ ਪ੍ਰਭਾਵ ਦੇਖਿਆ ਜਾ ਸਕਦਾ ਹੈ । ਸਾਡਾ ਬੁਧੀਜੀਵੀ ਵਰਗ ਖ਼ੁਦ ਸਾਮਰਾਜੀ ਗਿਆਨ-ਸ਼ਾਸਤਰ ਦੀ ਪਕੜ ਵਿਚ ਹੋਣ ਕਰਕੇ, ਉਸ ਨੇ 'ਉਧਾਰੀ ਚੇਤਨਾ' ਦੀ ਕਵਿਤਾ ਨੂੰ ਪ੍ਰਵਾਨਿਆ, ਪਰ 'ਦੇਸੀ ਚੇਤਨਾ' ਦੀ ਕਵਿਤਾ ਨੂੰ ਨਕਾਰਿਆ ਸੀ ।

www.PunjabiLibrary.com

ਅੰਗਰੇਜ਼ ਸਾਮਰਾਜ ਦੇ ਅਧੀਨ ਵਿਕਸਿਤ ਹੋਈਆਂ ਉਨ੍ਹਾਂ ਨਵੀਆਂ ਚਾਲਕ ਸ਼ਕਤੀਆਂ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ ਜਿਨ੍ਹਾਂ ਨੇ ਕਥਿਤ ਆਧੁਨਿਕ ਕਵਿਤਾ ਭਾਵ 'ਉਧਾਰੀ ਚੇਤਨਾ' ਦੀ ਕਵਿਤਾ ਨੂੰ ਜਨਮ ਦਿੱਤਾ ਸੀ। ਇਨ੍ਹਾਂ ਸ਼ਕਤੀਆਂ ਵਿਚੋਂ ਅੰਗਰੇਜ਼ੀ ਵਿਦਿਆ ਪ੍ਰਮੁੱਖ ਹੈ ਕਿਉਂਕਿ ਇਸ ਨੇ ਹੋਰ ਸ਼ਕਤੀਆਂ ਨੂੰ ਕੰਮ ਕਰਨ ਲਈ ਆਧਾਰ ਪ੍ਰਧਾਨ ਕੀਤਾ ਸੀ। ਅੰਗਰੇਜ਼ੀ ਸਾਮਰਾਜ ਨੇ ਆਪਣੀ ਬਸਤੀਵਾਦੀ ਲੁੱਟ ਦੇ ਬਹੁ-ਪੱਖੀ ਉਦੇਸ਼ਾਂ ਲਈ ਲਾਰਡ ਮੈਕਾਲੇ ਦੁਆਰਾ ਬਣਾਈ ਸਿੱਖਿਆ ਨੀਤੀ ਨੂੰ ਲਾਗੂ ਕੀਤਾ, ਜਿਸ ਨੇ ਲਾਰਡ ਮੈਕਾਲੇ ਦੁਆਰਾ ਨਿਰਧਾਰਤ ਕੀਤੇ ਸਿੱਖਿਆ ਉਦੇਸ਼ 'ਅਜਿਹੇ ਭਾਰਤੀ ਪੈਦਾ ਕਰਨੇ, ਜੋ ਅੰਗਰੇਜ਼ਾਂ ਵਾਂਗ ਸੋਚਣ' ਨੂੰ ਪੂਰਾ ਕੀਤਾ। ਇਹੀ ਨਵੀਂ ਅੰਗਰੇਜ਼ੀ ਵਿਦਿਆ ਦੀ ਪੈਦਾ ਕੀਤੀ 'ਉਧਾਰੀ ਚੇਤਨਾ' ਹੈ। ਵਿਦਿਆ ਦੇ ਫੈਲਾਓ ਵਿਚ ਪੇਂਡੂ ਖੇਤਰ ਸ਼ਹਿਰੀ ਤੋਂ ਪਛੜਿਆ ਰਿਹਾ, ਆਜ਼ਾਦੀ ਤੋਂ ਬਾਅਦ ਪੇਂਡੂ ਖੇਤਰ ਵਿਚ ਵਿਦਿਆ ਫੈਲੀ ਹੈ। ਇਸ ਕਾਰਨ ਅੰਗਰੇਜ਼ੀ ਵਿਦਿਆ ਦਾ ਬਹੁ-ਦਿਸ਼ਾਵੀ ਪ੍ਰਭਾਵ ਬਹੁਤਾ ਕਰਕੇ ਸ਼ਹਿਰੀਆਂ ਤੇ ਹੀ ਪਿਆ। ਅੰਗਰੇਜ਼ੀ ਸਿਖਿਆ ਪ੍ਰਣਾਲੀ ਦੇ ਲਾਗੂ ਹੋ ਜਾਣ ਨਾਲ, ਅੰਗਰੇਜ਼ੀ ਕਵੀਆਂ ਦਾ ਪਾਠਕਾਂ ਤੇ ਸਿੱਧਾ ਅਸਰ ਪਿਆ। ਇਕ ਪ੍ਰਭਾਵ ਤਾਂ ਰੂਪ ਪੱਖੋਂ ਪਿਆ। ਸਾਡੀ ਮੱਧਕਾਲੀ ਕਵਿਤਾ ਦੇ ਆਪਣੇ ਕਾਵਿ-ਰੂਪ ਅਤੇ ਛੰਦ ਸਨ, ਅੰਗਰੇਜ਼ੀ ਕਵਿਤਾ ਦੇ ਆਪਣੇ ਕਾਵਿ-ਰੂਪ ਅਤੇ ਛੰਦ ਸਨ। ਸੋ ਸਾਡੇ ਪਾਠਕ/ਲੇਖਕ ਸੋਚਣ ਲੱਗੇ ਕਿ ਇਉਂ ਵੀ ਲਿਖਿਆ ਜਾ ਸਕਦਾ ਹੈ। ਦੂਸਰਾ ਪ੍ਰਭਾਵ ਵਿਚਾਰਾਂ/ਭਾਵਾਂ ਦੇ ਪੱਖੋਂ ਪਿਆ। ਇੱਥੇ ਧਿਆਨ ਦੇਣ ਵਾਲਾ ਨੁਕਤਾ ਹੈ, ਇੰਗਲੈਂਡ ਦੇ ਅੰਗਰੇਜ਼ ਸਮਾਜ ਦੀ ਸੰਰਚਨਾ ਵੱਖਰੀ ਸੀ ਅਤੇ ਉਨ੍ਹਾਂ ਦੇ ਮਨੋਭਾਵ ਵੱਖਰੇ ਸਨ, ਪਰ ਉਨ੍ਹਾਂ ਦੇ ਸਾਹਿਤ ਰਾਹੀਂ ਅਸੀਂ ਉਨ੍ਹਾਂ ਦੀ ਸੰਵੇਦਨਾ ਨੂੰ ਗ੍ਰਹਿਣ ਕਰਨ ਲੱਗੇ। ਸਾਡੇ ਸਮਾਜ ਵਿਚ ਹਾਲੇ ਤੱਕ ਉਹ ਵਸਤੂ-ਸਥਿਤੀ ਨਹੀਂ ਆਈ ਸੀ, ਜਿਸ ਵਸਤੂ-ਸਥਿਤੀ ਤੋਂ ਉਸ ਕਿਸਮ ਦੇ ਮਨੋਭਾਵ ਉਪਜ ਸਕਦੇ। ਪਰ ਅੰਗਰੇਜ਼ੀ ਸਾਹਿਤ ਦੀ ਰੀਸੋ ਰੀਸ ਸਾਡੇ ਕਵੀ ਉਨ੍ਹਾਂ ਮਨੋਭਾਵਾਂ ਨੂੰ ਪ੍ਰਗਟਾਉਣ ਲੱਗੇ ਜਿਨ੍ਹਾਂ ਦਾ ਪਦਾਰਥਕ ਆਧਾਰ ਅਜੇ ਉਤਪੰਨ ਹੀ ਨਹੀਂ ਹੋਇਆ ਸੀ। ਇਸ ਉਧਾਰੀ ਸੰਵੇਦਨਾ ਨੇ ਕਵੀਆਂ ਅਤੇ ਆਮ ਪਾਠਕਾਂ ਵਿਚ ਵਿੱਥ ਪਾ ਦਿੱਤੀ। ਇਨ੍ਹਾਂ ਕਵੀਆਂ ਨੂੰ ਜੋ ਪ੍ਰਵਾਨਗੀ ਮਿਲੀ, ਉਹ ਉਨ੍ਹਾਂ ਵਰਗੇ ਹੀ ਪੜ੍ਹੇ-ਲਿਖੇ 'ਉਧਾਰੀ ਚੇਤਨਾ' ਦੇ ਗਾਹਕ ਸਨ। ਇਸ ਵਿੱਥ ਦੇ ਵਿਚਾਰਧਾਰਕ ਮਹੱਤਵ ਨੂੰ ਹਾਲੇ ਤੱਕ ਨਹੀਂ ਪਛਾਣਿਆ ਗਿਆ। ਕਵੀਆਂ ਦਾ ਪਾਠਕਾਂ ਤੋਂ ਟੁੱਟ ਜਾਣਾ ਸਿਆਸੀ ਤੌਰ ਤੇ ਬਹੁਤ ਵੱਡਾ ਅਰਥ ਰੱਖਦਾ ਹੈ। ਆਪਣੀ ਗੱਲ ਨੂੰ ਸਪੱਸ਼ਟ ਕਰਨ ਲਈ ਅਸੀਂ ਇਕੋ ਕਾਵਿ-ਵਿਸ਼ੇ ਦੀ ਉਦਾਹਰਣ ਪ੍ਰਸਤੁਤ ਕਰਦੇ ਹਾਂ। ਪੰਜਾਬੀਆਂ ਦੇ ਪ੍ਰਮੁੱਖ ਕਿੱਤੇ ਖੇਤੀਬਾੜੀ ਦਾ ਆਜ਼ਾਦੀ ਤੋਂ ਬਾਅਦ 'ਹਰੇ ਇਨਕਲਾਬ' ਅਧੀਨ ਤੇਜ਼ੀ ਨਾਲ ਮਸ਼ੀਨੀਕਰਣ ਹੋਇਆ, ਪਰ ਹਾਲੇ ਵੀ ਬਹੁ-ਗਿਣਤੀ ਦੇ ਪੰਜਾਬੀਆਂ ਦਾ ਕੁਦਰਤ ਤੋਂ ਇੰਨਾ ਤੋੜ-ਵਿਛੋੜਾ ਨਹੀਂ ਹੋਇਆ ਕਿ ਉਹ ਕੁਦਰਤ ਲਈ ਸਹਿਕ ਜਾਣ, ਸਗੋਂ ਉਹ ਤਾਂ ਕੁਦਰਤ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ। ਜੇ ਉਨ੍ਹਾਂ ਦੀ ਭਾਸ਼ਾ ਵਿਚ, ਉਨ੍ਹਾਂ ਦੇ ਭਾਵ ਸੁਣਨੇ ਹੋਣ ਤਾਂ 'ਸਾਡੀ ਕਾਹਦੀ ਜੂਨ ਆ ਮਿੱਟੀ ਨਾਲ ਮਿੱਟੀ ਹੋਈ ਜਾਈਦਾ। 'ਜੁਆਕ ਚਾਰ ਅੱਖਰ ਪੜ੍ਹ ਜਾਣ, ਖ਼ਬਰੇ ਖਹਿੜਾ ਛੁੱਟ ਜੇ, ਨਹੀਂ ਤਾਂ ਧੰਦ ਪਿੱਟਣਗੇ।' ਸੋ ਸਪੱਸ਼ਟ ਹੈ ਕਿ ਬਹੁ-ਗਿਣਤੀ ਪੰਜਾਬੀਆਂ ਲਈ ਕੁਦਰਤ ਪਿਆਰ ਬਿਲਕੁਲ ਹੋਰ ਅਰਥ ਰੱਖਦਾ ਹੈ, ਇਸੇ ਲਈ ਭਾਈ ਵੀਰ ਸਿੰਘ, ਪੂਰਨ ਸਿੰਘ ਉਨ੍ਹਾਂ ਲਈ ਓਪਰੇ ਬਣੇ ਹੋਏ ਹਨ। ਪੱਛਮ ਵਿਚ ਪਿਛਲੀਆਂ ਸਦੀਆਂ ਅੰਦਰ ਤੇਜ਼ ਨਾਲ ਮਸ਼ੀਨੀਕਰਨ ਹੋਇਆ, ਜਿਸ ਦੇ ਫਲਸਰੂਪ ਆਮ ਆਦਮੀ ਦਾ ਕੁਦਰਤ ਨਾਲੋਂ ਸੰਬੰਧ ਟੁੱਟ

www.PunjabiLibrary.com

ਗਿਆ। ਇਸ ਕਾਰਨ ਕੁਦਰਤ ਦਾ ਉਦਰੇਵਾਂ ਪੈਦਾ ਹੋਇਆ, ਜਿਸ ਨੂੰ ਰੂਸੋ ਨੇ ਦਾਰਸ਼ਨਿਕ ਆਧਾਰ ਪ੍ਰਦਾਨ ਕੀਤਾ ਅਤੇ ਵਰਡਜ਼ਵਰਥ, ਵਿਟਮੈਨ ਵਰਗੇ ਕਵੀਆਂ ਨੇ ਉਨ੍ਹਾਂ ਭਾਵਾਂ ਨੂੰ ਕਵਿਤਾਇਆ। ਇਨ੍ਹਾਂ ਕਵੀਆਂ ਦੀ ਰੀਸੋ ਰੀਸ ਭਾਈ ਵੀਰ ਸਿੰਘ ਜੀ ਕਸ਼ਮੀਰ ਜਾ ਬੈਠਦੇ ਹਨ। ਇਸ ਪ੍ਰਕਾਰ ਕਵੀ ਅਤੇ ਪਾਠਕ ਦੀ ਚੇਤਨਾ ਵਿਚ ਵਿੱਥ ਪੈ ਗਈ।

ਜਦੋਂ ਪੰਜਾਬੀ ਜਾਂ ਪੰਜਾਬੀ ਸਾਹਿਤ ਪੜ੍ਹਾਇਆ ਜਾਣ ਲੱਗਿਆ ਤਾਂ ਪਾਠ-ਕਰਮ ਵਿਚ ਉਹੀ ਪਾਠ-ਪੁਸਤਕਾਂ ਲੱਗੀਆਂ, ਜਿਨ੍ਹਾਂ ਕਵੀਆਂ ਨੇ 'ਉਧਾਰੀ-ਚੇਤਨਾ' ਗ੍ਰਹਿਣ ਕੀਤੀ ਹੋਈ ਸੀ। ਕਿਉਂਕਿ ਪਾਠਕ੍ਰਮ ਬਨਾਉਣ ਵਾਲੇ, ਉਹੀ ਬੁੱਧੀਜੀਵੀ ਸੱਜਣ ਸਨ, ਜਿਨ੍ਹਾਂ ਨੇ ਖ਼ੁਦ 'ਉਧਾਰੀ-ਚੇਤਨਾ' ਗ੍ਰਹਿਣ ਕੀਤੀ ਹੋਈ ਸੀ। ਇਸ ਪ੍ਰਕਾਰ ਪਾਠ-ਪੁਸਤਕਾਂ ਵਿਚ 'ਉਧਾਰੀ-ਸੰਵੇਦਨਾ' ਦੀ ਕਥਿਤ ਆਧੁਨਿਕ ਪੰਜਾਬੀ ਕਵਿਤਾ ਲੱਗ ਜਾਣ ਨਾਲ, ਤੇਜ਼ੀ ਨਾਲ ਫੈਲ ਰਹੀ ਵਿਦਿਆ ਦੇ ਵਿਦਿਆਰਥੀ ਵੀ ਇਸ 'ਉਧਾਰੀ-ਸੰਵੇਦਨਾ' ਨੂੰ ਗ੍ਰਹਿਣ ਕਰਨ ਲੱਗੇ। ਇਸ ਪ੍ਰਕਾਰ ਲੜੀਵਾਰ ਕਿਰਿਆ ਸ਼ੁਰੂ ਹੋ ਗਈ। ਸਾਹਿਤ ਅਤੇ ਸਾਹਿਤ ਅਧਿਆਪਨ ਵਿਚ 'ਉਧਾਰੀ-ਸੰਵੇਦਨਾ' ਦਾ ਦਖ਼ਲ ਅੱਜ ਵੀ ਓਨਾ ਹੀ ਹੈ। ਕਿਸੇ ਹੋਰ ਪ੍ਰਸੰਗ ਅਧੀਨ ਡਾ: ਸੁਤਿੰਦਰ ਸਿੰਘ ਨੂਰ ਲਿਖਦੇ ਹਨ, "ਸਾਡੇ ਸਾਹਿਤ ਵਿਚ ਜਦੋਂ ਆਧੁਨਿਕਤਾ, ਨਗਰ ਚੇਤਨਾ, ਮਹਾਂ-ਨਗਰ ਚੇਤਨਾ, ਅਸਤਿੱਤਵਵਾਦ ਆਦਿ ਦਾ ਚਰਚਾ ਸਾਹਮਣੇ ਆਇਆ, ਕੇਵਲ ਸਾਹਿਤ ਵਿਚ ਹੀ ਕਾਹਲੀ ਨਾਲ ਉਨ੍ਹਾਂ ਪ੍ਰਤਿਮਾਨਾਂ ਨੂੰ ਅਪਣਾ ਕੇ ਰਚਨਾਵਾਂ ਨਾ ਘੜੀਆਂ ਜਾਣ ਲੱਗੀਆਂ, ਸਗੋਂ ਆਧੁਨਿਕ ਕਾਲ ਦੇ ਸਮੁੱਚੇ ਸਾਹਿਤ ਲਈ ਅਧਿਆਪਨ ਦੇ ਦ੍ਰਿਸ਼ਟੀਕੋਣ ਵੀ ਉਨ੍ਹਾਂ ਪ੍ਰਤਿਮਾਨਾਂ ਦੇ ਸ਼ਿਕਾਰ ਹੋਏ।"[4] ਇਸ ਪ੍ਰਕਾਰ ਨਵੇਂ ਸਾਹਿਤ ਦੇ ਅਧਿਆਪਨ ਨੇ ਆਪਣਾ ਅਸਰ ਪਾਇਆ, ਪਰ ਇੱਥੇ ਇਹ ਨੋਟ ਕਰਨਾ ਦਿਲਚਸਪ ਹੋਵੇਗਾ ਕਿ ਹੋਰ ਵਿਸ਼ਿਆਂ-ਇਤਿਹਾਸ, ਭੂਗੋਲ, ਵਿਗਿਆਨ ਨੇ ਸਾਡੀ ਚੇਤਨਾ ਨੂੰ ਅੰਤਰ-ਰਾਸ਼ਟਰੀ ਪੱਧਰ ਤੇ ਉੱਪਰ ਚੁੱਕ ਦਿੱਤਾ। ਅੰਗਰੇਜ਼ੀ ਵਿਦਿਆ ਦੀ ਇਹ ਵਿਸੰਗਤੀ ਰਹੀ ਕਿ ਇਹ ਸਦਾ ਮੈਕਾਲੇ ਦੀਆਂ ਇੱਛਾਵਾਂ ਅਨੁਕੂਲ ਨਹੀਂ ਰਹੀ, ਸਗੋਂ ਇਸ ਨੇ ਹਾਂ-ਪੱਖੀ ਹਿੱਸਾ ਵੀ ਸਭ ਤੋਂ ਵੱਧ ਪਾਇਆ।

ਆਧੁਨਿਕ ਪੰਜਾਬੀ ਕਵਿਤਾ ਨੂੰ ਉਤਪੰਨ ਕਰਨ ਵਾਲੀਆਂ ਸ਼ਕਤੀਆਂ ਵਿਚੋਂ ਧਾਰਮਿਕ ਪੁਨਰ ਉਥਾਨ ਅਤੇ ਸਮਾਜ ਸੁਧਾਰ ਦੀਆਂ ਲਹਿਰਾਂ ਦਾ ਕੇਂਦਰ ਵੀ ਸ਼ਹਿਰ ਹੀ ਰਹੇ ਹਨ। ਉਨ੍ਹਾਂ ਦਾ ਬਹੁਤਾ ਪ੍ਰਭਾਵ ਸ਼ਹਿਰਾਂ ਵਿਚ ਸੀ ਅਤੇ ਉਨ੍ਹਾਂ ਦੇ ਪ੍ਰਭਾਵ ਹੇਠ ਉਪਜੀ ਕਵਿਤਾ ਦੀ ਅਪੀਲ ਸਮੂਹਿਕ ਪੰਜਾਬੀਆਂ ਨੂੰ ਹੋਣ ਦੀ ਥਾਂ ਸੰਕੀਰਣ ਧਾਰਮਿਕ ਦਾਇਰੇ ਵਿਚ ਸੀ। ਪੇਂਡੂ ਪੰਜਾਬੀ ਲੋਕ-ਮਨ ਵਿਚ ਲੋਕ-ਧਰਮ ਦੀ ਪਕੜ ਪੀਡੀ ਸੀ, ਜੋ ਕਿ ਆਪਣੇ ਖਾਸੇ ਵਜੋਂ ਹੀ ਧਾਰਮਿਕ ਸਹਿਣਸ਼ੀਲਤਾ ਵਾਲਾ ਹੁੰਦਾ ਹੈ। ਧਾਰਮਿਕ ਪੁਨਰ ਉਥਾਨ ਨਾਲ ਲੋਕ ਧਰਮ ਦੀ ਥਾਂ ਵਸ਼ਿਸ਼ਟ ਧਰਮ ਸਥਾਪਤ ਹੋਣ ਲੱਗਿਆ, ਜੋ ਜਲਦੀ ਹੀ ਸੰਪਰਦਾਇਕਤਾ ਦਾ ਸ਼ਿਕਾਰ ਹੋ ਗਿਆ। ਇਸ ਦੇ ਭਵਿੱਖ ਵਿਚ ਬੜੇ ਦੁਖਾਂਤਕ ਸਿੱਟੇ ਨਿਕਲੇ ਅਤੇ ਨਿਕਲ ਰਹੇ ਹਨ। ਸ਼ਹਿਰਾਂ ਵਿਚ ਉਠੀ ਧਾਰਮਿਕ ਪੁਨਰ ਉਥਾਨ ਦੀ ਸਿੰਘ ਸਭਾ ਲਹਿਰ, ਆਜ਼ਾਦੀ ਦੇ ਰਾਸ਼ਟਰੀ ਪ੍ਰਸੰਗ ਵਿਚ ਭਾਵੇਂ ਹਾਂ-ਪੱਖੀ ਅੰਸ਼ ਵੀ ਰੱਖਦੀ ਸੀ, ਪਰ ਸੰਪਰਦਾਇਕਤਾ ਨਾਲ ਭਰਪੂਰ ਸੀ। ਇਨ੍ਹਾਂ ਲਹਿਰਾਂ ਨੂੰ ਪੇਂਡੂ ਮਨ ਨੇ ਸਵੀਕਾਰ ਨਾ ਕੀਤਾ, ਕਿਉਂਕਿ ਪੇਂਡੂਆਂ ਦੀਆਂ ਯਥਾਰਥਕ ਹਾਲਤਾਂ, ਉਨ੍ਹਾਂ ਲਹਿਰਾਂ ਦੀ ਧਾਰਮਿਕ ਸ਼ੁੱਧਤਾਈ ਦੀ ਮੰਗ ਨਾਲ ਮੇਲ ਨਹੀਂ ਖਾਂਦੀਆਂ ਸਨ। ਲੋਕ-ਕਾਵਿ ਵਿਚ ਇਸ ਦਾ ਆਮ ਪ੍ਰਗਟਾ ਮਿਲਦਾ

www.PunjabiLibrary.com

ਹੈ । ਇਸੇ ਕਾਰਨ ਇਨ੍ਹਾਂ ਲਹਿਰਾਂ ਦੇ ਪ੍ਰਭਾਵ ਅਧੀਨ ਧਾਰਮਿਕ ਸ਼ੁੱਧਤਾਈ ਤੇ ਕਰੜਾਈ ਵਾਲੇ ਸ਼ਹਿਰੀ ਕਾਵਿ ਦੀ ਥਾਂ ਪੇਂਡੂ ਲੋਕ ਆਪਣੇ ਲੋਕ-ਧਰਮ ਵਾਲੇ ਧਾਰਮਿਕ ਸਹਿਣਸ਼ੀਲਤਾ ਦੇ ਗੁਣ ਨੂੰ ਚੰਬੜੇ ਰਹੇ । ਭਾਈ ਵੀਰ ਸਿੰਘ ਦੀ ਕਵਿਤਾ ਜਾਂ ਵਾਰਤਕ ਵਿਚ ਸਿਰਫ ਸਿੱਖ ਪਾਤਰਾਂ ਨੂੰ ਉਤਮ ਚਿਤਰਿਆ ਜਾਂਦਾ ਹੈ, ਇਸ ਦੇ ਉਲਟੇ ਮਾਲਵੇ ਦੇ ਲੋਕ-ਕਾਵਿ ਵਿਚ ਸਾਰਿਆਂ ਦੇਵੀਆਂ, ਦੇਵਤਿਆਂ, ਗੁਰੂ-ਇਸ਼ਟਾਂ ਨੂੰ ਧਿਆਉਂਦੀਆਂ ਮੰਗਲਾਚਰਨੀ ਲੋਕ-ਬੋਲੀਆਂ ਆਮ ਮਿਲਦੀਆਂ ਹਨ । ਇਸੇ ਪ੍ਰਸੰਗ ਵਿਚ ਮਾਲਵੇ ਦੇ ਪ੍ਰਸਿੱਧ ਕਵੀਸ਼ਰ ਬਾਬੂ ਰਜਬ ਅਲੀ ਦੀ ਕਵੀਸ਼ਰੀ ਨੂੰ ਅਤੇ ਬਾਹਰ ਗਏ ਪੇਂਡੂ ਪੰਜਾਬੀਆਂ ਦੇ 'ਗ਼ਦਰੀ ਅਖ਼ਬਾਰ', 'ਗ਼ਦਰ-ਅੰਦਰ', 'ਗ਼ਦਰ ਦੀ ਗੂੰਜ' ਨਾਂ ਹੇਠ ਛਪੀਆਂ ਕਵਿਤਾਵਾਂ ਨੂੰ ਵਿਚਾਰਿਆ ਜਾ ਸਕਦਾ ਹੈ । ਧਾਰਮਿਕ ਲਹਿਰਾਂ ਦੇ ਪੁਨਰ-ਉਥਾਨ ਸਮੇਂ ਆਧੁਨਿਕ ਪੰਜਾਬੀ ਕਵਿਤਾ ਦੇ ਉਧਾਰੀ ਸੰਵੇਦਨਾ ਵਾਲੇ ਕਵੀਆਂ ਦੀਆਂ ਕਵਿਤਾਵਾਂ ਵਿਚ ਰਾਸ਼ਟਰਵਾਦੀ ਅੰਸ਼ਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਉਨ੍ਹਾਂ ਨੇ ਸੰਪਰਦਾਇਕ ਰਾਸ਼ਟਰਵਾਦ ਨੂੰ ਜਨਮ ਦਿੱਤਾ, ਜਦੋਂ ਕਿ 'ਦੇਸੀ ਚੇਤਨਾ' ਜਿਸ ਨੂੰ ਪਰੰਪਰਾਵਾਦੀ ਕਵਿਤਾ ਕਿਹਾ ਜਾਂਦਾ ਹੈ, ਨੇ ਨਵੇਂ ਗਿਆਨ-ਵਿਗਿਆਨ ਨੂੰ ਆਪਣੇ ਅਨੁਭਵ ਵਿਚ ਸਮਾਉਂਦਿਆਂ, ਅੰਗਰੇਜ਼ ਸਾਮਰਾਜ ਖਿਲਾਫ਼ ਨਿਰੋਲ ਰਾਸ਼ਟਰਵਾਦੀ ਪੈਂਤੜਾ ਉਭਾਰਿਆ ਸੀ ।

ਪੰਜਾਬੀ ਪ੍ਰੈਸ ਦੇ ਸਥਾਪਿਤ ਹੋ ਜਾਣ ਨਾਲ ਅਖ਼ਬਾਰਾਂ, ਰਿਸਾਲਿਆਂ, ਪੈਮਫ਼ਲਿਟਾਂ, ਛਪੇ ਪਤਰਿਆਂ, ਕਿਤਾਬਾਂ ਆਦਿ ਨੇ ਆਧੁਨਿਕ ਪੰਜਾਬੀ ਕਵਿਤਾ ਤੇ ਦੂਹਰਾ ਪ੍ਰਭਾਵ ਪਾਇਆ । ਇਕ ਪਾਸੇ ਤਾਂ ਅਖ਼ਬਾਰ, ਮਾਸਿਕ ਪੱਤਰ, ਛਪੇ ਪੱਤਰੇ ਅਤੇ ਕਿਤਾਬਾਂ ਆਮ ਕਰਕੇ ਉਨ੍ਹਾਂ ਹੀ ਲੋਕਾਂ ਵਲੋਂ ਪੜ੍ਹੇ ਜਾਂਦੇ ਸਨ, ਜਿਹੜੇ ਅੰਗਰੇਜ਼ੀ ਸਿੱਖਿਆ ਪੜ੍ਹੇ ਸਨ ਜਾਂ ਫਿਰ ਉਨ੍ਹਾਂ ਹੀ ਲੋਕਾਂ ਵਲੋਂ ਪ੍ਰਕਾਸ਼ਤ ਕੀਤੇ ਜਾਂਦੇ ਸਨ । ਇਸ ਪ੍ਰਕਾਰ ਪਹਿਲੀ ਪੱਧਰ ਤੇ ਤਾਂ ਅਖ਼ਬਾਰਾਂ ਆਦਿ ਨੇ ਉਨ੍ਹਾਂ ਹੀ ਲੋਕਾਂ ਤੇ ਪ੍ਰਭਾਵ ਪਾਇਆ, ਜੋ ਅੰਗਰੇਜ਼ੀ ਸਿੱਖਿਆ ਦਾ ਕੱਚਾ-ਪੱਕਾ ਪ੍ਰਭਾਵ ਪਹਿਲਾਂ ਹੀ ਗ੍ਰਹਿਣ ਕਰੀ ਬੈਠੇ ਸਨ । ਅਖ਼ਬਾਰ ਉਸੇ ਕੱਚੇ-ਪੱਕੇ ਪ੍ਰਭਾਵ ਨੂੰ ਪੁਸ਼ਟ ਕਰਦੇ ਸਨ । ਪਰ ਸਮੇਂ ਨਾਲ ਇਕ ਪਾਸੇ ਤਾਂ ਵਿਦਿਆ ਫੈਲਣ ਲੱਗੀ, ਦੂਜੇ ਪਾਸੇ ਅਖ਼ਬਾਰਾਂ ਆਦਿ ਦੀ ਰਾਜਨੀਤਕ ਪੱਧਰ ਤੇ ਵਰਤੋਂ ਹੋਣ ਲੱਗੀ, ਜਿਸ ਨਾਲ ਇਹ ਸਾਧਨ ਦੋਹਾਂ ਚੇਤਨਾਂ ਨੂੰ ਇਕ ਸੁਰ ਕਰਨ ਦੇ ਯਤਨ ਕਰਦਾ ਰਿਹਾ । ਇਸੇ ਪ੍ਰਕਾਰ ਕਵੀ ਦਰਬਾਰ ਭਾਵੇਂ ਸ਼ਹਿਰਾਂ ਵਿਚ ਜਥੇਬੰਦ ਕੀਤੇ ਜਾਂਦੇ ਸਨ, ਉਨ੍ਹਾਂ ਦੇ ਪ੍ਰਯੋਜਕਾਂ ਦਾ ਪ੍ਰਯੋਜਨ ਵੀ ਸਮਾਜ ਸੁਧਾਰ ਹੀ ਹੁੰਦਾ ਸੀ ਅਤੇ ਉਹ ਖ਼ੁਦ 'ਉਧਾਰੀ ਸੰਵੇਦਨਾ' ਦੇ ਗਾਹਕ ਸਨ, ਪਰ ਕਿਉਂਕਿ ਕਵੀ ਦਰਬਾਰਾਂ ਦਾ ਇਕ ਸਿਰਾ ਸਿੱਧਾ ਸਰੋਤਿਆਂ ਨਾਲ ਜੁੜਿਆ ਹੋਣ ਕਰਕੇ, ਇਹ ਸਾਧਨ ਵੀ ਦੋਹਾਂ ਚੇਤਨਾ ਪੱਧਰਾਂ ਦੇ ਪਾੜੇ ਨੂੰ ਘਟਾਉਣ ਦੀ ਕੋਸ਼ਿਸ਼ ਕਰਦਾ ਸੀ । ਭਾਵੇਂ ਪਿੰਡਾਂ ਵਿਚ ਕਵੀ ਅਤੇ ਢਾਡੀ ਵੱਧ ਮਕਬੂਲ ਸਨ ।

ਅੰਗਰੇਜ਼ੀ ਸਾਮਰਾਜ ਦੇ ਨਾਲ ਹੀ ਆਵਾਜਾਈ ਦੇ ਸਾਧਨਾਂ ਦੀ ਨਵੀਂ ਤਕਨੀਕ ਰੇਲ ਗੱਡੀ ਅਤੇ ਹੋਰ ਸਾਧਨ ਭਾਰਤ ਆਏ । ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਪੰਜਾਬੀਆਂ ਦਾ ਆਪਸ ਵਿਚ, ਪੰਜਾਬੀਆਂ ਦਾ ਦੇਸ਼ ਦੇ ਹੋਰ ਹਿੱਸਿਆਂ ਨਾਲ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਸੰਪਰਕ ਵਧਿਆ, ਜਿਸ ਨੇ ਪੇਂਡੂ ਸ਼ਰੇਣੀ ਤੇ ਵੀ ਪ੍ਰਭਾਵ ਪਾਇਆ । ਪੇਂਡੂ ਲੋਕ ਸਭ ਤੋਂ ਪਹਿਲਾਂ ਅੰਗਰੇਜ਼ੀ ਫੌਜ ਵਿਚ ਵੱਡੀ ਪੱਧਰ ਤੇ ਭਰਤੀ ਹੋਏ, ਬਾਅਦ ਵਿਚ ਹੋਰ ਕਾਰੋਬਾਰੀ ਕੰਮਾਂ ਲਈ ਵੀ ਦੇਸ਼ ਅੰਦਰ ਸ਼ਹਿਰਾਂ ਵੱਲ ਅਤੇ ਬਾਹਰ ਪ੍ਰਦੇਸੀਂ ਜਾਣ ਲੱਗੇ । ਪਰ ਇੱਥੇ ਬੜੀ ਦਿਲਚਸਪ ਗੱਲ ਨੋਟ ਕਰਨ ਵਾਲੀ ਹੈ

www.PunjabiLibrary.com

ਕਿ ਜਿੱਥੇ ਸ਼ਹਿਰੀ ਜਾਂ ਨੌਕਰੀ ਪੇਸ਼ਾ ਪੰਜਾਬੀਆਂ ਨੇ ਨਵੇਂ ਵਿਚਾਰਾਂ ਨੂੰ ਸਿਧਾਂਤ ਦੀ ਪੱਧਰ ਤੇ ਸਿੱਖਿਆ ਰਾਹੀਂ ਗ੍ਰਹਿਣ ਕੀਤਾ, ਉੱਥੇ ਪੇਂਡੂ ਜੋ ਫੌਜ ਜਾਂ ਹੋਰ ਕੰਮਾਂ ਧੰਦਿਆਂ ਲਈ ਵਿਦੇਸ਼ ਗਏ ਸੀ, ਉਨ੍ਹਾਂ ਨੇ ਨਵੇਂ ਵਿਚਾਰਾਂ ਨੂੰ ਵਿਵਹਾਰ ਦੀ ਪੱਧਰ ਤੇ ਅਮਲੀ ਜੀਵਨ ਦੇ ਅਨੁਭਵਾਂ ਵਿਚ ਗ੍ਰਹਿਣ ਕੀਤਾ। ਉਹ ਲੋਕ ਜਿਹੜੇ ਪਿੰਡਾਂ ਵਿਚੋਂ ਉਠ ਕੇ ਬਾਹਰਲੇ ਦੇਸ਼ਾਂ ਨੂੰ ਚਲੇ ਗਏ ਸਨ, ਉਨ੍ਹਾਂ ਦੇ ਵਿਚਾਰ ਤਾਂ ਬਦਲੇ ਹੋਏ ਸਨ, ਪਰ ਉਨ੍ਹਾਂ ਕੋਲ 'ਅੰਗਰੇਜ਼ੀ ਸਾਹਿਤ ਦਾ ਮਾਡਲ' ਨਾ ਹੋਣ ਕਾਰਨ, ਉਨ੍ਹਾਂ ਨੇ ਆਪਣੇ ਨਵੇਂ ਕ੍ਰਾਂਤੀਕਾਰੀ ਵਿਚਾਰਾਂ ਨੂੰ ਪਰੰਪਰਿਕ ਮੱਧਕਾਲੀ ਛੰਦਾਂ ਵਿਚ ਹੀ ਪੇਸ਼ ਕੀਤਾ। ਇਸ ਦੀ ਖ਼ੂਬਸੂਰਤ ਉਦਾਹਰਣ 'ਗ਼ਦਰੀ ਕਾਵਿ' ਹੈ।

ਚਿੱਤ ਦੀਆਂ ਹੋਣ ਯਾਰੋ ਸਭੇ ਭੌਣੀਆਂ
ਸਿਖ ਲੌ ਕਲਾ ਬਣੌਣੀਆਂ ਚਲੌਣੀਆਂ
ਬਾਰ ਬਾਰ ਚਿਤ ਮੇਂ ਕਰੋ ਵਿਚਾਰ ਜੀ
ਹੁਨਰਾਂ ਦੇ ਵਿਚ ਹੈ ਬੜੀ ਬਹਾਰ ਜੀ। (ਗ਼ਦਰੀ ਕਾਵਿ)

ਇਸ ਪ੍ਰਕਾਰ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਆਧੁਨਿਕ ਪੰਜਾਬੀ ਕਵਿਤਾ ਆਪਣੇ ਜਨਮ ਸਮੇਂ ਹੀ, ਪਰੰਪਰਿਕ ਕਵਿਤਾ ਦਾ ਸਹਿਜ ਵਿਕਾਸ ਹੋਣ ਦੀ ਥਾਂ ਇਕ ਦੁਫਾੜ ਪੈਦਾ ਕਰਦੀ ਹੈ। ਇਕ ਪਾਸੇ ਤਾਂ ਘੱਟ ਗਿਣਤੀ ਦੀ ਅੰਗਰੇਜ਼ੀ ਸਿੱਖਿਆ ਪ੍ਰਾਪਤ ਅੰਗਰੇਜ਼ਾਂ ਦੀ ਨੌਕਰੀ ਜਾਂ ਸ਼ਹਿਰੀ ਕਾਰੋਬਾਰ ਕਰਦੀ 'ਉਧਾਰੀ ਚੇਤਨਾ' ਦੀ ਕਵਿਤਾ ਹੈ। ਦੂਜੇ ਪਾਸੇ ਬਹੁਗਿਣਤੀ ਪੇਂਡੂ ਜਨਤਾ ਵਿਚ ਸਾਹਿਤਕ ਖ਼ਲਾਅ ਵਾਪਰ ਗਿਆ, ਜਿਸ ਨੇ ਪਹਿਲੀ ਪੱਧਰ ਤੇ ਤਾਂ ਮੱਧਕਾਲੀ ਕਾਵਿ-ਰੂਪਾਂ ਨੂੰ ਜਾਰੀ ਰੱਖਿਆ, ਪਰ ਉਨ੍ਹਾਂ ਵਿਚ ਵਿਭਿੰਨ ਪ੍ਰਯੋਗ ਕਰਕੇ ਨਵਿਆਂ ਵਿਸ਼ਿਆਂ ਨੂੰ ਛੁਹਿਆ ਜਾਂਦਾ ਸੀ। ਇਸੇ ਸਮੇਂ ਲੋਕ-ਕਾਵਿ ਨੇ ਜ਼ੋਰ ਫੜਿਆ। ਵਿਦਿਆ ਦੇ ਪ੍ਰਸਾਰ ਨਾਲ ਪੇਂਡੂ ਜਨਤਾ ਵਿਚ ਵੀ 'ਉਧਾਰੀ-ਚੇਤਨਾ' ਫੈਲਣ ਲੱਗੀ, ਪਰ ਵਸਤੂ-ਸਥਿਤੀ ਉਸ ਦੇ ਫੈਲਣ ਤੇ ਗਤੀਰੋਧ ਦਾ ਕੰਮ ਕਰਦੀ। ਹੌਲੀ-ਹੌਲੀ ਵਸਤੂ ਸਥਿਤੀ ਬਦਲੀ, ਸਿੱਧਾ ਅਸਰ ਘਟਿਆ ਤਾਂ ਇਕਸੁਰਤਾ ਬਣਨ ਦੇ ਆਸਾਰ ਨਜ਼ਰ ਆਉਣ ਲੱਗੇ। ਇਸ ਪਾੜੇ ਨੂੰ ਸਾਡੇ ਸਾਰਿਆਂ ਪ੍ਰਤਿਭਾਸ਼ਾਲੀ ਆਲੋਚਕਾਂ ਨੇ ਪਛਾਣਿਆ ਤਾਂ ਸੀ, ਪਰ ਇਸ ਦੇ ਦੂਰ-ਰਸੀ ਸਿੱਟਿਆਂ ਨੂੰ ਨਜ਼ਰ-ਅੰਦਾਜ਼ ਕਰੀ ਰੱਖਿਆ। ਡਾ: ਮਹਿੰਦਰਪਾਲ ਕੋਹਲੀ ਇਸੇ ਅੰਗਰੇਜ਼ੀ ਪ੍ਰਭਾਵ ਨੂੰ ਇਉਂ ਸੂਤਰਬੱਧ ਕਰਦੇ ਹਨ ਕਿ 'ਅੰਗਰੇਜ਼ੀ ਅਤੇ ਅੰਗਰੇਜ਼ੀ ਭਾਸ਼ਾ ਰਾਹੀਂ ਹੋਰ ਵਿਸ਼ਿਆਂ ਦੀ ਸਿੱਖਿਆ ਨੇ ਦੇਸੀ ਵਿਚਾਰਾਂ ਦੇ ਵਿਕਾਸ ਨੂੰ ਨਵਾਂ ਮੋੜ ਦਿੱਤਾ। ਇਸ ਨੇ ਦੇਸੀ ਪ੍ਰਤਿਭਾ ਦੇ ਸੁਤੰਤਰ ਵਿਕਾਸ ਤੇ ਰੋਕ ਲਾਈ।[5]

ਉਪਰਲੇ ਵਿਚਾਰਾਂ ਦੀ ਰੋਸ਼ਨੀ ਵਿਚ ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦਾ ਪੁਨਰ-ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ ਸਮੁੱਚੀ ਆਧੁਨਿਕ ਕਵਿਤਾ ਦਾ ਇਤਿਹਾਸ ਹੀ ਸਾਮਰਾਜੀ ਗਿਆਨ-ਸ਼ਾਸਤਰ ਦੇ ਪ੍ਰਭਾਵ ਹੇਠ ਹੈ, ਇਸ ਨੂੰ ਪ੍ਰਭਾਵ ਤੋਂ ਮੁਕਤ ਕਰਾ ਕੇ ਵਿਸ਼ਵ-ਗਿਆਨ ਸ਼ਾਸਤਰੀ ਪਰਿਪੇਖ ਅਧੀਨ ਮੁੜ ਲਿਖੇ ਜਾਣ ਦੀ ਲੋੜ ਹੈ। ਪਰ ਹਾਲ ਦੀ ਘੜੀ ਉਨ੍ਹਾਂ ਕੁਝ ਨੁਕਤਿਆਂ ਨੂੰ ਉਜਾਗਰ ਕਰਨਾ ਜ਼ਰੂਰੀ ਹੈ ਜਿਨ੍ਹਾਂ ਬਿਨਾਂ ਅੱਗੇ ਤੁਰਨਾ ਮੁਸ਼ਕਲ ਹੈ। ਆਧੁਨਿਕ ਪੰਜਾਬੀ ਕਾਵਿ ਦੇ ਨਿਰੀਖਣ ਸਮੇਂ ਕਥਿਤ ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਤੇ ਪਰੰਪਰਾਵਾਦੀ ਕਵਿਤਾ ਵਿਚ ਵੰਡ ਲਿਆ ਜਾਂਦਾ ਹੈ ਜੋ ਕਿ ਸਰਕਾਰ ਗ਼ਲਤ ਹੈ। ਪਰੰਪਰਾਵਾਦੀ ਕਾਵਿ-ਧਾਰਾ ਅੱਗੋਂ ਇਕ-ਜੁੱਟ

www.PunjabiLibrary.com

ਨਹੀਂ, ਉਸ ਦੀਆਂ ਵੀ ਅੱਗੋਂ ਕਾਵਿ-ਧਾਰਾਵਾਂ ਹਨ, ਦੂਜਾ ਉਸ ਨੂੰ ਸਥਿਰ, ਖਤਮ ਹੋ ਰਹੀ ਸਮਝਿਆ ਜਾਂਦਾ ਹੈ ਜਦੋਂ ਕਿ ਇਹ ਧਾਰਾਵਾਂ ਗਤੀਸ਼ੀਲ ਰੂਪ ਵਿਚ ਬਦਲ ਰਹੀਆਂ ਸਨ ਤੇ ਇਹ ਆਧੁਨਿਕ ਪੰਜਾਬੀ ਕਾਵਿ-ਧਾਰਾ ਵਿਚ ਸਮਿਲਤ ਹੋਈਆਂ ਹਨ। ਇਨ੍ਹਾਂ ਨੂੰ ਛੁਟਿਆਉਣਾ ਤੱਥਾਂ ਤੋਂ ਮੂੰਹ ਮੋੜਨਾ ਹੈ। ਇਸ ਕਬਿਤ ਪਰੰਪਰਾਵਾਦੀ ਕਾਵਿ-ਧਾਰਾ ਦੀਆਂ ਕਿਰਤਾਂ ਦਾ ਸਾਹਿਤਕ ਮੁੱਲ ਸਾਮ-ਰਾਜੀ ਕਾਵਿ-ਸ਼ਾਸਤਰ ਅਨੁਸਾਰ ਘੱਟ ਹੋ ਸਕਦਾ ਹੈ, ਪਰ ਉਸ ਨੂੰ ਸਾਹਿਤ ਇਤਿਹਾਸ ਵਿਚ ਬਣਦਾ ਥਾਂ ਦਿੱਤਾ ਜਾਣਾ ਚਾਹੀਦਾ ਹੈ।

ਸਾਹਿਤ ਵਿਚ ਧਾਰਾਵਾਂ ਨੂੰ ਆਮ ਕਰਕੇ ਕਿਸੇ ਖਾਸ ਸਮੇਂ ਜਾਂ ਖਾਸ ਕਵੀ ਨਾਲ ਜਾਂ ਖਾਸ ਘਟਨਾ ਨਾਲ ਬੰਨ੍ਹ ਕੇ ਵੇਖਿਆ ਜਾਂਦਾ ਹੈ। ਧਾਰਾ ਦਾ ਅਧਿਐਨ ਦੂਜੀਆਂ ਧਾਰਾਵਾਂ ਤੋਂ ਤੋੜ ਕੇ ਇਕਹਿਰੇ ਨਿਰਪੇਖ ਵਰਤਾਰੇ ਵਜੋਂ ਕੀਤਾ ਜਾਂਦਾ ਹੈ। ਪਰੰਪਰਾ ਨੂੰ ਤਾਂ ਥੋੜ੍ਹਾ ਬਹੁਤਾ ਗੌਲਿਆ ਜਾਂਦਾ ਹੈ, ਪਰ ਸਮਕਾਲੀਨ ਧਾਰਾਵਾਂ ਦੇ ਦਬਾਵਾਂ ਨੂੰ ਤਾਂ ਬਿਲਕੁਲ ਹੀ ਨਜ਼ਰ-ਅੰਦਾਜ਼ ਕਰ ਦਿੱਤਾ ਜਾਂਦਾ ਹੈ। ਰੂਪਕੀ ਢੰਗ ਨਾਲ ਸਮਝਣ ਲਈ ਸਾਹਿਤ ਦੇ ਪ੍ਰਵਾਹ ਨੂੰ ਡੰਡਾ-ਦੌੜ (ਰਿਲੇਅ-ਰੇਸ) ਨਾਲ ਤੁਲ-ਨਾਇਆ ਜਾ ਸਕਦਾ ਹੈ, ਜਿਸ ਵਿਚ ਪਿਛਲੀਆਂ ਧਾਰਾਵਾਂ ਅਗਲੀਆਂ ਧਾਰਾਵਾਂ ਨੂੰ ਜਨਮ ਦਿੰਦੀਆਂ ਹਨ, ਸਮਕਾਲੀਨ ਧਾਰਾਵਾਂ ਵਿਚ ਆਪਸੀ ਟਕਰਾ ਚੱਲਦਾ ਰਹਿੰਦਾ ਹੈ। ਧਾਰਾਵਾਂ ਚੱਲਦੀਆਂ ਹਨ, ਸਮਕਾਲੀਨ ਤੋਂ ਅੱਗੇ ਨਿਕਲ ਕੇ ਪ੍ਰਧਾਨ ਬਣ ਜਾਂਦੀਆਂ ਹਨ। ਇਹ ਇਕ ਦੂਜੀ ਤੋਂ ਪ੍ਰਭਾਵਤ ਹੁੰਦੀਆਂ ਅਤੇ ਕਰਦੀਆਂ ਹਨ। ਇਨ੍ਹਾਂ ਧਾਰਾਵਾਂ ਤੇ ਇਕ ਨਜ਼ਰ ਮਾਰ ਲੈਣੀ ਯੋਗ ਹੋਵੇਗੀ।

ਰਾਜਨੀਤਿਕ ਕਵਿਤਾ ਦਾ ਉਦੇ ਹੋਣਾ :

ਪੰਜਾਬੀ ਦੀ ਆਧੁਨਿਕ ਕਵਿਤਾ ਦੇ ਲੱਛਣ ਬਿਆਨਦਿਆਂ ਅਕਸਰ ਹੀ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਕਿ ਆਧੁਨਿਕ ਕਵਿਤਾ ਆਉਣ ਨਾਲ ਰਾਜਨੀਤਕ ਕਵਿਤਾ ਦਾ ਉਦੇ ਹੁੰਦਾ ਹੈ। ਸਾਡੀ ਮੱਧਕਾਲੀ ਕਵਿਤਾ ਵਿਚ ਵੀ ਰਾਜਨੀਤਕ ਕਵਿਤਾ ਦੇ ਅੰਸ਼ ਮਿਲਦੇ ਹਨ, ਖਾਸ ਕਰਕੇ ਗੁਰੂ ਨਾਨਕ ਦੇਵ ਜੀ ਦੀ ਬਾਬਰ ਬਾਣੀ ਵਿਚ। ਵਾਰਿਸ ਸ਼ਾਹ ਨੇ ਸਿੱਖ ਸ਼ਕਤੀ ਦੇ ਚੜ੍ਹਾਅ ਤੇ ਕੁਝ ਪੰਕਤੀਆਂ ਕਹੀਆਂ ਸਨ। ਪਰ ਸਮੁੱਚੀ ਮੱਧਕਾਲੀ ਪੰਜਾਬੀ ਕਵਿਤਾ ਵਿਚ ਨਿਰੋਲ ਰਾਜਨੀਤਿਕ ਕਵਿਤਾ ਦਾ ਕੋਈ ਸਬੂਤ ਨਹੀਂ ਹੈ। ਜਦੋਂ ਕਿ ਆਧੁਨਿਕ ਕਵਿਤਾ ਦਾ ਜਨਮ ਹੀ ਰਾਜਸੀ ਕਵਿਤਾ ਵਜੋਂ ਹੋਇਆ। ਇਥੇ ਦੋ ਨੁਕਤੇ ਹੋਰ ਸਪੱਸ਼ਟ ਕਰ ਦੇਣੇ ਯੋਗ ਹੋਣਗੇ, ਪਹਿਲਾ : ਆਮ ਮਾਰਕਸੀ ਧਾਰਨਾ ਹੈ ਕਿ ਕੋਈ ਵੀ ਕਵੀ ਰਾਜਨੀਤੀ ਤੋਂ ਮੁਕਤ ਨਹੀਂ ਹੁੰਦਾ। ਇਸ ਤੋਂ ਸਿੱਟਾ ਕੱਢ ਲਿਆ ਜਾਂਦਾ ਹੈ ਕਿ ਹਰ ਕਵੀ ਹੀ ਰਾਜਸੀ ਕਵੀ ਹੁੰਦਾ ਹੈ। ਪਰ ਇਥੇ ਇਕ ਭੁਲੇਖਾ ਹੈ ਕਿ ਪਹਿਲੀ ਗੱਲ ਹਰ ਕਵੀ ਦੀ ਕਵਿਤਾ ਵਿਚ ਉਸ ਦਾ ਜੀਵਨ ਦ੍ਰਿਸ਼ਟੀਕੋਣ ਸਮਾਇਆ ਹੁੰਦਾ ਹੈ, ਉਸ ਤੋਂ ਉਸ ਦੀ ਵਿਚਾਰਧਾਰਾ ਬਾਰੇ ਅੰਦਾਜ਼ਾ ਤਾਂ ਲਾਇਆ ਜਾ ਸਕਦਾ ਹੈ, ਪਰ ਉਸ ਦੀ ਵਿਚਾਰਧਾਰਾ ਅਨੁਸਾਰ, ਉਸ ਨੂੰ ਰਾਜਸੀ ਕਵੀ ਕਹਿਣਾ ਗਲਤ ਹੈ। ਦੂਜਾ ਰਾਜਸੀ ਕਵੀ ਅਸੀਂ ਉਸ ਨੂੰ ਆਖਾਂਗੇ ਜੋ ਰਾਜਸੀ ਵਿਸ਼ਿਆਂ ਨੂੰ ਆਧਾਰ ਬਣਾ ਕੇ ਕਵਿਤਾ ਲਿਖਦਾ ਹੈ ਜਾਂ ਆਮ ਵਰਤਾਰਿਆਂ ਨੂੰ ਵਿਸ਼ੇਸ਼ ਰਾਜਸੀ ਦ੍ਰਿਸ਼ਟੀਕੋਣ ਤੋਂ ਚਿਤਰਦਾ ਹੈ।

ਰਾਜਸੀ ਕਵਿਤਾ ਲਿਖਣਾ ਮੱਧਕਾਲ ਵਿਚ ਸੰਭਵ ਨਹੀਂ ਸੀ। ਉਸ ਸਮੇਂ ਦੇ ਜਾਗੀਰਦਾਰੀ ਰਾਜ ਵਿਚ ਰਾਜਿਆਂ/ਬਾਦਸ਼ਾਹਾਂ ਦੀ ਗੁਣ-ਗਾਇਣ ਕਰਦੀ ਕਵਿਤਾ ਹੀ ਲਿਖੀ ਜਾ ਸਕਦੀ ਸੀ।

www.PunjabiLibrary.com

ਜਾਂ ਉਲਟ ਲਿਖ ਕੇ ਫਿਰ ਦੇਸ਼ ਨਿਕਾਲਾ ਜਾਂ ਮੌਤ ਦੀ ਸਜ਼ਾ ਕਬੂਲੀ ਜਾ ਸਕਦੀ ਸੀ। ਪੰਜਾਬੀ ਦਰਬਾਰੀ ਭਾਸ਼ਾ ਨਾ ਹੋਣ ਕਰਕੇ ਗੁਣ ਗਾਇਣ ਵਾਲੀ ਕਵਿਤਾ ਤੋਂ ਬਚੀ ਰਹੀ, ਦੂਜੇ ਪਾਸੇ ਸਮਰਥਾ ਅਨੁਸਾਰ ਰਾਜਸੀ ਵਿਸ਼ੇ ਵੀ ਵਿਚਾਰ ਅਧੀਨ ਆਉਂਦੇ ਰਹੇ, ਪਰ ਬੱਝਵੀਂ ਕਾਵਿ-ਪਰੰਪਰਾ ਦੀ ਅਣਹੋਂਦ ਕਾਰਨ ਅਤੇ ਸਮਕਾਲੀ ਦਬਾਵਾਂ ਕਾਰਨ ਬੱਝਵੀਂ ਧਾਰਾ ਨਾ ਬਣ ਸਕੀ। ਜਦੋਂ ਕਿ ਆਧੁਨਿਕ ਪੂੰਜੀਵਾਦੀ ਯੁੱਗ ਆਪਣੇ ਨਾਲ ਹੀ ਜਮਹੂਰੀ ਰਾਜ ਪ੍ਰਬੰਧ ਲੈ ਕੇ ਆਉਂਦਾ ਹੈ, ਜਿਸ ਵਿਚ ਵਿਰੋਧ ਦੀ ਵੀ ਗੁੰਜਾਇਸ਼ ਹੁੰਦੀ ਹੈ ਤਾਂ ਰਾਜਸੀ ਕਵਿਤਾ ਦਾ ਉਦੇ ਹੁੰਦਾ ਹੈ। ਪੰਜਾਬ ਵਿਚ ਅੰਗਰੇਜ਼ ਸਾਮਰਾਜੀ ਵਿਦੇਸ਼ੀਆਂ ਦਾ ਕਬਜ਼ਾ ਹੁੰਦਿਆਂ ਹੀ ਸ਼ਾਹ-ਮੁਹੰਮਦ ਨੇ 'ਜੰਗਨਾਮਾ' ਲਿਕ ਕੇ ਰਾਜਸੀ ਕਵਿਤਾ ਦਾ ਮੁੱਢ ਬੰਨ੍ਹ ਦਿੱਤਾ ਸੀ। ਇਸ ਤੋਂ ਬਾਅਦ ਤਾਂ ਕਿਰਤੀ ਕਿਸਾਨ ਲਹਿਰ ਦੀ ਕਵਿਤਾ, ਗ਼ੱਦਰੀ ਕਾਵਿ, ਬੱਬਰ ਕਾਵਿ, ਰਾਸ਼ਟਰਵਾਦੀ ਕ਼ਾਵਿ, ਪ੍ਰਗਤੀਵਾਦੀ ਕਾਵਿ, ਨਕਸਲਬਾੜੀ ਕਾਵਿ, ਪੰਜਾਬੀ ਦੀਆਂ ਸਾਰੀਆਂ ਪ੍ਰਮੁੱਖ ਸਿਆਸੀ ਲਹਿਰਾਂ ਨਾਲ ਕਾਵਿ-ਲਹਿਰਾਂ ਵੀ ਉੱਠੀਆਂ। ਇਸ ਰਾਜਸੀ ਕਵਿਤਾ ਦਾ ਪੰਜਾਬੀ ਵਿਚ ਉਦੇ ਹੋਣ ਦਾ ਕਾਰਨ, ਅੰਗਰੇਜ਼ ਸਾਮਰਾਜੀਆਂ ਦਾ ਸਾਡੇ ਦੇਸ਼ ਤੇ ਕਬਜ਼ਾ, ਉਨ੍ਹਾਂ ਦੀ ਭਾਸ਼ਾ ਅੰਗਰੇਜ਼ੀ ਤੇ ਸਾਡੀ ਭਾਸ਼ਾ ਪੰਜਾਬੀ ਹੋਣ ਕਾਰਨ, ਉਨ੍ਹਾਂ ਦੇ ਖਿਲਾਫ਼ ਪੰਜਾਬੀ ਵਿਚ ਕਵਿਤਾ ਲਿਖਣੀ ਕਈ ਪੱਖਾਂ ਤੋਂ ਸੌਖੇਰੀ ਸੀ। ਅੰਗਰੇਜ਼ੀ ਰਾਜ ਦੌਰਾਨ ਭਾਵੇਂ ਕਵੀਆਂ ਨੂੰ ਸਖ਼ਤ ਸਜ਼ਾਵਾਂ ਕਿਤਾਬਾਂ ਦੀ ਜ਼ਬਤੀ ਤੋਂ ਲੈ ਕੇ ਕੈਦਾਂ, ਜੁਰਮਾਨੇ ਤਕ ਕੀਤੇ ਜਾਂਦੇ ਸਨ, ਪਰ ਫੇਰ ਵੀ ਤਸੀਹੇ ਦੇ ਕੇ ਮਾਰਨ ਵਾਲੀਆਂ ਮੱਧਯੁੱਗੀ ਤਸ਼ੱਦਦ ਵਿਧੀਆਂ ਦੀ ਵਰਤੋਂ ਹੋਣ ਦਾ ਖ਼ਤਰਾ ਘੱਟ ਸੀ। ਵਧ ਰਹੇ ਆਪਸੀ ਸੰਪਰਕ ਕਾਰਨ ਰਾਜਸੀ ਸ਼ਕਤੀ ਦੇ ਆਧਾਰ ਵਿਚ ਨਿਰੋਲ ਫ਼ੌਜੀ ਸ਼ਕਤੀ ਦੀ ਥਾਂ ਲੋਕ-ਰਾਏ ਦੀ ਮਹੱਤਤਾ ਦਾ ਵਧਣਾ ਕਿਹਾ ਜਾ ਸਕਦਾ ਹੈ। ਇਸ ਹਾਲਤ ਵਿਚ ਨਵੀਂ ਪੰਜਾਬੀ ਕਵਿਤਾ ਦਾ ਆਰੰਭ ਹੀ ਰਾਜਸੀ ਵਿਸ਼ੇ ਨੂੰ ਲੈ ਕੇ ਸ਼ਾਹ ਮੁਹੰਮਦ ਕਰਦੇ ਹਨ।

ਇਸ ਤੋਂ ਬਾਅਦ ਰਾਜਸੀ ਕਵਿਤਾ ਦਾ ਦੌਰ ਆਰੰਭ ਹੋ ਜਾਂਦਾ ਹੈ। ਇਹ ਅਜੇ ਤਕ ਨਿਰੰਤਰ ਚਲਿਆ ਆਉਂਦਾ ਹੈ। ਬਾਰ ਦੇ ਇਲਾਕੇ ਵਿਚ ਅੰਗਰੇਜ਼ੀ ਕਾਨੂੰਨ ਖਿਲਾਫ਼ ਉਠੀ ਕਿਰਤੀ-ਕਿਸਾਨ ਲਹਿਰ ਦੇ ਅਧੀਨ ਲਾਲਾ ਬਾਂਕੇ ਦਿਆਲ (1907) ਨੇ 'ਪਗੜੀ ਸੰਭਾਲ' ਨਾਂ ਦੀ ਸ਼ੁਧ ਰਾਜਸੀ ਕਵਿਤਾ ਲਿਖੀ, ਜੋ ਇੰਨੀ ਹਰਮਨ ਪਿਆਰੀ ਹੋਈ ਕਿ ਰਾਜਸੀ ਲਹਿਰ ਦਾ ਨਾਂ ਹੀ 'ਪੱਗੜੀ ਸੰਭਾਲ' ਪੈ ਗਿਆ। ਇਸ ਕਵਿਤਾ ਦਾ ਸੰਚਾਰ ਸਿੱਧਾ 'ਜੱਟਾਂ' ਨੂੰ ਸਰੋਤਾ ਮੁੱਖ ਹੈ। ਉਲਾਹਮਾ ਸਿੱਧਾ ਅੰਗਰੇਜ਼ 'ਲਾਟ' ਤੇ ਹੈ:

ਸਾੜੀਆਂ ਗੱਲਾਂ ਗਈਆਂ ਭੋਂ ਦੇ ਮੁੱਲ ਓਇ
ਜਾਤਾ ਨਾ ਸਾਨੂੰ ਸਾਡੇ ਲਾਟ ਨੇ ਭੁੱਲ ਓਇ
ਕੀਤਾ ਨਾ ਕਿਸੇ ਸਾਡੇ ਦੁੱਖ ਦਾ ਖ਼ਿਆਲ ਓਇ
ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਇ।

ਇਸੇ ਪ੍ਰਕਾਰ ਬਾਹਰ ਫੌਜ ਅਤੇ ਹੋਰ ਖੱਟਣ ਕਮਾਉਣ ਗਏ ਪੰਜਾਬੀਆਂ ਨੇ ਅਮਰੀਕਾ ਵਿਚ ਇਕੱਠੇ ਹੋ ਕੇ ਗ਼ਦਰੀ ਲਹਿਰ ਦੀ ਨੀਂਹ ਰੱਖੀ। ਉਨ੍ਹਾਂ ਦੀ ਅਖ਼ਬਾਰ ਗ਼ਦਰ ਗੂੰਜਾਂ ਵਿਚ ਛਪੀਆਂ ਕਵਿਤਾਵਾਂ ਸਿੱਧੇ ਤੌਰ ਤੇ ਅੰਗਰੇਜ਼ ਸਾਮਰਾਜ ਨੂੰ ਦੇਸ਼ ਵਿਚੋਂ ਨਿਕਲ ਜਾਣ ਦਾ ਲਲਕਾਰਾ ਸੀ। ਉਸ ਵਿਚਲੇ ਕਵੀ ਆਮ ਕਰਕੇ ਆਪਣਾ ਨਾਂ ਨਹੀਂ ਦਿੰਦੇ ਸਨ ਅਤੇ ਜੋ ਦਿੰਦੇ ਸਨ ਉਹ ਵੀ ਫਰਜ਼ੀ

www.PunjabiLibrary.com

ਹੀ ਹੁੰਦਾ ਸੀ। ਪਰ ਫੇਰ ਵੀ ਮੁਣਸ਼ਾ ਸਿੰਘ ਦੁਖੀ, ਭਗਵਾਨ ਸਿੰਘ ਪ੍ਰੀਤਮ, ਇਕਬਾਲ (ਭਾਗ ਸਿੰਘ) ਨਿਰੰਜਨ ਸਿੰਘ ਪੰਡੋਰੀ ਉਰਫ 'ਹਿੰਦ ਸੇਵਕ' ਆਦਿ ਨੇ ਕਵਿਤਾਵਾਂ ਰਚੀਆਂ। ਉਨ੍ਹਾਂ ਦੀਆਂ ਕਵਿਤਾਵਾਂ ਬਾਰੇ ਨਾਵਲਕਾਰ ਕੇਸਰ ਸਿੰਘ ਲਿਖਦੇ ਹਨ, ਗ਼ਦਰੀਆਂ ਦੁਆਰਾ ਰਚੀ ਕਵਿਤਾ ਰਾਜਨੀਤਕ ਪ੍ਰਤੀਬੱਧਤਾ ਦੀ ਕਵਿਤਾ ਹੈ।[6] ਇਥੇ ਪਹਿਲੀ ਧਾਰਨਾ ਦੁਹਰਾਉਣੀ ਯੋਗ ਹੋਵੇਗੀ ਕਿ ਇਨ੍ਹਾਂ ਕਵੀਆਂ ਨੇ ਭਾਵੇਂ ਪਰੰਪਰਿਕ ਛੰਦਾਂ ਦੀ ਵਰਤੋਂ ਕੀਤੀ ਅਤੇ ਸੂਖਮ ਬਿੰਬ ਵਿਧਾਨ ਸਿਰਜਣ ਦੀ ਥਾਂ ਵਰਨਣ ਦੀ ਪੱਧਰ ਤੇ ਰਹੇ ਹਨ, ਪਰ ਰਾਜਸੀ ਕਵਿਤਾ ਦੀ ਸ਼ੁਰੂਆਤ ਕਰਨ ਵਾਲੇ ਇਨ੍ਹਾਂ ਅਣਗੌਲੇ ਕਵੀਆਂ ਦੀ ਇਤਿਹਾਸਕ ਦੇਣ ਬਹੁਮੁੱਲੀ ਹੈ। ਇਸ ਸਬੰਧੀ ਉਨ੍ਹਾਂ ਦੀ ਹੇਠ ਲਿਖੀ ਕਵਿਤਾ 'ਗ਼ਦਰ ਪਾਰਟੀ' ਦੀ ਮੈਨੀਫੈਸਟੋ ਪ੍ਰਤੀਤ ਹੁੰਦੀ ਹੈ:

ਗ਼ਦਰ ਪਾਰਟੀ ਬੀੜਾ ਚੁੱਕਿਆ, ਹਿੰਦ ਆਜ਼ਾਦ ਕਰਾਵਣ ਦਾ।
ਆਓ ਸ਼ੇਰੋ ਗ਼ਦਰ ਮਚਾਈਏ, ਮੌਕਾ ਨਹੀਂ ਖੁੰਝਾਵਣ ਦਾ।

ਇਸ ਕਵਿਤਾ ਵਿਚ ਆਪਸੀ ਧਰਮ ਅਧਾਰਤ ਫੁੱਟ ਨੂੰ ਨਿੰਦਿਆ ਗਿਆ। ਅਧਿਆਤਮਵਾਦੀ-ਕਿਸਮਤਵਾਦੀ ਫਲਸਫੇ ਨੂੰ ਕੋਸਿਆ ਗਿਆ ਹੈ। ਅੰਗਰੇਜ਼ ਤੇ ਅੰਗਰੇਜ਼ਾਂ ਦੇ ਝੋਲੀ-ਚੁੱਕਾਂ ਨੂੰ ਦੁਸ਼ਮਣ ਟਿਕਦਿਆਂ ਹਥਿਆਰਬੰਦ ਕ੍ਰਾਂਤੀ ਦਾ ਸਿੱਧਾ ਸੱਦਾ ਦਿੱਤਾ ਗਿਆ ਸੀ। ਇਸ ਸਮੇਂ ਕਵੀ ਕਵਿਤਾ ਅੰਦਰ ਨਿਰੋਲ ਵਿਸ਼ੇ ਪੱਖੋਂ ਹੀ ਨਹੀਂ, ਰੂਪਕੀ ਪੱਖੋਂ ਵੀ ਨਵੇਂ ਪ੍ਰਯੋਗ ਕਰ ਰਹੇ ਸੀ। ਗ਼ਦਰੀਆਂ ਦੀ ਕਵਿਤਾ ਨੇ ਪ੍ਰਸ਼ਨ-ਉੱਤਰੀ ਕਵਿਤਾ ਵਾਲਾ ਰੂਪ ਸਿਰਜਿਆ। ਉਨ੍ਹਾਂ ਨੇ ਗ਼ੁਲਾਮ ਦਾ ਕਲਪਿਤ ਕਾਵਿ-ਪਾਤਰ ਸਿਰਜਿਆ ਜੋ ਅੰਗਰੇਜ਼ਾਂ ਦੀ ਗ਼ੁਲਾਮੀ ਮੰਨੀ ਜਾਣ ਵਾਲਾ ਹੈ, ਉਸ ਦੇ ਸ਼ੰਕਿਆਂ ਦਾ ਗ਼ਦਰੀ ਕਾਵਿ-ਪਾਤਰ ਸਮਾਧਾਨ ਕਰਦਾ ਹੈ। ਰੂਪਕੀ ਪੱਧਰ ਤੇ ਕਾਵਿ-ਕਲਾ ਦੇਖਣ ਵਾਲੀ ਹੈ। ਦੋਹਿਰੇ ਦਾ ਦੋਹਿਰੇ ਵਿਚ ਤੇ ਕੋਰੜੇ ਦਾ ਕੋਰੜੇ ਵਿਚ ਉੱਤਰ ਹੈ। ਰੂਪਕ ਅਲੰਕਰ ਦੀ ਵਰਤੋਂ, ਕਾਵਿ-ਮਨੋਰਥ ਸਿੱਧੀ ਵਾਲੀ ਹੈ। ਜਿਵੇਂ ਗ਼ੁਲਾਮ ਪ੍ਰਸ਼ਨ ਕਰਦਾ ਹੈ:

ਬਲਾਕਾਂ ਦਾ ਝੁੰਡ ਏਵੇਂ ਕੱਠਾ ਹੋ ਗਿਆ
ਰਾਜ ਦਲੌਣਾ ਕੇਹੜਾ ਠੱਠਾ ਹੋ ਗਿਆ।
ਸਾਗਰਾਂ ਦੀ ਰੀਸ ਕੀ ਕਰੇਂਦੀ ਛਪੜੀ
ਹੰਸਾਂ ਨਾਲ ਸਾਰ ਕੇ ਤੂੰ ਚਾਹੇਂ ਅਪੜੀ।
ਦੱਸੋ ਕਿਵੇਂ ਪਿੰਗਲਾ ਪਹਾੜ ਚੜ੍ਹੇਗਾ,
ਰਾਜ ਅੰਗਰੇਜ਼ਾਂ ਪਿਛੋਂ ਕੌਣ ਕਰੇਗਾ?

ਪ੍ਰਸ਼ਨ ਜਿੰਨਾ ਚੱਕਵਾਂ, ਅਲੰਕਾਰ ਸਹਿਤ ਹੈ, ਉਤਰ ਉਤਨਾ ਹੀ ਕਾਟਵਾਂ ਤੇ ਮੋੜਵਾਂ ਹੈ:

ਕਮਰਾਂ ਨੂੰ ਕਸੋ ਹਿੰਮਤਾਂ ਨੂੰ ਹਾਰੋ ਨਾ
ਵਤਨ ਆਜ਼ਾਦੀ ਨੂੰ ਮਨੋ ਵਿਸਾਰੋ ਨਾ।
ਗ਼ਦਰੀ ਦੇ ਅੱਗੇ ਔਕੜਾਂ ਨਾ ਠੈਹਰੀਆਂ
ਲੈਨਿਨ, ਕਮਾਲ ਵਾਂਗ ਮਾਰੋ ਵੈਰੀਆਂ।
'ਪ੍ਰੀਤਮ' ਜੀ ਦੁਖ ਛਾਤੀ ਡਾਹਕੇ ਜਰਾਂਗੇ
ਰਾਜ ਅੰਗਰੇਜ਼ਾਂ ਪਿਛੋਂ ਆਪ ਕਰਾਂਗੇ।

www.PunjabiLibrary.com

ਇਸ ਪ੍ਰਕਾਰ ਗ਼ਦਰ ਲਹਿਰ ਦੀ ਉਪਜ, ਗ਼ਦਰੀ ਕਾਵਿ ਨੇ ਆਧੁਨਿਕ ਕਵਿਤਾ ਨੂੰ ਜਨਮ ਸਮੇਂ ਹੀ ਰਾਜਨੀਤੀ ਦੀ ਗੁੜ੍ਹਤੀ ਦੇ ਦਿੱਤੀ ਹੈ। ਇਸ ਕਵਿਤਾ ਵਿਚ ਧਾਰਮਿਕ ਫਿਰਕਾਪ੍ਰਸਤੀ ਦੇ ਉਲਟ ਧਰਮ-ਨਿਰਪੇਖਤਾ, ਗ਼ੁਲਾਮੀ ਦੀ ਥਾਂ ਆਜ਼ਾਦੀ, ਸ਼ਾਂਤੀ ਜਾਂ ਅਧੀਨਗੀ ਦੀ ਥਾਂ ਗ਼ਦਰ ਭਾਵ ਹਥਿਆਰਬੰਦ ਬਗ਼ਾਵਤ ਦੀ ਸੁਰ ਪ੍ਰਮੁੱਖ ਹੈ। ਇਸ ਦਾ ਰੂਪ ਪਰੰਪਰਿਕ ਪਰ ਵਸਤੂ ਆਧੁਨਿਕ ਹੈ।

ਇਹ ਕਵਿਤਾ ਦੇ ਰਚਣ ਵਾਲੇ ਅਤੇ ਉਨ੍ਹਾਂ ਦੀ ਮਨੋ-ਇੱਛਿਆ ਦੇ ਪੜ੍ਹਨ ਵਾਲੇ ਨਿਰੋਲ ਸ਼ਹਿਰੀ ਮੱਧ-ਸ਼੍ਰੇਣੀ ਤਕ ਨਹੀਂ ਸਨ। ਉਹ ਆਪਣੀ ਕਵਿਤਾ ਨੂੰ ਵਿਸ਼ਾਲ ਪੇਂਡੂ ਕਿਸਾਨੀ ਜਨਤਾ/ਫੌਜੀਆਂ ਤਕ ਲੈ ਜਾਣੀ ਚਾਹੁੰਦੇ ਸਨ, ਜੋ ਗੁਰਮੁਖੀ ਉਠਾ ਸਕਣ। ਇਸੇ ਕਾਰਨ ਉਨ੍ਹਾਂ ਵਿਚ ਸ਼ਬਦ-ਆਡੰਬਰ ਜਾਂ ਕਾਵਿ-ਗੁੰਝਲਾਂ ਦੀ ਥਾਂ ਰਵਾਇਤੀ ਛੰਦਾਂ ਵਿਚ ਆਧੁਨਿਕ ਵਿਚਾਰ ਭਰੇ ਹੋਏ ਸਨ।

ਇਸੇ ਸਮੇਂ ਪੰਜਾਬ ਵਿਚ ਗ਼ਦਰੀ ਬਾਬੇ ਜਿਥੇ ਵਿਦੇਸ਼ਾਂ ਵਿਚ ਅਖ਼ਬਾਰਾਂ ਕੱਢਦੇ ਅਤੇ ਆਪਣੀਆਂ ਗਤੀਵਿਧੀਆਂ ਚਲਾਉਂਦੇ ਸਨ, ਉਨ੍ਹਾਂ ਵਿਚੋਂ ਬਹੁਤਿਆਂ ਨੂੰ ਭਾਰਤ ਆਉਂਦਿਆਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਪਰ ਫੇਰ ਵੀ ਉਨ੍ਹਾਂ ਦੇ ਪ੍ਰਭਾਵ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸੇ ਸਮੇਂ ਪੰਜਾਬ ਵਿਚ ਧਾਰਮਿਕ, ਸਮਾਜਿਕ, ਰਾਜਨੀਤਕ ਲਹਿਰਾਂ ਦਾ ਜ਼ੋਰ ਸੀ। ਉਸ ਸਮੇਂ ਅਕਾਲੀ ਲਹਿਰ ਧਾਰਮਿਕ ਤੋਂ ਰਾਜਨੀਤਿਕ ਲਹਿਰ ਵਿਚ ਵਟਣ ਦੀ ਤਿਆਰੀ ਵਿਚ ਸੀ। ਉਸ ਸਮੇਂ ਅਕਾਲੀ ਲਹਿਰ ਜਦੋਂ ਪੇਂਡੂ ਜਨਤਾ ਵਿਚ ਵੀ ਫੈਲਣ ਲੱਗੀ ਤਾਂ ਇਕ ਗਰਮ ਧੜਾ ਕਾਇਮ ਹੋ ਗਿਆ, ਜਿਹੜੇ ਤੱਤ ਰੂਪ ਵਿਚ 'ਗ਼ਦਰੀ' ਢੰਗ ਦੇ ਸਨ। ਇਨ੍ਹਾਂ ਦੀ ਬਹੁਤੀ ਕਵਿਤਾ ਇਸ ਲਹਿਰ ਦੇ ਮੋਹਰੀਆਂ ਅਰਜਨ ਸਿੰਘ ਗੜਗੱਜ, ਮੋਤਾ ਸਿੰਘ ਦੀ ਸ਼ਖ਼ਸੀਅਤ ਦੁਆਲੇ ਬਣੀ ਹੈ। ਪਰ ਇਸ ਕਵਿਤਾ ਨੂੰ ਆਮ ਕਰਕੇ ਭਾਵੁਕ ਹੋ ਕੇ ਕੀਤੀ ਛੰਦਾਬੰਦੀ ਅਤੇ ਸੀਮਤ ਜਿਹੇ ਇਤਿਹਾਸਕ ਮੁੱਲ ਵਾਲੀ ਸਮਝਕੇ, ਇਸ ਦੇ ਸਮੁੱਚੇ ਇਤਿਹਾਸਕ ਮੁੱਲ ਤੋਂ ਮੁਨਕਰ ਹੋਇਆ ਜਾਂਦਾ ਰਿਹਾ ਹੈ ਅਤੇ ਇਸ ਦੇ ਕਾਵਿ-ਗੁਣਾਂ ਤੋਂ ਬਿਲਕੁਲ ਹੀ ਨਕਾਰਿਆ ਜਾਂਦਾ ਰਿਹਾ ਹੈ। ਇਸ ਪ੍ਰਸੰਗ ਵਿਚ ਅਰਜਨ ਸਿੰਘ ਗੜਗੱਜ ਦੀ ਕਵਿਤਾ 'ਮਤਰੇਈ ਮਾਂ' (1928) ਦੇਖਣ ਯੋਗ ਹੈ, ਜਿਸ ਵਿਚ ਉਸ ਨੇ ਕਾਵਿਕ ਢੰਗ ਨਾਲ ਮਤਰੇਈ ਮਾਂ ਦੀਆਂ ਚਾਲਾਂ ਦਸਦਿਆਂ, ਅੰਗਰੇਜ਼ਾਂ ਨੂੰ ਮਤਰੇਈ ਮਾਂ ਦਰਸਾਉਂਦਿਆਂ ਆਪਣੀ ਉੱਤਮ ਕਾਵਿ-ਕਲਾ ਦਾ ਮੁਜ਼ਾਹਰਾ ਕੀਤਾ ਹੈ। ਪਰ ਉਨ੍ਹਾਂ ਦੀ ਜ਼ਿਆਦਾ ਕਵਿਤਾ ਦੇਸ਼ ਦੀ ਅ ਜ਼ਾਦੀ ਦੇ ਇਕ ਰੂਪ ਰਾਜਸੀ ਬੱਬਰ ਅਕਾਲੀ ਲਹਿਰ ਨੂੰ ਹੁੰਗਾਰਾ ਦੇਣ ਵਾਲੀ ਵੀਰ ਮਈ ਕਵਿਤਾ ਹੈ :

ਸੂਰਬੀਰ ਅਕਾਲੀ ਬਹਾਦਰੋ ਜੀ,
ਅਡੋਲ ਚਿੱਤ ਨੂੰ ਜਰਾ ਡੁਲਾਵਣਾ ਨਹੀਂ।
ਸੂਰਾ ਸੋ ਜੋ ਦੀਨ ਦੇ ਹੇਤ ਲੜਦਾ,
ਪਿਆਰੇ ਗੁਰੂ ਦਾ ਵਾਕ ਭੁਲਾਵਣਾ ਨਹੀਂ।
ਓੜਕ ਏ ਸਰੀਰ ਨੇ ਨਾਸ਼ ਹੋਣਾ,
ਕਾਵਾਂ ਕੁੱਤਿਆਂ ਏਸ ਨੂੰ ਖਾਵਣਾ ਨਹੀਂ।
ਭਾਂਡਾ ਭੰਨੀਏ ਸੀਸ ਬਰਤਾਨੀਆਂ ਦੇ,
ਗੜਗੱਜ ਇਹ ਵਕਤ ਲਿਆਵਣਾ ਨਹੀਂ।

www.PunjabiLibrary.com

ਬੱਬਰ ਲਹਿਰ ਭਾਵੇਂ ਅਕਾਲੀ ਲਹਿਰ ਦੇ ਅੰਦਰੋਂ ਹੀ ਉੱਠੀ ਸੀ, ਪਰ ਇਸ ਉੱਪਰ ਗ਼ਦਰੀ ਬਾਬਿਆਂ ਅਤੇ ਹੋਰ ਅੰਤਰਰਾਸ਼ਟਰੀ ਵਰਤਾਰਿਆਂ ਦਾ ਅਸਰ ਵਧੇਰੇ ਸੀ। ਇਹ ਸਿਰਫ਼ ਧਾਰਮਿਕ ਸੁਧਾਰਾਂ ਜਾਂ ਸੀਮਤ ਰਾਜਨੀਤਿਕ ਖੁਲ੍ਹਾਂ ਦੀ ਥਾਂ ਅੰਗਰੇਜ਼ਾਂ ਨੂੰ ਦੇਸੋਂ ਭਜਾਉਣ ਵਿਚ ਯਕੀਨ ਰਖਦੇ ਸਨ। ਇਹ ਅਹਿੰਸਾ ਦੇ ਫ਼ੇਲ ਹੋ ਜਾਣ ਤੇ ਤਾਕਤ ਦੀ ਵਰਤੋਂ ਨੂੰ ਜਾਇਜ਼ ਮੰਨਦੇ ਸਨ। ਇਸੇ ਕਾਰਨ ਇਨ੍ਹਾਂ ਦੀ ਕਵਿਤਾ ਵਿਚ ਰਾਜਸੀ ਚੇਤਨਾ ਅਤੇ ਰਾਜਸੀ ਪ੍ਰਤੀਬੱਧਤਾ ਉਜਾਗਰ ਹੁੰਦੀ ਹੈ।

ਕਿਰਤੀ ਕਿਸਾਨ, ਗ਼ਦਰੀ, ਬੱਬਰ, ਅਕਾਲੀ, ਕਾਂਗਰਸੀ ਜਾਂ ਕਮਿਊਨਿਸਟਾਂ ਦੇ ਛੋਟੇ ਛੋਟੇ ਗਰੁੱਪਾਂ ਦੀਆਂ ਆਪਣੇ ਸਮਵਿਥ, ਚਲਦੀਆਂ ਕਾਵਿਕ-ਲਹਿਰਾਂ ਸਨ। ਭਾਵੇਂ ਰਾਜਸੀ ਕਵਿਤਾ ਵੀ ਨਾਲੋਂ ਚੱਲਦੀ ਸੀ। ਇਸ ਤੋਂ ਇਲਾਵਾ ਗ਼ੈਰ-ਰਾਜਸੀ ਕਵੀ (ਗ਼ੈਰ-ਰਾਜਸੀ ਹੋਣਾ ਜ਼ਰੂਰੀ ਨਹੀਂ ਅੰਗਰੇਜ਼ ਪੱਖੀ ਹੀ ਹੋਵੇ) ਵੀ ਕਈ ਵਾਰ ਰਾਜਸੀ ਵਿਸ਼ਿਆਂ ਤੇ ਜ਼ੋਰਦਾਰ ਕਵਿਤਾ ਲਿਖ ਜਾਂਦੇ ਸਨ। ਮਲਵਈ ਕਵੀਸ਼ਰ ਬਾਬੂ ਰਜਬ ਅਲੀ ਦੀ ਭਗਤ ਸਿੰਘ ਬਾਰੇ ਲਿਖੀ ਕਵਿਤਾ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ।

ਇਸ ਪ੍ਰਕਾਰ ਆਧੁਨਿਕ ਪੰਜਾਬੀ ਕਵਿਤਾ ਦਾ ਆਗ਼ਾਜ਼ ਹੁੰਦਾ ਹੈ, ਜੋ ਆਪਣਾ ਆਧਾਰ ਆਪਣੇ ਸਮਵਿਥ ਚਲਦੀਆਂ ਰਾਜਸੀ ਲਹਿਰਾਂ ਤੋਂ ਲੈਂਦੀਆਂ ਸਨ। ਇਸ ਰਾਜਸੀ ਕਵਿਤਾ ਦਾ ਸੰਕੇਤਕ ਆਰੰਭ ਤਾਂ ਸ਼ਾਹ ਮੁਹੰਮਦ ਅਤੇ ਮਟਕ ਵਰਗੇ ਕਵੀ ਹੀ ਕਰ ਦਿੰਦੇ ਹਨ। ਬਾਰ ਦੇ ਖੇਤਾਂ ਵਿਚ ਉੱਠੀ ਕਿਰਤੀ ਕਿਸਾਨ ਲਹਿਰ ਦੀ ਕਵਿਤਾ ਤਾਂ ਸ਼ੁਧ ਰਾਜਸੀ ਕਵਿਤਾ ਸੀ, ਜਿਸ ਦਾ ਨਿਸ਼ਾਨਾ ਕਿਸਾਨ ਦੀ ਰੱਖਿਆ ਕਰਨੀ ਸੀ। ਲਾਲਾ ਬਾਂਕੇ ਦਿਆਲ ਅਤੇ ਸਰ ਸ਼ਰਾਬਦੀਨ ਦੀ ਕਵਿਤਾ ਇਸ ਪ੍ਰਸੰਗ ਵਿਚ ਵੇਖਣਯੋਗ ਹੈ। ਵਿਦੇਸ਼ਾਂ ਵਿਚ ਗਏ ਪੰਜਾਬੀਆਂ ਵਲੋਂ ਅੰਗਰੇਜ਼ ਸਾਮਰਾਜ ਦਾ ਤਖਤਾ ਪਲਟਣ ਲਈ ਜਥੇਬੰਦ ਕੀਤੀ ਗ਼ਦਰ ਪਾਰਟੀ ਨੇ ਗ਼ਦਰ ਕਾਵਿ ਨੂੰ ਜਨਮ ਦਿੱਤਾ। ਮੁਣਸ਼ਾ ਸਿੰਘ ਦੁਖੀ, ਭਗਵਾਨ ਸਿੰਘ ਪ੍ਰੀਤਮ, ਹਰਨਾਮ ਸਿੰਘ ਟੁੰਡੀਲਾਟ ਵਰਗਿਆਂ ਨੇ ਕਵਿਤਾਵਾਂ ਰਚੀਆਂ ਸਨ। ਇਸੇ ਪ੍ਰਕਾਰ ਅੰਗਰੇਜ਼ ਸਰਕਾਰ ਤੋਂ ਛੋਟੀਆਂ ਮੋਟੀਆਂ ਮੰਗਾਂ ਮਨਵਾਉਣ ਲਈ ਰੇਲਵੇ ਹੜਤਾਲ, ਖ਼ਲਾਫ਼ਤ ਜਾਂ ਹੋਰ ਲਹਿਰਾਂ ਚੱਲੀਆਂ ਤਾਂ ਉਨ੍ਹਾਂ ਨੇ ਆਪਣੀ ਕਵਿਤਾਂ ਵੀ ਰਚੀ। ਇਸ ਨੇ ਮੁਹੰਮਦ ਰਾਮਜਨ, ਫੀਰੋਜ਼ਦੀਨ ਸ਼ਰਫ਼ ਅਤੇ ਹਮਦਮ ਵਰਗੇ ਉਸਤਾਦ ਕਵੀਆਂ ਨੂੰ ਵੀ ਪ੍ਰਭਾਵਿਤ ਕੀਤਾ ਸੀ। ਗੁਰਦੁਆਰਿਆਂ ਦੇ ਸੁਧਾਰ ਲਈ ਚੱਲੀ ਅਕਾਲੀ ਲਹਿਰ ਜੋ ਗੁਰਦੁਆਰਿਆਂ ਦੇ 'ਸੁਧਾਰ ਤੋਂ ਕਬਜ਼ੇ ਵੱਲ' ਅਤੇ ਪ੍ਰਤੀਕ ਪੱਧਰ ਤੇ ਭਾਰਤ ਨੂੰ ਆਜ਼ਾਦ ਕਰਾਉਣ ਦਾ ਹੀ ਕੰਮ ਹੱਥ ਲੈਂਦੀ ਸੀ, ਉਸ ਨੇ ਹੀਰਾ ਸਿੰਘ ਦਰਦ, ਗੁਰਮੁਖ ਸਿੰਘ ਮੁਸਾਫਰ, ਵਿਧਾਤਾ ਸਿੰਘ ਤੀਰ, ਦਰਸ਼ਨ ਸਿੰਘ ਅਵਾਰਾ ਵਰਗੇ ਕਵੀ ਦਿੱਤੇ। ਇਹ ਕਵੀ ਲਹਿਰਾਂ ਦੇ ਆਗੂ ਵੀ ਸਨ, ਇਸੇ ਕਾਰਨ ਉਨ੍ਹਾਂ ਦੀ ਕਵਿਤਾ ਅਤੇ ਅਨੁਭਵ ਅਖੰਡ ਸਨ। ਉਨ੍ਹਾਂ ਦੀਆਂ ਕਵਿਤਾਵਾਂ ਅੰਗਰੇਜ਼ ਸਰਕਾਰ ਵਲੋਂ ਜ਼ਬਤ ਕੀਤੀਆਂ ਜਾਂਦੀਆਂ ਰਹੀਆਂ, ਕਵੀਆਂ ਨੂੰ ਜੇਲ੍ਹਾਂ ਅਤੇ ਹੋਰ ਤਸੀਹੇ ਦਿੱਤੇ ਜਾਂਦੇ ਰਹੇ ਹਨ। ਅਕਾਲੀਆਂ ਵਿਚੋਂ ਹੀ ਉੱਠੀ ਖਾੜਕੂ ਲਹਿਰ ਬੱਬਰ-ਅਕਾਲੀਆਂ ਨੇ ਆਪਣੀ ਕਵਿਤਾ ਨੂੰ ਜਨਮ ਦਿੱਤਾ। ਇਸ ਪ੍ਰਕਾਰ ਦੇਸ਼ ਅੰਦਰ ਅੰਗਰੇਜ਼ ਸਾਮਰਾਜ ਖ਼ਿਲਾਫ਼ ਇਕ ਰਾਇ ਤਿਆਰ ਹੋ ਰਹੀ ਸੀ। ਉਸੇ ਪ੍ਰਕਾਰ ਵੱਖ-ਵੱਖ ਧਰਮਾਂ, ਜਮਾਤਾਂ ਅਤੇ ਰਾਜਸੀ ਸੋਚ ਦੇ ਵੱਖਰਿਆਂ ਹੋਣ ਦੇ ਬਾਵਜੂਦ, ਅੰਗਰੇਜ਼ ਵਿਰੋਧੀ ਸਾਂਝਾ

www.PunjabiLibrary.com

ਵਿਸ਼ਾ ਬਣ ਗਿਆ। ਇਥੋਂ ਹੀ ਪ੍ਰਗਤੀਸ਼ੀਲ ਕਵਿਤਾ ਦਾ ਉਦੈ ਹੁੰਦਾ ਹੈ। ਇਸ ਪ੍ਰਕਾਰ ਰਾਜਸੀ ਵਿਸ਼ਿਆਂ ਦੀ ਕਵਿਤਾ ਆਧੁਨਿਕ ਪੰਜਾਬੀ ਕਵਿਤਾ ਦਾ ਵਿਸ਼ੇਸ਼ ਲੱਛਣ ਹੈ।

ਰਾਜਸੀ ਕਵਿਤਾ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਯੋਗ ਥਾਂ ਨਹੀਂ ਮਿਲੀ, ਕਿਉਂਕਿ ਇਤਿਹਾਸ ਲਿਖਣ ਦਾ ਕੰਮ ਆਮ ਕਰਕੇ ਅਕਾਦਮਿਕ ਹੁੰਦਾ ਹੈ ਤੇ ਅਕਾਦਮਿਕ ਕੰਮ ਸਿੱਖਿਆ ਦੇ ਅੰਗ ਵਜੋਂ ਕੀਤਾ ਜਾਂਦਾ ਸੀ। ਉਸ ਸਮੇਂ ਸਿੱਖਿਆ ਦੀਆਂ ਪੁਸਤਕਾਂ ਵਿਚ ਜਾਂ ਆਮ ਅਕਾਦਮਿਕ ਕੰਮ ਵਜੋਂ ਇਸ ਨੂੰ ਕਰਨਾ ਮੁਸ਼ਕਲ ਸੀ। ਪਰ ਉਸ ਸਮੇਂ ਦੀ ਸਿੱਖਿਆ ਵਿਚ, ਉਨ੍ਹਾਂ ਕਵੀਆਂ ਨੂੰ ਮਾਨਤਾ ਮਿਲੀ ਜੋ ਅੰਗਰੇਜ਼ ਸਾਮਰਾਜ ਦੇ ਲਈ ਕੋਈ ਖ਼ਤਰਾ ਨਹੀਂ ਸੀ। ਪਰ ਆਜ਼ਾਦੀ ਤੋਂ ਬਾਅਦ ਵੀ ਪਹਿਲਾਂ ਬਣੀਆਂ ਧਾਰਨਾਵਾਂ ਅਨੁਸਾਰ, ਉਹੀ ਕਵੀ ਪੜ੍ਹਾਏ ਜਾਂਦੇ ਰਹੇ। ਲੁਕਵੀਂ ਗੱਲ ਇਹ ਵੀ ਹੋ ਸਕਦੀ ਹੈ ਕਿ ਕੋਈ ਵੀ ਸਰਕਾਰ ਨਹੀਂ ਚਾਹੁੰਦੀ ਕਿ ਬਾਗੀਆਂ ਦੀਆਂ ਕਵਿਤਾਵਾਂ ਨੂੰ ਪ੍ਰਵਾਨਿਆ ਜਾਵੇ। ਇਸ ਕਾਰਨ ਆਧੁਨਿਕ ਕਵਿਤਾ ਦੇ ਰਾਜਸੀ ਕਵੀਆਂ ਪ੍ਰਤੀ 'ਸਾਜ਼ਸ਼ੀ ਚੁੱਪ' ਨੇ ਨਿਸ਼ਕ੍ਰਿਆਸ਼ੀਲ ਧਰਤੀ ਤੋਂ ਟੁੱਟੇ ਕਵੀਆਂ ਦੀ ਕਵਿਤਾ ਨੂੰ ਪ੍ਰਵਾਨ ਕਰਾਇਆ। ਸਮੇਂ ਦੀ ਚੇਤਨਾ ਨਾਲ ਭਾਵੇਂ ਇਨ੍ਹਾਂ ਰਾਜਸੀ ਕਵੀਆਂ ਦਾ ਜ਼ਿਕਰ ਇਤਿਹਾਸ ਵਿਚ ਤਾਂ ਥੋੜ੍ਹਾ ਬਹੁਤਾ ਆਉਣ ਲੱਗ ਪਿਆ ਹੈ, ਪਰ ਪਾਠ-ਪੁਸਤਕਾਂ ਵਿਚ ਇਸ ਨੂੰ ਨਹੀਂ ਲਾਇਆ ਗਿਆ। ਸਰਕਾਰੀ ਅਤੇ ਗ਼ੈਰ-ਸਰਕਾਰੀ ਪੱਧਰ ਤੇ ਰਾਜਸੀ ਕਵੀਆਂ ਨੂੰ ਹਰ ਪੱਧਰ ਤੇ ਅਣਗੌਲਿਆ ਕੀਤਾ ਹੈ। ਜੇ ਅਸੀਂ ਕਿਰਤੀ ਕਿਸਾਨ ਲਹਿਰ, ਗ਼ਦਰ ਕਾਵਿ, ਬੱਬਰ ਕਾਵਿ, ਅਕਾਲੀ ਲਹਿਰ ਦੀ ਕਵਿਤਾ ਨੂੰ ਨਜ਼ਰ ਅੰਦਾਜ਼ ਕੀਤਾ ਤਾਂ ਅਸੀਂ ਪ੍ਰਗਤੀਵਾਦੀ ਕਵਿਤਾ ਦੇ ਠੀਕ ਪਰਿਪੇਖ ਨੂੰ ਸਮਝਣ ਤੋਂ ਅਸਮਰਥ ਰਹਾਂਗੇ। ਹੁਣ ਸਮਾਂ ਆ ਗਿਆ ਹੈ ਕਿ ਸਾਮਰਾਜੀ ਗਿਆਨ-ਸ਼ਾਸਤਰ ਨੂੰ ਛੱਡਦਿਆਂ ਆਪਣੀ ਕਾਵਿ ਦਾ ਮੁਲਾਂਕਣ ਕਰਦਿਆਂ ਉਸ ਦਾ ਵਿਸ਼ਵ-ਪਰਿਪੇਖ ਵਿਚ ਥਾਂ ਨੀਯਤ ਕਰੀਏ।

ਕਿੱਸਿਆਂ ਬਾਰੇ ਆਮ ਪ੍ਰਵਾਨਿਤ ਧਾਰਨਾ ਹੈ ਕਿ ਇਹ ਮੱਧਕਾਲ ਦਾ ਪਰੰਪਰਾਮਈ ਕਾਵਿ-ਰੂਪ ਹੈ ਅਤੇ ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਇਸ ਦਾ ਪਤਨ ਹੋਣਾ ਸ਼ੁਰੂ ਹੋ ਗਿਆ ਅਤੇ ਅਖ਼ੀਰ ਇਹ ਪਰੰਪਰਾ ਮਰ ਮੁੱਕ ਗਈ। ਪਰ ਅਜਿਹਾ ਕਰਦਿਆਂ ਅਤਿ-ਕਾਹਲੀ ਤੋਂ ਕੰਮ ਲੈਂਦਿਆਂ ਕਿੱਸਿਆਂ ਦੀ ਪਰੰਪਰਾ ਨੂੰ ਸਰਲੀਕ੍ਰਿਤ ਕਰ ਲਿਆ ਜਾਂਦਾ ਹੈ। ਕਿੱਸਿਆਂ ਦੀ ਪਰੰਪਰਾ ਇਕ ਦਮ ਖ਼ਤਮ ਨਹੀਂ ਹੋਈ, ਸਗੋਂ ਉਸ ਦਾ ਰੂਪਾਂਤਰਨ ਸਾਹਿਤ ਅਧਿਐਨ ਦੇ ਨੁਕਤੇ ਤੋਂ ਅਤਿ ਦਿਲਚਸਪ ਹੈ। ਪਹਿਲਾਂ ਸਿਰਫ ਚਾਰ ਪ੍ਰੀਤ ਕਹਾਣੀਆਂ ਹੀ ਕਿੱਸਿਆਂ ਦੇ ਕਥਾਨਕ ਦਾ ਆਧਾਰ ਬਣਦੀਆਂ ਸਨ। ਪਰ ਆਧੁਨਿਕਤਾ ਦੇ ਨਾਲ ਹੀ ਕਿੱਸਿਆਂ ਦੀ ਕਥਾਨਕਤਾ ਵਿਚ ਦੋ ਪਹਿਲੂ ਮਹੱਤਵਪੂਰਨ ਹਨ, ਪਹਿਲਾ ਸਾਮੀ ਅਤੇ ਭਾਰਤੀ ਸਰੋਤਾਂ ਤੋਂ ਨਵੀਆਂ ਕਹਾਣੀਆਂ ਲੈਣ ਦਾ, ਦੂਜਾ ਸਥਾਨਕਤਾ ਦਾ ਆਉਣਾ ਹੈ। ਸਾਮੀ ਅਤੇ ਭਾਰਤੀ ਸਰੋਤਾਂ ਤੋਂ ਕਹਾਣੀਆਂ ਲੈਣ ਦਾ ਮਕਸਦ ਨਿਰੋਲ ਨਵਾਂਪਣ ਪੇਸ਼ ਕਰਨਾ ਹੀ ਨਹੀਂ ਸਗੋਂ ਉਸ ਦੇ ਅਚੇਤੇ ਹੀ ਆਪਣੇ ਦੇਸੀ ਵਿਰਸੇ ਨੂੰ ਪੇਸ਼ ਕਰਨ ਦਾ ਰਾਸ਼ਟਰਵਾਦੀ ਤੱਤ ਵੀ ਆ ਜਾਂਦਾ ਹੈ। ਭਾਰਤੀ ਸਰੋਤ ਤੋਂ ਗੋਪੀ ਚੰਦ, ਕੇਸਰਾਂ ਬਾਦਸ਼ਾਹ ਜੀਤ ਤੇ ਰਾਜਾ ਇੰਦਰਸੈਨ, ਰਾਜਾ ਕਪੂਰ ਚੰਦ ਤੇ ਸਬਰਮਤੀ, ਨਾਸਕੇਤ, ਦੁਸ਼ਿਅੰਤ, ਸ਼ਕੁੰਤਲਾ, ਰਮਾਇਣ, ਪੂਰਨ ਭਗਤ, ਰਾਜਾ ਰਸਾਲੂ, ਰੂਪ ਬਸੰਤ, ਹਰੀ ਚੰਦ, ਸਰਵਣ ਕੁਮਾਰ, ਭਰਥਰੀ ਹਰੀ, ਨਲ ਦਮਯੰਤੀ, ਮਹਾਂਭਾਰਤ, ਚੰਦਰ ਬਦਨ, ਇਸੇ ਪ੍ਰਕਾਰ ਸਾਮੀ ਸਰੋਤਾਂ ਤੋਂ ਦਹੂਦ ਬਾਦਸ਼ਾਹ,

www.PunjabiLibrary.com

ਬਾਦਸ਼ਾਹ, ਯੂਸਫ ਜ਼ੁਲੈਖਾਂ, ਰੋਡਾ ਜਲਾਲੀ, ਸਹਿਤੀ ਮੁਰਾਦ, ਆਦਿ ਆਉਂਦੇ ਹਨ। ਇਨ੍ਹਾਂ ਕਿੱਸਿਆਂ ਦੀ ਵਿਭਿੰਨਤਾ ਨੇ ਇਕ ਪਾਸੇ ਤਾਂ ਕਵੀ ਦੀ ਕਲਪਨਾ ਲਈ ਥਾਂ ਦਿੱਤੀ। ਦੂਜੇ ਪਾਸੇ ਕਥਾਨਕ ਵਿਚ ਵਿਸ਼ਾਲਤਾ ਲਿਆਂਦੀ। ਇਨ੍ਹਾਂ ਨੇ ਪੁਰਾਤਨ ਭਾਰਤੀ ਕਥਾਵਾਂ ਦੀ ਪੁਨਰ ਸੁਰਜੀਤੀ ਕੀਤੀ ਸੀ। ਇਸੇ ਸਮੇਂ ਕਿੱਸਿਆਂ ਵਿਚ ਸਥਾਨਕਤਾ ਆਉਂਦੀ ਹੈ। ਸਥਾਨਕਤਾ ਤੋਂ ਭਾਵ ਆਮ ਆਦਮੀ ਦੀ ਗਾਥਾ ਗਾਉਣ ਵੱਲ ਵੱਧਣ ਤੋਂ ਹੈ। ਇਸ ਸਮੇਂ ਬਾਗੀਆਂ ਨੂੰ ਨਾਇਕ ਵਜੋਂ ਚਿਤਰਿਆ ਹੈ, ਜਿਸ ਦੀ ਅੰਗਰੇਜ਼ ਸਾਮਰਾਜ ਦੇ ਰਾਜ ਸਮੇਂ ਰਾਜਸੀ ਨੁਕਤੇ ਤੋਂ ਬੜੀ ਮਹੱਤਤਾ ਸੀ। ਇਥੇ ਇਕ ਪਾਸੇ ਤਾਂ ਮੁਗ਼ਲ ਸਾਮਰਾਜ ਨਾਲ ਆਪਣੀ ਸਮਰੱਥਾ ਅਨੁਸਾਰ ਟੱਕਰ ਲੈਣ ਵਾਲੇ ਯੋਧੇ ਹਨ, ਜਿਵੇਂ ਦੁੱਲਾ ਭੱਟੀ, ਜੈਮਲ ਫੱਤਾ, ਰਾਜਪੂਤ ਸੂਰਮਾ ਦਲੀਪ ਸਿੰਘ, ਰਾਣੀ ਪਦਮਣੀ ਇਨ੍ਹਾਂ ਦੀ ਬਾਗੀ ਤਬੀਅਤ ਦਾ ਅਰਥ ਸੰਚਾਰ ਰਾਜਸੀ ਪੱਖੋਂ ਖਾਸਾ ਮਹੱਤਵ ਦਾ ਧਾਰਨੀ ਹੈ। ਇਸੇ ਪ੍ਰਸੰਗ ਵਿਚ ਸਿੱਖ ਧਰਮ ਦੇ ਯੋਧਿਆਂ ਦੇ ਕਿੱਸਿਆਂ ਨੂੰ ਲਿਆ ਜਾ ਸਕਦਾ ਹੈ। ਇਸੇ ਸਮੇਂ ਕਿੱਸਿਆਂ ਵਿਚ ਸਥਾਨਕਤਾ ਦਾ ਅੰਸ਼ ਆਉਂਦਾ ਹੈ, ਜਿਸ ਬਾਰੇ ਡਾ. ਜਸਵਿੰਦਰ ਸਿੰਘ ਲਿਖਦੇ ਹਨ, "ਕਿੱਸਾ ਕਾਵਿ ਵਿਚ ਕੁਝ ਅਜਿਹੀਆਂ ਰਚਨਾਵਾਂ ਵੀ ਪ੍ਰਾਪਤ ਹਨ, ਜਿਨ੍ਹਾਂ ਵਿਚ ਸਮਕਾਲੀ ਸਮਾਜ ਵਿਚ ਪ੍ਰਚੱਲਤ ਸਥਾਨਕ ਕਥਾਵਾਂ ਜਾਂ ਵਾਰਦਾਤਾਂ ਨੂੰ ਆਧਾਰ ਬਣਾਇਆ ਗਿਆ ਹੈ। ਇਨ੍ਹਾਂ ਕਿਰਤਾਂ ਦਾ ਮੂਲ ਸਰੋਤ ਪ੍ਰਮਾਣਿਕ ਤੌਰ ਤੇ ਨਾ ਤਾਂ ਇਤਿਹਾਸਕ ਅਤੇ ਨਾ ਹੀ ਇਹ ਲੋਕਨਾਯਕ ਪਰੰਪਰਾ ਦਾ ਸਹਿਜ ਅੰਗ ਬਣ ਸਕੀਆਂ।"[7] ਪਰ ਧਾਰਾ ਨੂੰ ਅਸੀਂ ਆਧੁਨਿਕਤਾ ਦੇ ਪ੍ਰਭਾਵ ਥੱਲੇ ਰੂਪਾਂਤਰ ਹੋ ਰਹੀ ਮੰਨ ਸਕਦੇ ਹਾਂ। ਇਨ੍ਹਾਂ ਕਿੱਸਿਆਂ ਵਿਚ ਜਿਉਣਾ ਮੌੜ, ਜੱਗਾ ਜੱਟ, ਗੁਰਨਾਮ ਸਿੰਘ ਰਾਉਕੇ, ਸੁੱਚਾ ਸੂਰਮਾ, ਡਾਕੂ ਹਰਫੂਲ ਸਿੰਘ ਆਦਿ ਕਿੱਸਿਆਂ ਦੇ ਨਾਇਕ ਇਕ ਪਾਸੇ ਤਾਂ ਅੰਗਰੇਜ਼ਾਂ ਦੀ ਪੁਲਸ ਨੂੰ ਟਿਚ ਜਾਣਦੇ ਸਨ, ਦੂਜੇ ਪਾਸੇ ਪਰੰਪਰਿਕ ਸਦਾਚਾਰਕ ਕੀਮਤਾਂ ਦੇ ਕਿਸੇ ਹੱਦ ਤਕ ਰਾਖੇ ਸਨ, ਇਸ ਕਾਰਨ ਇਹ ਡਾਕੂ ਹੋਣ ਦੇ ਬਾਵਜੂਦ ਮਲਵਈ ਖਿੱਤੇ ਵਿਚ ਸਮਾਜਿਕ ਤੌਰ ਤੇ ਪ੍ਰਵਾਨ ਹੋਏ ਅਤੇ ਬਾਅਦ ਵਿਚ ਕਿੱਸਿਆਂ ਦੇ ਨਾਇਕ ਬਣੇ। ਇਵੇਂ ਹੀ ਸਮਕਾਲੀਨ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ ਜਿਵੇਂ ਸ਼ਾਮੋ ਨਾਰ, ਕੇਹਰ ਸਿੰਘ, ਕਰਤਾਰੋ ਜਮੀਤਾ, ਕਾਕਾ ਪਰਤਾਪੀ, ਕੱਕੀ ਮੋਦਨ ਆਦਿ ਕਿੱਸਿਆਂ ਵਿਚ ਸਥਾਨਕ ਵਾਪਰੀਆਂ ਘਟਨਾਵਾਂ ਨੂੰ ਕਾਵਿ-ਬੰਧ ਕੀਤਾ ਜਾਂਦਾ ਸੀ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਨੂੰ ਕਿੱਸਿਆਂ ਦੀ ਥਾਵੇਂ 'ਚਿੱਠੇ' ਕਿਹਾ ਜਾਂਦਾ ਸੀ। ਇਨ੍ਹਾਂ ਵਿਚ ਸਮਕਾਲੀਨਤਾ ਅਤੇ ਸਥਾਨਕਤਾ ਭਰਪੂਰ ਘਟਨਾਵਾਂ ਨੂੰ ਕਾਵਿ-ਬੱਧ ਕੀਤਾ ਜਾਂਦਾ ਸੀ। ਇਨ੍ਹਾਂ ਕਿੱਸਿਆਂ ਵਿਚ ਨਵੀਆਂ ਕਦਰਾਂ ਕੀਮਤਾਂ ਦੇ ਆਗਮਨ ਨਾਲ ਬਦਲੀਆਂ ਸਮਾਜਿਕ ਪ੍ਰਸਥਿਤੀਆਂ ਨੂੰ ਭਰਪੂਰ ਚਿਤਰਣ ਮਿਲਿਆ। ਰਵਾਇਤੀ ਕਿੱਸਾਕਾਰ ਬਦਲ ਰਹੇ ਸਨ, ਪਰ ਉਹ ਆਪਣੀ ਭਾਰਤੀ ਦੇਸੀ ਚੇਤਨਾ ਵਿਚ ਆਏ ਬਦਲਾਵ ਦੇ ਅਨੁਰੂਪੀ ਬਦਲ ਰਹੇ ਸਨ। ਕਿੱਸਿਆਂ ਨੂੰ ਗਾਉਣ ਵਾਲੇ ਕਵੀਸ਼ਰਾਂ ਨੇ ਨਵੀਆਂ ਸਮੱਸਿਆਵਾਂ ਨੂੰ ਹੱਥ ਪਾਇਆ ਸੀ। ਬਾਬੂ ਰਜਬ ਅਲੀ ਨੇ ਭਗਤ ਸਿੰਘ ਦਾ ਕਿੱਸਾ ਲਿਖਿਆ, ਇਸ ਤੋਂ ਬਿਨਾਂ ਢਾਈਆ ਛੰਦ ਵਿਚ ਲਿਖਿਆ ਹੈ :

ਪੰਜ ਦਰਿਆਵਾਂ ਦੇ ਰਹਿਣ ਵਾਲਿਓ, ਬਘਿਆੜੀਆਂ ਨੂੰ ਜਰਮਿਉਂ।
ਬਾਸਾਂ ਵਾਂਗੂੰ ਆਪ 'ਚ ਖਹਿਣ ਵਾਲਿਉ, ਸੁਣ ਜਵਾਨੋ ਭਰਮਿਉਂ।
ਤਾਂ ਕੰਮ ਵਰਿਆਮੀ ਦੇ। ਲਾਹ ਦਿਉ ਗਲਾਂ 'ਚੋਂ ਤਬਕ ਗ਼ੁਲਾਮੀ ਦੇ।

www.PunjabiLibrary.com

ਇਸੇ ਤਰ੍ਹਾਂ ਮਲਵੱਈ ਕਿੱਸਾਕਾਰ ਬਾਬੂ ਰਜਬ ਅਲੀ ਨੇ ਛੋਟੇ ਪਰਿਵਾਰਾਂ ਦੇ ਹੱਕ ਵਿਚ ਲਿਖਿਆ ਸੀ। ਕਿੱਸਾਕਾਰਾਂ ਵਿਚ ਇਹ ਰੁੱਚੀ ਵਧਦੀ ਜਾਂਦੀ ਸੀ ਕਿ ਉਹ ਸਥਾਨਕ ਤੇ ਸਮਕਾਲੀਨ ਜ਼ਿੰਦਗੀ ਵਿਚੋਂ ਛੋਟੀਆਂ ਘਟਨਾਵਾਂ ਜਾਂ ਸਮੱਸਿਆਵਾਂ ਨੂੰ ਲੈ ਕੇ ਸਾਡੇ ਦੇਸੀ ਛੰਦਾਂ ਵਿਚ ਕਾਵਿ-ਬੱਧ ਕਰਦੇ ਸਨ। ਬਦਲੀਆਂ ਪ੍ਰਸਥਿਤੀਆਂ ਨਾਲ ਉਨ੍ਹਾਂ ਨੇ ਸਿਰਫ ਵਿਸ਼ੇ ਹੀ ਨਹੀਂ ਬਦਲੇ ਸਗੋਂ ਰੂਪ ਵਿਚ ਵੀ ਸਹਿਜ ਤਬਦੀਲੀ ਆ ਰਹੀ ਸੀ। ਦਰਬਾਰੀ ਕਵਿਤਾ ਤੇ ਵਿਚਾਰ ਕਰਦਿਆਂ ਇਸ ਨੂੰ ਨਕਾਰਿਆ ਜਾਂਦਾ ਰਿਹਾ ਹੈ। ਅਸਲ ਵਿਚ ਕਵੀ ਦਰਬਾਰਾਂ ਦਾ ਰਿਵਾਜ ਤਾਂ ਉਰਦੂ ਵਿਚ ਸੀ, ਪੰਜਾਬੀ ਵਿਚ ਉਸ ਦਾ ਰਿਵਾਜ ਰੀਸ ਅਤੇ ਚਿੜ ਦੋਹਾਂ ਤੋਂ ਪਿਆ। ਭਾਵੇਂ ਕਵੀ ਦਰਬਾਰ ਆਮ ਕਰਕੇ ਵੱਡੇ ਸ਼ਹਿਰਾਂ ਜਿਵੇਂ 'ਲਾਹੌਰ' ਤੇ ਅੰਮ੍ਰਿਤਸਰ ਵਿਚ ਹੀ ਹੁੰਦੇ ਸਨ, ਪਰ ਬਾਅਦ ਵਿਚ ਇਹ ਮੇਲਿਆਂ, ਗੁਰਪੁਰਬਾਂ ਤੇ ਵੀ ਲੱਗਣ ਲੱਗ ਪਏ। ਇਨ੍ਹਾਂ ਕਵੀ-ਦਰਬਾਰਾਂ ਵਿਚ ਪੜ੍ਹੀ ਜਾਣ ਵਾਲੀ ਕਵਿਤਾ ਆਪਣੇ ਆਕਾਰ ਅਤੇ ਮਿਆਰ ਪੱਖੋਂ ਆਧੁਨਿਕ ਸੀ ਅਤੇ ਇਹ ਸਰੋਤੇ ਦੀ ਗ੍ਰਹਿਣਸ਼ੀਲਤਾ ਨੂੰ ਸਾਹਮਣੇ ਰੱਖਦੀ ਸੀ, ਇਸ ਕਾਰਨ ਇਹ ਆਮ ਲੋਕਾਂ ਨਾਲ ਜੁੜੀ ਹੋਈ ਸੀ। ਉਸਤਾਦ ਹਮਦਮ, ਮੌਲਾ ਬਖ਼ਸ ਕੁਸ਼ਤਾ, ਫੀਰੋਜ਼ਦੀਨ ਸ਼ਰਫ਼ ਅਤੇ ਸੌਦਾਗਰ ਸਿੰਘ ਭਿਖਾਰੀ ਕਵੀ ਦਰਬਾਰਾਂ ਦੀ ਸ਼ਾਨ ਸਨ। ਇਕੋ ਸਮੱਸਿਆ ਤੇ ਲਿਖਣ ਨਾਲ ਕਵਿਤਾ ਦਾ ਅਭਿਆਸ ਹੀ ਨਹੀਂ ਹੁੰਦਾ ਸੀ, ਸਗੋਂ ਚੰਗੇ ਮਾੜੇ ਦੀ ਪਰਖ ਵੀ ਸਾਹਮਣੇ ਹੀ ਹੋ ਜਾਂਦੀ ਸੀ। ਇਸ ਧਾਰਾ ਦੇ ਕਵੀਆਂ ਨੇ ਸਥਾਨਕਤਾ, ਸਮਕਾਲੀ ਝੁਕਾਵਾਂ ਨੂੰ ਵਧੇਰੇ ਅਪਣਾਇਆ, ਪਰ ਉਨ੍ਹਾਂ ਦੀ ਇਤਿਹਾਸਕ ਮਹੱਤਤਾ ਦੇ ਨਾਲੋ ਨਾਲ ਸਰਵਕਾਲੀ ਤੱਤ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਮੁਹੰਮਦ ਰਮਜ਼ਾਨ ਹਮਦਮ ਦੀਆਂ ਮਸ਼ਹੂਰ ਕਵਿਤਾ 'ਲੈ ਗਏ' ਜਿਸ ਕਾਰਨ ਆਪ ਨੂੰ ਜੇਲ੍ਹ ਵੀ ਜਾਣਾ ਪਿਆ, ਦੇਸ਼ ਪਿਆਰ ਪੱਖੋਂ ਕਾਬਲੇ ਤਾਰੀਫ ਹੈ :

ਕਣਕ ਚੌਲ ਕਪਾਹ ਨਾ ਘਾਹ ਛੱਡਿਆ,
ਖੱਲਾਂ ਤੀਕ ਵੀ ਲਾਹ ਕੇ ਕਸਾਈ ਲੈ ਗਏ।
ਦੇਸੀ ਕਫ਼ਨ ਨਹੀਂ ਨਸੀਬ ਹਮਦਮ,
ਕੰਬਲ ਸੁੱਟ ਗਏ, ਲੇਫ ਤੁਲਾਈ ਲੈ ਗਏ।

ਸ਼ਹਿਰਾਂ ਵਿਚ ਕਵੀ ਦਰਬਾਰਾਂ ਅਤੇ ਪਿੰਡਾਂ ਵਿਚ ਕਵੀਸ਼ਰਾਂ ਨੇ ਕਵਿਤਾ ਦੀ ਦੇਸੀ ਪਰੰਪਰਾ ਨੂੰ ਮਰਨ ਨਹੀਂ ਦਿੱਤਾ, ਇਹ ਧਾਰਾ ਨਕਲਚੂ ਕਵਿਤਾ ਦੇ ਨਾਲੋ ਨਾਲ ਚਲਦੀ ਰਹੀ ਸੀ।

ਇਸ ਸਮੇਂ ਕਿੱਸਿਆਂ, ਸਟੇਜੀ ਕਵਿਤਾ ਅਤੇ ਰਾਜਨੀਤਿਕ ਕਵਿਤਾ ਤੋਂ ਛੁੱਟ ਫੁਟਕਲ ਕਵਿਤਾ ਵੀ ਰਚੀ ਗਈ, ਜੋ ਸਾਡੇ ਕਥਿਤ ਆਧੁਨਿਕ ਕਵਿਤਾ ਤੋਂ ਬਾਹਰ ਰਹਿ ਜਾਂਦੀ ਹੈ। ਇਸ ਕਵਿਤਾ ਦਾ ਮੁੱਲ ਦੋਹਾਂ ਦੁਫਾੜ ਕਾਵਿ-ਧਾਰਾਵਾਂ ਨੂੰ ਮੇਲਣ ਅਤੇ ਪਰਿਵਰਤਨ ਦੇ ਯੁੱਗ ਨੂੰ ਚਿਤਰਨ ਵਿਚ ਹੈ। ਇਨ੍ਹਾਂ ਵਿਚ ਇਕ ਪਾਸੇ ਤਾਂ ਅਧਿਆਤਮਿਕ ਰੰਗਣ ਵਾਲੀ ਧਾਰਮਿਕ ਕਵਿਤਾ ਦਾ ਜ਼ੋਰ ਹੈ, ਜਿਸ ਦੀ ਸੁਰ ਉਪਦੇਸ਼ਕ ਹੈ। ਅੰਗਰੇਜ਼ ਸਾਮਰਾਜ ਦੇ ਦਖ਼ਲ ਖਾਸ ਕਰਕੇ ਇਸਾਈ ਮਿਸ਼ਨਰੀਆਂ ਦੇ ਕੰਮ ਕਰਨ ਨਾਲ ਇਥੇ ਵਸਦੇ ਲੋਕਾਂ ਦਾ ਧਾਰਮਿਕ ਸੰਤੁਲਨ ਹਿੱਲ ਗਿਆ। ਸਾਰੇ ਧਰਮ ਆਪੋ ਆਪਣੇ ਪੈਰੋਕਾਰਾਂ ਨੂੰ ਆਪਣੇ ਧਰਮ ਵਿਚ ਪੱਕੇ ਕਰਨ ਵੱਲ ਰੁਚਿਤ ਹੋਏ। ਇਥੋਂ ਦੇ ਦੇਸੀ ਧਰਮ (ਹਿੰਦੂ, ਮੁਸਲਮਾਨ ਅਤੇ ਸਿੱਖ) ਰਾਜਸੀ ਹਾਰ ਕਾਰਨ ਦਬਾਏ, ਦੋ ਪਾਸਿਆਂ

www.PunjabiLibrary.com

ਵੱਲ ਤੁਰ ਪਏ । ਇਕ ਤਾਂ ਇਤਿਹਾਸਕ ਅਤੀਤ ਨੂੰ ਚਮਕਾ ਕੇ ਆਪਣੀ ਹਉਂ ਨੂੰ ਬਚਾਉਣਾ । ਦੂਜਾ ਸਮਕਾਲੀ ਪਦਾਰਥਕ ਪੱਧਰ ਤੇ ਹੋਈ ਹਾਰ ਨੂੰ 'ਵੈਰਾਗ' ਦੀ 'ਅੰਗੂਰ ਖੱਟੇ ਵਾਲੀ' ਮਨੋਜੁਗਤ ਵਰਤਦਿਆਂ ਇਸ ਮੌਜੂਦਾ ਜ਼ਿੰਦਗੀ ਤੋਂ ਉਪਰਾਮ ਹੋ ਜਾਣਾ ਸੀ। ਇਸ ਕਿਸਮ ਦੇ ਲੇਖਕ ਤਾਂ ਬਹੁਤ ਸਨ, ਪਰ ਅਤੀਤ ਨੂੰ ਮੁੜ ਚਮਕਾਉਣ ਵਾਲਿਆਂ ਵਿਚ ਕਰਤਾਰ ਸਿੰਘ ਕਲਾਸਵਾਲੀਆ ਅਤੇ 'ਵੈਰਾਗੀਆਂ' ਵਿਚੋਂ ਦਯਾ ਸਿੰਘ ਆਰਫ਼ ਮੋਹਰੀ ਸੀ । ਇਸੇ ਸਮੇਂ ਪਾਲ ਸਿੰਘ ਆਰਫ, ਜ਼ੋਰਾ ਸਿੰਘ ਅਰਜ਼ੀ ਨਵੀਸ ਗਿਆਨ ਚੰਦ, ਬਿਸ਼ਨ ਸਿੰਘ ਅਤੇ ਹੋਰ ਘੱਟ ਮਸ਼ਹੂਰ ਕਵੀ ਜਿਨ੍ਹਾਂ ਦੀ ਕਵਿਤਾ ਸਾਡੇ ਤਕ ਨਹੀਂ ਪਹੁੰਚੀ, ਲਿਖਦੇ ਰਹੇ ਹਨ । ਇਨ੍ਹਾਂ ਲੇਖਕਾਂ ਤੇ ਵੱਖੋ-ਵੱਖ ਧਰਮਾਂ ਦਾ ਅਸਰ ਹੈ ਅਤੇ ਇਸੇ ਕਾਰਨ ਇਨ੍ਹਾਂ ਦੇ ਦ੍ਰਿਸ਼ਟੀਕੋਣ ਵਿਚ ਵੀ ਫ਼ਰਕ ਹੈ । ਪਰ ਇਤਿਹਾਸਕ ਅਤੀਤ ਨੂੰ ਚਮਕਾਉਣਾ ਅਤੇ ਸਮਕਾਲੀਨ ਵਿਚ ਵੈਰਾਗਮਈ ਹੋਣ ਦੇ ਪ੍ਰਮੁੱਖ ਗੁਣ ਹਨ । ਇਸੇ ਸਮੇਂ ਕਵਿਤਾ ਰੂਪਕ ਪੱਧਰ ਤੇ ਵੀ ਬਦਲ ਰਹੀ ਸੀ । ਉਨ੍ਹਾਂ ਵਿਚ ਇਕ ਰੂਪ 'ਝਗੜਾ' ਸੀ, ਜਿਸ ਵਿਚ ਦੋ ਵਿਰੋਧੀ ਕਦਰਾਂ ਕੀਮਤਾਂ ਜਾਂ ਮੁੱਲ-ਪ੍ਰਬੰਧਾਂ ਵਿਚ ਟਾਕਰਾ ਕਰਾਇਆਂ ਜਾਂਦਾ ਸੀ। ਇਨ੍ਹਾਂ 'ਝਗੜਿਆਂ' ਦੇ ਸਿਰਜਣ ਵਾਲੇ ਵਿਅਕਤੀ ਵਿਸ਼ੇਸ਼ ਸਨ, ਪਰ ਉਹ ਕਵੀ ਵਜੋਂ ਘੱਟ ਮਸ਼ਹੂਰ ਹੋਏ । ਉਨ੍ਹਾਂ ਦੀ ਕਵਿਤਾਂ ਨੂੰ ਲੋਕ-ਕਾਵਿ ਦਾ ਅੰਗ ਮੰਨ ਲਿਆ ਗਿਆ ਹੈ । ਇਨ੍ਹਾਂ ਝਗੜਿਆਂ ਵਿਚ ਤਿੰਨ ਪੱਧਰਾਂ ਦਾ ਟਕਰਾ ਹੈ । ਪਹਿਲਾ, ਸਿਰਫ ਅਧਿਆਤਮਿਕ ਵਿਸ਼ਿਆਂ ਵਿਚ ਮਿਲਦੇ ਦੁਵੰਦ ਜਿਵੇਂ—ਰੂਹ ਅਤੇ ਬੁੱਤ । ਦੂਜਾ, ਨਵੀਆਂ-ਪੁਰਾਣੀਆਂ ਕਦਰਾਂ ਕੀਮਤਾਂ ਦਾ ਟਕਰਾ ਜਿਵੇਂ—ਚਾਹ ਅਤੇ ਲੱਸੀ ਜਾਂ ਸ਼ਹਿਰੀ ਅਤੇ ਪੇਂਡੂ, ਤੀਜਾ, ਸਮਾਜ ਦੇ ਅੰਤਰ ਦੁਵੰਦ ਜਿਵੇਂ ਜੱਟ ਤੇ ਬਾਣੀਆ ਆਦਿ । ਕੁਝ ਝਗੜੇ ਜਿਵੇਂ ਵਿਆਹੇ-ਛੜੇ ਆਦਿ ਦਿੱਖ ਦੀ ਪੱਧਰ ਤੇ ਨਿਰੋਲ ਮਨੋਰੰਜਨਮਈ ਲਗਦੇ ਹਨ, ਪਰ ਇਹਨਾਂ ਪਿੱਛੇ ਵੀ ਸਮਾਜਿਕ ਵਿਧਾਨ ਕੰਮ ਕਰਦਾ ਹੈ । ਇਨ੍ਹਾਂ ਝਗੜਿਆਂ ਵਿਚੋਂ ਚਾਹ ਲੱਸੀ ਦੇ ਝਗੜੇ ਵਿਚ ਚਾਹ ਅਤੇ ਲੱਸੀ ਅੰਗਰੇਜ਼ੀ ਸਾਮਰਾਜ ਅਤੇ ਦੇਸੀ ਸੋਚ ਦਾ ਚਿੰਨ੍ਹ ਰੂਪ ਬਣ ਕੇ ਲੜਦੀਆਂ ਨਜ਼ਰ ਆਉਂਦੀਆਂ ਹਨ :

ਲੱਸੀ ਆਖਦੀ ਚਾਹ ਮੂੰਹ ਕਾਲੀਏ ਨੀ,
ਤੈਨੂੰ ਸ਼ਰਮ ਹਯਾ ਨਾ ਆਇਆਂ ਦੀ।
ਅੱਗ ਲੈਣ ਆਈ ਬਣੀ ਘਰ ਵਾਲੀ,
ਸਿੱਕਾ ਆਪਣਾ ਆਣ ਜਮਾਇਆ ਏ ।
ਯੂਰਪੀਨਾਂ ਦੇ ਨਾਲ ਤੂੰ ਆਣ ਇਥੇ,
ਕਦਰ ਅਸਾਂ ਦਾ ਤੂੰ ਗਵਾਇਆ ਏ ।
ਬੂਟਾ ਸਿੰਘ ਨਾ ਆਂਵਦੀ ਸ਼ਰਮ ਤੈਨੂੰ,
ਜਣੇ ਖਣੇ ਨੂੰ ਯਾਰ ਬਣਾਇਆ ਏ ।

ਮੁਕਦੀ ਗੱਲ ਕਹੀ ਜਾ ਸਕਦੀ ਹੈ ਕਿ ਅੰਗਰੇਜ਼ ਸਾਮਰਾਜ ਦੇ ਪ੍ਰਭਾਵ ਅਧੀਨ ਉੱਠੀ 'ਉਦਾਰੀ ਚੇਤਨਾ' ਦੀ ਨਕਲਚੂ ਕਾਵਿ-ਧਾਰਾ, ਜਿਸ ਨੇ ਕਾਗਜ਼ਾਂ ਵਿਚ ਆਪਣਾ ਨਾਂ ਆਧੁਨਿਕ ਪੰਜਾਬੀ ਕਾਵਿ-ਧਾਰਾ ਰਖਾਇਆ, ਦੇ ਸਮਵਿਥ ਹੀ ਕਥਿਤ ਪਰੰਪਰਿਕ ਧਾਰਾ ਨਹੀਂ ਸਗੋਂ ਕਈ ਧਾਰਾਵਾਂ ਚੱਲ ਰਹੀਆਂ ਸਨ, ਜੋ ਵਸਤੂਗਤ ਸਥਿਤੀ ਦੇ ਬਦਲਣ ਨਾਲ 'ਦੇਸੀ ਚੇਤਨਾ' ਵਿਚ ਆ

www.PunjabiLibrary.com

ਰਹੇ ਬਦਲਾਵ ਨੂੰ ਪ੍ਰਗਟਾ ਰਹੀਆਂ ਸਨ । ਹੁਣ ਕਥਿਤ ਆਧੁਨਿਕ ਕਾਵਿ-ਧਾਰਾਵਾਂ ਨੂੰ ਦੇਖਿਆ ਜਾ ਜਾ ਸਕਦਾ ਹੈ ।

ਆਧੁਨਿਕ ਕਵਿਤਾ ਦੀ ਰਹੱਸਵਾਦੀ ਪ੍ਰਵਿਰਤੀ ਬਾਰੇ ਕੁਝ ਕਹਿਣ ਤੋਂ ਪਹਿਲਾਂ ਮੱਧਕਾਲੀ ਰਹੱਸਵਾਦੀ ਪ੍ਰਵਿਰਤੀ ਵੱਲ ਵੇਖਣਾ ਪਵੇਗਾ ਕਿਉਂਕਿ ਮੱਧਕਾਲ ਵਿਚ ਗੁਰੂ ਕਾਵਿ ਅਤੇ ਸੂਫ਼ੀ ਕਾਵਿ ਅੰਦਰ ਰਹੱਸਵਾਦੀ ਅੰਸ਼ ਮਿਲਦੇ ਹਨ । ਪਰ ਧਿਆਨ ਨਾਲ ਦੇਖਿਆਂ ਪਤਾ ਲੱਗਦਾ ਹੈ ਕਿ ਆਧੁਨਿਕ ਕਵੀਆਂ ਦਾ ਰਹੱਸਵਾਦ, ਮੱਧਕਾਲੀ ਰਹੱਸਵਾਦ ਦਾ ਅਗਲਾ ਪੜਾਅ ਨਹੀਂ ਹੈ, ਸਗੋਂ ਇਸ ਦਾ ਤੱਤ ਸਾਰ ਹੀ ਵੱਖਰਾ ਹੈ । ਮੱਧਕਾਲੀ ਕਵੀਆਂ ਦੀ ਰਹੱਸ ਅਨੁਭੂਤੀ ਉਨ੍ਹਾਂ ਦੇ ਕਠੋਰ ਭੌਤਿਕ ਜ਼ਿੰਦਗੀ ਦੇ ਅਨੁਭਵਾਂ ਨਾਲ ਜੁੜੀ ਹੋਈ ਸੀ । ਉਨ੍ਹਾਂ ਨੂੰ ਕੁਦਰਤ ਦੇ ਵਿਰਾਟ ਰੂਪ ਸਾਹਮਣੇ ਮਨੁੱਖ ਅਸਤਿੱਤਵ ਦੇ ਛਿੰਨ ਭੰਗਰ ਹੋਣ ਦਾ ਅਹਿਸਾਸ ਸੀ । ਉਨ੍ਹਾਂ ਦਾ ਰਹੱਸਵਾਦੀ ਦ੍ਰਿਸ਼ਟੀਕੋਣ, ਉਨ੍ਹਾਂ ਦੀ ਜ਼ਿੰਦਗੀ ਵਿਚ ਕਮਾਇਆ ਸੱਚ ਸੀ, ਜਿਵੇਂ ਸੂਫ਼ੀ ਕਵੀ ਆਪਣੀ ਇਸੇ ਮੌਲਿਕਤਾ ਕਾਰਨ ਕੱਟੜ ਇਸਲਾਮੀ ਦਾਇਰੇ ਤੋਂ ਬਾਹਰ ਵਿਚਰਦੇ ਹਨ, ਇਸੇ ਪ੍ਰਕਾਰ ਗੁਰੂ ਕਵੀਆਂ ਨੇ ਤਾਂ ਆਪਣੇ ਅਨੁਭਵ ਨੂੰ ਹੀ ਪ੍ਰਕਾਸ਼ਮਾਨ ਕੀਤਾ ਸੀ, ਜੋ ਬਾਅਦ ਵਿਚ 'ਧਰਮ' ਦਾ ਰੂਪ ਲੈ ਗਿਆ । ਰਹੱਸਵਾਦ ਜ਼ਿੰਦਗੀ ਤੋਂ ਪਲਾਇਣ ਦਾ ਮਾਰਗ ਹੋਣ ਦੀ ਥਾਂ ਯਥਾਰਥ ਦੀਆਂ ਅਬੁੱਝ ਗੁੰਝਲਾਂ ਦਾ ਪ੍ਰਗਟਾ ਸੀ । ਇਸ ਦੇ ਉਲਟ ਆਧੁਨਿਕ ਰਹੱਸਵਾਦ ਸਮਾਜਿਕ/ਭੌਤਿਕ ਅਨੁਭਵ ਤੋਂ ਕੋਰਾ ਵਿਅਕਤੀਗਤ, ਸਥਾਪਿਤ ਧਰਮ ਦਾ ਨਕਲ ਆਧਾਰਤ ਅਤੇ ਸਮਕਾਲੀ ਸਾਮਰਾਜੀ ਦਬਾਅ ਤੋਂ ਡਰਦਾ ਜ਼ਿੰਦਗੀ ਦੇ ਯਥਾਰਥ ਤੋਂ ਪਲਾਇਣ ਮਾਰਗ ਸੀ । ਸ਼ਹਿਰੀ ਪੜ੍ਹੀ ਲਿਖੀ ਸ਼੍ਰੇਣੀ ਦਾ ਇਹ ਰਹੱਸਵਾਦੀ ਕਵੀ ਪੇਂਡੂ ਲੋਕਾਂ ਦੇ ਅਨੁਭਵ ਨਾਲੋਂ ਟੁੱਟੇ ਹੋਣ ਕਾਰਨ, ਉਨ੍ਹਾਂ ਲਈ ਅਪਹੁੰਚ ਹੀ ਸੀ । ਇਸੇ ਲਈ ਭਾਈ ਵੀਰ ਸਿੰਘ ਦੇ 'ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ' ਦੇ ਕਾਵਿ-ਅਰਥ ਪੇਂਡੂ ਵਿਦਿਆਰਥੀਆਂ ਨੂੰ ਸਮਝਾਉਣੇ ਮੁਸ਼ਕਲ ਹੋ ਜਾਂਦੇ ਹਨ । ਪੰਜਾਬੀ ਆਲੋਚਕਾਂ ਵਿਚ ਰਹੱਸਵਾਦ ਦਾ ਧਾਰਮਿਕ ਸ਼ਰਧਾ ਪੱਖੋਂ ਗੁਣਗਾਇਣ ਤਾਂ ਬਹੁਤ ਹੋਇਆ, ਪਰ 'ਰਹੱਸ' ਨੂੰ ਮਨੋਵਿਗਿਆਨ ਦੇ ਅਧਿਐਨ ਦੀ ਵਸਤ ਵਜੋਂ ਬਹੁਤ ਘੱਟ ਵਿਚਾਰਿਆ ਗਿਆ । ਰਹੱਸਵਾਦ ਦੇ ਹਾਲੇ ਵੀ ਜਿਊਂਦੇ ਰਹਿਣ ਦਾ ਕਾਰਨ ਕੁਦਰਤੀ ਵਰਤਾਰਿਆਂ ਦਾ ਅਬੁੱਝ ਬਣੇ ਰਹਿਣਾ ਹੈ । ਗਿਆਨ-ਵਿਗਿਆਨ ਵਿਚ ਉੱਨਤੀ ਕੁਦਰਤ ਪ੍ਰਤੀ ਸਾਡੀ ਸਮਝ ਨੂੰ ਵਧਾਉਂਦੀ ਹੈ, ਪਰ ਅਜੇ ਹੱਲ ਨਾ ਹੋਏ ਰਹੱਸਾਂ ਬਾਰੇ ਵੀ ਕੋਈ ਪਰਦਾ ਨਹੀਂ ਰੱਖਦੀ । ਇਹੀ ਰਹੱਸ ਦਾ ਦਾਰਸ਼ਨਿਕ ਪਿੱਠ-ਭੂਮੀ ਵਿਚ ਕਾਵਿ-ਪ੍ਰਗਟਾ ਡਾ: ਜਸਵੰਤ ਸਿੰਘ ਨੇਕੀ ਦੀ ਕਵਿਤਾ ਅੰਦਰ ਮਿਲ਼ਦਾ ਹੈ । ਭਾਈ ਵੀਰ ਸਿੰਘ, ਪੂਰਨ ਸਿੰਘ, ਪ੍ਰੀਤਮ ਸਿੰਘ ਸਫੀਰ ਆਦਿ ਰਹੱਸਵਾਦੀ ਕਵੀ ਹਨ ।

ਪੰਜਾਬੀ ਰੋਮਾਂਸਵਾਦੀ ਕਾਵਿ-ਧਾਰਾ ਦਾ ਪੰਜਾਬੀ ਵਿਚ ਉਦੈ ਪੱਛਮੀ ਰੋਮਾਂਸਵਾਦੀ ਕਾਵਿ-ਧਾਰਾ ਦੀ ਨਕਲ ਵਿਚ ਹੋਇਆ । ਭਾਵੇਂ ਇਥੋਂ ਦੀ ਵਸਤੂ ਸਥਿਤੀ ਵੀ ਬਦਲ ਰਹੀ ਸੀ, ਪਰ ਭੌਤਿਕ ਹਾਲਤਾਂ ਵਿਚ ਤਬਦੀਲੀ ਧੀਮੀ ਤੇ ਨਿਰੋਲ ਵਿਚਾਰ/ਭਾਵ ਪੱਖ ਤੋਂ ਤਬਦੀਲੀ ਤੀਬਰ ਸੀ । ਇਸ ਧਾਰਾ ਦੇ ਪ੍ਰਮੁੱਖ ਕਵੀ ਪੂਰਨ ਸਿੰਘ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਨੂੰ ਮੰਨਿਆ ਜਾਂਦਾ ਹੈ । ਇਸੇ ਧਾਰਾ ਵਿਚ ਸ਼ਿਵ ਕੁਮਾਰ ਨੂੰ ਸ਼ਾਮਲ ਕਰਨਾ ਚਾਹੀਦਾ ਹੈ, ਜਿਸ ਨੂੰ ਕਰਮਜੀਤ ਸਿੰਘ ਵਰਗਾ ਵਿਦਵਾਨ ਆਲੋਚਕ ਵੀ ਪਤਾ ਨਹੀਂ ਕਿਉਂ ਧਾਰਾਵਾਂ ਬਾਹਰੇ ਕਵੀਆਂ ਵਿਚ ਰੱਖਦਾ ਹੈ । ਇਸ

www.PunjabiLibrary.com

ਧਾਰਾ ਦੇ ਉਥਾਨ ਸਮੇਂ ਵਿਅਕਤੀਗਤ ਜੀਵਨ ਦੇ ਲੱਗੇ ਮੱਧਕਾਲੀ ਜਕੜਬੰਦ ਢਿੱਲੇ ਹੋ ਰਹੇ ਸਨ। ਇਸ ਧਾਰਾ ਦੇ ਸਾਂਝੇ ਲੱਛਣ ਜ਼ਿੰਦਗੀ ਨੂੰ ਮੱਧਕਾਲੀ ਸਮੂੰਹ ਕੇਂਦਰਤ ਨੈਤਿਕ ਵਿਧਾਨ ਤੋਂ ਆਜ਼ਾਦ ਖ਼ਿਆਲ ਕਰਨਾ, ਇਸੇ ਪ੍ਰਕਾਰ ਵਰਤਮਾਨ ਸਮੇਂ ਵਿਚ ਵੀ ਕਿਸੇ ਕਿਸਮ ਦੇ ਜਕੜ ਤੋਂ ਇਨਕਾਰ ਕਰਨਾ, ਜਜ਼ਬੇ ਦੀ ਬਹੁਲਤਾ ਅਤੇ ਹੁਸਨ-ਇਸ਼ਕ ਪ੍ਰਤੀ ਖਿੱਚ ਸਨ। ਇਸੇ ਧਾਰਾ ਦਾ ਕਵੀ ਸ਼ਿਵ ਕੁਮਾਰ ਆਪਣੇ ਤੀਬਰ ਪ੍ਰੀਤ ਜਜ਼ਬੇ ਦੀ ਬਿਰਹੋਂ ਨੂੰ ਇਸ ਪ੍ਰਕਾਰ ਕਾਵਿ-ਬਿੰਬ ਵਿਚ ਢਾਲਦਾ ਹੈ ਕਿ ਸਾਰਾ ਬ੍ਰਹਿਮੰਡ ਉਸ ਦੇ ਗ਼ਮ ਦਾ ਸੰਚਾਰਕ ਵਾਹਨ ਬਣ ਜਾਂਦਾ ਹੈ। ਇਸ ਕਾਵਿ-ਧਾਰਾ ਦਾ ਇਕ ਹੋਰ ਲੱਛਣ, ਪੁਰਾਣੀ ਜੀਵਨ ਤਰਜ਼ ਪ੍ਰਤੀ ਉਦਰੇਵਾਂ ਹੈ, ਜੋ ਕਈ ਵਾਰ ਉਪ-ਭਾਵੁਕ ਬਿਆਨ ਢੰਗ ਅਪਨਾਉਂਦਾ ਹੈ।

ਪੰਜਾਬੀ ਦੀ ਰਾਸ਼ਟਰਵਾਦੀ ਕਾਵਿ-ਧਾਰਾ ਤੋਂ ਭਾਵ ਦੇਸ਼ ਨੂੰ ਆਜ਼ਾਦ ਕਰਾਉਣ ਵਾਲੀ ਅਤੇ ਦੇਸ਼ ਦੀ ਆਜ਼ਾਦੀ ਨੂੰ ਬਰਕਰਾਰ ਰੱਖਣ ਵਾਲੀ ਕਵਿਤਾ ਤੋਂ ਲਿਆ ਜਾਂਦਾ ਹੈ। ਇਸ ਵਿਚ ਸਾਡੀ ਪਰੰਪਰਿਕ ਸੰਸਕ੍ਰਿਤੀ ਦੇ ਗੌਰਵ ਨੂੰ ਵੀ ਸਥਾਨ ਮਿਲਿਆ ਹੈ। ਇਸ ਦਾ ਆਰੰਭ ਤਾਂ ਜੰਗਨਾਮਾ ਸ਼ਾਹ ਮੁਹੰਮਦ ਨਾਲ ਹੀ ਹੋ ਜਾਂਦਾ ਹੈ। ਉਸ ਤੋਂ ਬਾਅਦ ਸਾਰੀਆਂ ਉਹ ਕਾਵਿ-ਲਹਿਰਾਂ ਜਿਨ੍ਹਾਂ ਦਾ ਰਾਜਸੀ ਨਿਸ਼ਾਨਾ ਦੇਸ਼ ਆਜ਼ਾਦ ਕਰਾਉਣਾ ਸੀ, ਦੇ ਕਵੀ ਇਸ ਧਾਰਾ ਵਿਚ ਸਮਿਲਤ ਹੋ ਜਾਂਦੇ ਹਨ। ਜਿਵੇਂ ਬੱਬਰ ਕਾਵਿ, ਗ਼ਦਰ ਕਾਵਿ, ਪ੍ਰਗਤੀਵਾਦੀ ਕਾਵਿ ਅਤੇ ਇਸੇ ਪ੍ਰਕਾਰ ਆਜ਼ਾਦੀ ਲਹਿਰ ਨਾਲ ਜੁੜੇ ਹੋਰ ਕਵੀ ਜਿਵੇਂ ਹੀਰਾ ਸਿੰਘ ਦਰਦ, ਗੁਰਮੁਖ ਸਿੰਘ ਮੁਸਾਫ਼ਰ, ਮੁਣਸ਼ਾ ਸਿੰਘ ਦੁਖੀ, ਧਨੀ ਰਾਮ ਚਾਤ੍ਰਿਕ, ਫ਼ੀਰੋਜ਼ਦੀਨ ਸ਼ਰਫ ਆਦਿ। ਦੇਸ਼ ਆਜ਼ਾਦ ਹੋ ਜਾਣ ਬਾਅਦ 'ਰਾਸ਼ਟਰ ਦੇ ਸੰਕਲਪ' ਪ੍ਰਤੀ ਮੋਹ ਭੰਜਨ ਹੋ ਗਿਆ ਕਿਉਂਕਿ ਸਥਾਪਤ ਰਾਜ ਆਸ਼ਾ ਮੁਤਾਬਿਕ ਨਹੀਂ ਉਸਰਿਆ ਸੀ। ਪਰ ਫੇਰ ਵੀ ਦੇਸ਼ ਦੀਆਂ ਜੰਗਾਂ ਸਮੇਂ ਲੋਕਾਂ ਦਾ ਜਜ਼ਬਾ ਜ਼ੋਰ ਫੜਦਾ ਤਾਂ ਹੋਰ ਧਾਰਾਵਾਂ ਦੇ ਹੰਢੇ ਵਰਤੇ ਕਵੀ ਆਪਣੀ ਕਿੱਤਾਮਈ ਮੁਹਾਰਤ ਨਾਲ ਰਾਸ਼ਟਰਵਾਦੀ ਕਵਿਤਾ ਵੀ ਲਿਖ ਦਿੰਦੇ ਸਨ।

ਪ੍ਰਗਤੀਵਾਦੀ ਕਾਵਿ-ਧਾਰਾ ਦਾ ਸੰਬੰਧ ਸਿੱਧੇ ਰੂਪ ਵਿਚ ਮਾਰਕਸਵਾਦ ਨਾਲ ਜੁੜਦਾ ਹੈ। ਪਰ ਪੰਜਾਬੀ ਸਮਾਜ ਦੀ ਵਿਸ਼ੇਸ਼ ਸਥਿਤੀ ਕਾਰਨ ਵਿਵਹਾਰਕ ਪੱਧਰ ਤੇ ਸਾਮਰਾਜਵਾਦ ਦਾ ਵਿਰੋਧ, ਜਾਗੀਰਦਾਰੀ ਕਦਰਾਂ ਕੀਮਤਾਂ ਦਾ ਖੰਡਨ, ਭੌਤਿਕ ਸੰਸਾਰ ਨੂੰ ਅਗਰੂ ਭੂਮੀ ਵਿਚ ਲਿਆਉਣਾ ਅਤੇ ਸਮਾਜਵਾਦ ਦੀ ਸਥਾਪਨਾ ਲਈ ਸੰਘਰਸ਼ ਕਰਨਾ ਹੈ। ਇਸ ਕਾਵਿ-ਧਾਰਾ ਦੇ ਵਿਸ਼ੇ ਰਾਜਨੀਤੀ ਵਿਚ ਬਦਲਾਵ ਆਉਣ ਨਾਲ ਬਦਲਦੇ ਰਹੇ। ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਪਿਆਰਾ ਸਿੰਘ ਸਹਿਰਾਈ, ਹੀਰਾ ਸਿੰਘ ਦਰਦ, ਸੰਤੋਖ ਸਿਘ ਧੀਰ ਪ੍ਰਮੁੱਖ ਕਵੀ ਸਨ। ਇਸ ਕਾਵਿ-ਧਾਰਾ ਦਾ ਲੰਮਾ ਸਮਾਂ ਬੋਲਬਾਲਾ ਰਿਹਾ। ਰਾਸ਼ਟਰਵਾਦ ਇਸ ਦੇ ਅੰਗ ਵਜੋਂ ਅਤੇ ਰੋਮਾਂਸਵਾਦ ਇਸ ਦੇ ਨਾਲੋ-ਨਾਲ ਚਲਦਾ ਰਿਹਾ। ਅਖੀਰ ਇਹ ਲਹਿਰ ਪਤਨ ਮੁੱਖ ਹੋ ਗਈ ਕਿਉਂਕਿ ਦੇਸ਼ ਆਜ਼ਾਦ ਹੋਣ ਨਾਲ ਆਜ਼ਾਦੀ ਦਾ ਮਸਲਾ, ਅੰਤਰ-ਰਾਸ਼ਟਰੀ ਪੱਧਰ ਤੇ ਅਮਨ ਦੇ ਮਸਲੇ ਦੇ ਹੱਲ ਹੋਣ ਨਾਲ ਅਤੇ ਸਮਾਜਵਾਦ ਦਾ ਸੰਕਲਪ ਹੋਰ ਪਾਰਟੀ ਵੱਲ ਵੀ ਅਪਣਾ ਲੈਣ ਨਾਲ, ਸੋਚ ਵਿਚ ਖੜੋਤ ਆ ਗਈ।

ਰੋਮਾਂਸਵਾਦੀ ਅਤੇ ਪ੍ਰਗਤੀਵਾਦੀ ਦੇ ਸਾਂਝੇ ਪਤਨ ਤੋਂ ਬਾਅਦ ਪੈਦਾ ਹੋਏ ਖ਼ਿਆਲ ਨੂੰ ਪੂਰਨ

www.PunjabiLibrary.com

ਲਈ ਬੌਧਿਕ ਖੇਤਰ ਵਿਚ ਉਠੀ 'ਉਧਾਰੀ ਚੇਤਨਾ' ਦੀ ਲਹਿਰ ਪ੍ਰਯੋਗਵਾਦੀ ਅੱਗੇ ਆਈ। ਇਸ ਧਾਰਾ ਦੇ ਪ੍ਰਮੁੱਖ ਕਵੀਆਂ ਵਿਚੋਂ ਜਸਵੀਰ ਸਿੰਘ ਆਹਲੂਵਾਲੀਆ, ਰਵਿੰਦਰ ਰਵੀ, ਸੁਖਪਾਲਵੀਰ ਹਸਰਤ, ਅਜਾਇਬ ਕਮਲ ਅਤੇ ਸਤੀ ਕੁਮਾਰ ਪ੍ਰਮੁੱਖ ਹਨ। ਇਸ ਲਹਿਰ ਦੇ ਕਵੀ ਸਮਾਜਿਕ ਯਥਾਰਥ ਵਿਚ ਆਈ ਤਬਦੀਲੀ ਨੂੰ ਵਧਾ ਕੇ ਵੇਖਣ ਦੀ ਉਲਾਰੂ ਬਿਰਤੀ ਦੇ ਸ਼ਿਕਾਰ ਸਨ। ਕਵੀਆਂ ਨੇ ਵਿਦੇਸ਼ੀ ਗਿਆਨ ਅਤੇ ਸਾਹਿਤ ਪੜ੍ਹ ਕੇ 'ਉਧਾਰੀ ਚੇਤਨਾ' ਨੂੰ ਗ੍ਰਹਿਣ ਕਰ ਲਿਆ ਸੀ, ਪਰ ਸਮਾਜ ਆਪਣੀ ਧੀਮੀ ਤੋਰ ਹੀ ਬਦਲ ਰਿਹਾ ਸੀ। ਇਸ ਪ੍ਰਕਾਰ ਇਹ ਲਹਿਰ ਕੋਈ ਚਿਰ-ਸਥਾਈ ਅਸਰ ਪਾਏ ਬਿਨਾਂ ਖ਼ਤਮ ਹੋ ਗਈ।

ਨਕਸਲਬਾੜੀ ਕਵਿਤਾ ਨਕਸਲਬਾੜੀ ਰਾਜਸੀ ਲਹਿਰ ਤੋਂ ਸਿੱਧੀ ਤਰ੍ਹਾਂ ਪ੍ਰਭਾਵਿਤ ਸੀ, ਇਸ ਪ੍ਰਕਾਰ ਇਸ ਨੂੰ ਰਾਜਸੀ ਲਹਿਰ ਦੀ ਲੰਬੀ ਪਰੰਪਰਾ ਵਿਚ ਪ੍ਰਗਤੀਵਾਦ ਦੀ ਅਗਲੀ ਕੜੀ ਸਮਝਣਾ ਚਾਹੀਦਾ ਹੈ। ਇਸ ਲਹਿਰ ਨੇ ਆਪਣੇ ਤੋਂ ਪਿਛਲੀ ਪ੍ਰਯੋਗਵਾਦੀ ਲਹਿਰ ਦੀ 'ਉਧਾਰੀ ਚੇਤਨਾ' ਦੀ ਥਾਂ ਜੀਵੰਤ ਪੇਂਡੂ ਸੰਵੇਦਨਾ ਨੂੰ ਅਭਿਵਿਅਕਤ ਕੀਤਾ। ਇਸ ਕਵਿਤਾ ਦੀ ਵਿਲੱਖਣਤਾ ਰਵਾਇਤੀ ਪ੍ਰਗਤੀਵਾਦੀ ਅਮਨ ਅਤੇ ਪਾਰਲੀਮਾਨੀ ਪ੍ਰਬੰਧ ਅਧੀਨ ਰਾਜਸੀ ਤਬਦੀਲੀ ਦੀ ਥਾਂ ਹਥਿਆਰਬੰਦ ਇਨਕਲਾਬ ਨੂੰ ਪ੍ਰਚਾਰਿਆ ਜਾਣਾ ਹੈ। ਇਸੇ ਅਧੀਨ ਇਹ ਅਹਿੰਸਾ ਦੀ ਹਿੰਸਾ, ਰਾਸ਼ਟਰ ਦੇ ਬੁਰਜੂਆ ਸੰਕਲਪ ਦੇ ਪਰਖੱਚੇ ਉਡਾਉਂਦੀ, ਜਮਾਤੀ ਸਹਿਹੋਂਦ ਦੀ ਥਾਂ ਜਮਾਤੀ ਨਫ਼ਰਤ ਦਾ ਪ੍ਰਚੰਡ ਪ੍ਰਗਟਾ ਕਰਦੀ ਹੈ। ਇਸ ਕਾਵਿ-ਲਹਿਰ ਦੀ ਵਿਸ਼ੇਸ਼ਤਾ ਇਹ ਹੈ ਕਿ ਬਾਹਰਲੇ ਦਰਸ਼ਨ ਦੇ ਅਧਾਰਿਤ ਹੋਣ ਬਾਵਜੂਦ ਇਹ ਕਵਿਤਾ ਪੇਂਡੂ ਲੋਕਾਂ ਦੇ ਅਨੁਭਵ ਦੀ ਕਵਿਤਾ ਸੀ। 'ਪਾਸ਼' ਅਤੇ 'ਉਦਾਸੀ' ਇਸ ਲਹਿਰ ਦੇ ਅਮਿੱਟ ਹਸਤਾਖ਼ਰ ਨੇ।

ਇਹ ਧਾਰਾਵਾਂ ਇਕ ਦੂਜੀ ਤੇ ਅਸਰ ਪਾਉਂਦੀਆਂ, ਪ੍ਰਭਾਵਤ ਹੁੰਦੀਆਂ ਅਤੇ ਕਰਦੀਆਂ ਰੂਪ ਵਟਾਉਂਦੀਆਂ ਖ਼ਤਮ ਹੋ ਜਾਂਦੀਆਂ ਹਨ। ਕਵੀਆਂ ਨੂੰ ਧਾਰਾਵਾਂ ਨਾਲ ਬੰਨ੍ਹ ਕੇ ਨਹੀਂ ਰੱਖਿਆ ਜਾ ਸਕਦਾ ਜਿਵੇਂ ਜਗਤਾਰ, ਪ੍ਰਗਤੀਵਾਦ, ਪ੍ਰਯੋਗਵਾਦ ਅਤੇ ਨਕਸਲਬਾੜੀ ਲਹਿਰਾਂ ਦੇ ਸਮਵਿਥ ਬਦਲਦਾ ਰਿਹਾ ਹੈ। ਮੋਹਨ ਸਿੰਘ ਵੀ ਪ੍ਰਗਤੀਵਾਦੀ ਸੋਚ ਧਾਰਾ ਵਿਚ ਬੇੜੀ ਠੇਲਦਾ ਰਿਹਾ ਹੈ। ਮੀਸ਼ਾ ਅਤੇ ਹਰਿਭਜਨ ਸਿੰਘ ਦੂਜੀਆਂ ਲਹਿਰਾਂ ਦੇ ਪ੍ਰਭਾਵ ਗ੍ਰਹਿਣ ਕਰ ਕੇ ਵੀ ਮੌਲਿਕਤਾ ਬਣਾਈ ਰੱਖਦੇ ਹਨ। ਪਰ ਇਸ ਸਾਰੇ ਪਰਿਪੇਖ ਵਿਚ ਜੁਝਾਰ ਕਵਿਤਾ ਦੇ ਮੰਦੇ ਪੈ ਜਾਣ ਤੋਂ ਬਾਅਦ, ਸਮਕਾਲੀ ਪੰਜਾਬੀ ਕਵਿਤਾ ਆਰੰਭ ਹੁੰਦੀ ਹੈ, ਜਿਸ ਦੇ ਨਾਲ ਹੀ ਪੰਜਾਬ ਸਮੱਸਿਆ ਸ਼ੁਰੂ ਹੋ ਜਾਂਦੀ ਹੈ। ਪੰਜਾਬ ਦੇ ਰਾਜਸੀ ਮੰਚ ਤੇ ਸਿੱਖ ਖਾੜਕੂ ਵਿਚਾਰਧਾਰਾ ਦਾ ਜ਼ੋਰ ਵਧਦਾ ਰਿਹਾ ਹੈ। ਉਨ੍ਹਾਂ ਦਾ ਵਿਰੋਧ ਸਰਕਾਰੀ ਅਤੇ ਗ਼ੈਰ-ਸਰਕਾਰੀ ਪੱਖੋਂ ਹੁੰਦਾ ਰਿਹਾ ਹੈ। ਕਵਿਤਾ ਵਿਚ ਇਸ ਸੰਤਾਪ ਦਾ ਸਿੱਧਾ ਪ੍ਰਗਟਾ ਹੋਇਆ ਹੈ। ਹਾਲ ਦੀ ਘੜੀ ਕਵਿਤਾ ਨੇ ਧਰਮ ਨਿਰਪੱਖਤਾ ਦਾ ਰਾਹ ਫੜਿਆ, ਪੰਜਾਬ ਸਮੱਸਿਆ ਦੇ ਹੱਲ ਲਈ ਖਾੜਕੂਆਂ ਅਤੇ ਸਰਕਾਰੀ ਪੱਖ ਮੂਹਰੇ ਕੀਰਨੇ ਪਾ ਰਹੀ ਹੈ। ਦੇਰ ਸਵੇਰ ਇਹ ਇਕ ਧਿਰ ਚੁਣ ਕੇ ਪੱਖ ਵਿਚ ਚੜ੍ਹ ਜਾਵੇਗੀ।

ਸਮੁੱਚੇ ਵਿਵੇਚਨ ਤੋਂ ਸਪੱਸ਼ਟ ਹੋਵੇਗਾ ਕਿ ਆਧੁਨਿਕ ਪੰਜਾਬੀ ਕਵਿਤਾ ਆਪਣੇ ਜਨਮ ਸਮੇਂ ਹੀ ਅੰਗਰੇਜ਼ ਸਾਮਰਾਜ ਦੇ ਪ੍ਰਛਾਵੇਂ ਹੇਠ ਗ੍ਰਹਿਣੀ ਗਈ ਸੀ। ਸਾਮਰਾਜੀ ਗਿਆਨ-ਸ਼ਾਸਤਰ ਦੇ ਪ੍ਰਭਾਵ ਅਧੀਨ 'ਉਧਾਰੀ ਚੇਤਨਾ' ਦੀ ਕਵਿਤਾ ਪ੍ਰਵਾਨੀ ਗਈ ਅਤੇ ਵਸਤੂ ਸਥਿਤੀ ਦੇ ਪ੍ਰਭਾਵ

www.PunjabiLibrary.com

ਅਧੀਨ 'ਦੇਸੀ ਚੇਤਨਾ' ਦੀ ਬਦਲ ਰਹੀ ਕਵਿਤਾ ਨੂੰ ਪਰੰਪਰਿਕ ਕਹਿ ਕੇ ਖੁੱਡੇ ਲਾ ਦਿੱਤਾ। ਆਜ਼ਾਦੀ ਤੋਂ ਬਾਅਦ ਵੀ ਅਸੀਂ ਸਾਮਰਾਜੀ ਗਿਆਨ-ਸ਼ਾਸਤਰ ਤੋਂ ਆਜ਼ਾਦ ਨਾ ਹੋ ਸਕੇ। ਅੱਜ ਸਮੇਂ ਦੀ ਲੋੜ ਹੈ ਕਿ ਅਸੀਂ ਆਪਣੀ ਆਧੁਨਿਕ ਕਵਿਤਾ ਦੇ ਸਾਮਰਾਜੀ ਗਿਆਨ-ਸ਼ਾਸਤਰ ਤੋਂ ਮੁਕਤ ਹੋ ਕੇ ਮੁੱਲਾਂਕਣ ਕਰੀਏ, ਇਤਿਹਾਸ ਲਿਖੀਏ ਅਤੇ ਉਸ ਦੀ ਰੌਸ਼ਨੀ ਵਿਚ ਆਪਣੇ ਕਾਵਿ-ਸ਼ਾਸਤਰ ਦੇ ਮਿਆਰ ਨਿਸ਼ਚਿਤ ਕਰੀਏ।

ਹਵਾਲੇ ਅਤੇ ਟਿਪਣੀਆਂ—

1. ਡਾ. ਰਵਿੰਦਰ ਸਿੰਘ ਰਵੀ, 'ਪਿਛਲੇ ਦਹਾਕੇ ਦੀ ਪੰਜਾਬੀ ਕਵਿਤਾ' (1975-1985) ਅਪ੍ਰਕਾਸ਼ਤ ਖੋਜ ਪੱਤਰ—ਪੰਨਾ-1.
2. Mohan Singh, **A History of Punjabi Literature**, Jalandhar, Sadasive Parkashan 1971, Page-132.
3. ਡਾ. ਅਤਰ ਸਿੰਘ, **ਸਮਦਰਸ਼ਨ**, ਲੁਧਿਆਣਾ ਲਾਹੌਰ ਬੁੱਕ ਸ਼ਾਪ, 1982, ਪੰਨਾ-78/79.
4. ਡਾ. ਸੁਤਿੰਦਰ ਸਿੰਘ ਨੂਰ, **ਸਾਹਿਤ ਸਿਧਾਂਤ ਤੇ ਵਿਚਾਰ**, ਦਿੱਲੀ ਆਰਸੀ ਪਬਲਿਸ਼ਰਜ਼, 1987, ਪੰਨਾ-35.
5. Mohinderpal Kohli, **The Influence of The West on Punjabi Literature** Ludhiana, Lyall Book Depot, 1969, Page-212.
6. ਕੇਸਰ ਸਿੰਘ ਨਾਵਲਕਾਰ, ਭੂਮਿਕਾ—**ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ** (ਲੇਖਕ—ਕੇਸਰ ਸਿੰਘ ਕੇਸਰ), ਚੰਡੀਗੜ੍ਹ ਆਦੀ ਪ੍ਰਕਾਸ਼ਨ, ਪੰਨਾ-12.
7. ਜਸਵਿੰਦਰ ਸਿੰਘ, **ਸਭਿਆਚਾਰ ਅਤੇ ਕਿੱਸਾ-ਕਾਵਿ**, ਪਟਿਆਲਾ, ਸੇਧ ਪ੍ਰਕਾਸ਼ਕ, 198੭, ਪੰਨਾ-134.

———

www.PunjabiLibrary.com

2. ਨਕਸਲਵਾਦੀ ਕਾਵਿ-ਲਹਿਰ ਤੇ ਪੁਨਰ-ਵਿਚਾਰ

ਕਿਸੇ ਵੀ ਕਾਵਿ-ਲਹਿਰ ਨੂੰ ਵਿਕਲੋਤਰੇ ਰੂਪ ਵਿਚ ਅਧਿਐਨ ਅਧੀਨ ਲਿਆਉਣਾ ਅਸੰਭਵ ਹੁੰਦਾ ਹੈ, ਸਗੋਂ ਕਿਸੇ ਵੀ ਕਾਵਿ-ਲਹਿਰ ਨੂੰ ਸਮੁੱਚੀ ਕਾਵਿ-ਪਰੰਪਰਾ ਦੇ ਪ੍ਰਸੰਗ ਵਿਚ ਵੀ ਵਾਚਿਆ ਜਾਣਾ ਚਾਹੀਦਾ ਹੈ। ਨਕਸਲਬਾੜੀ ਕਾਵਿ-ਲਹਿਰ ਤੇ ਹੁਣ ਤੱਕ ਹੋਈ ਚਰਚਾ ਕਈ ਕ੍ਰਾਂਤੀਆਂ ਦਾ ਸ਼ਿਕਾਰ ਰਹੀ ਹੈ। ਇਹ ਕਾਵਿ-ਲਹਿਰ ਪੰਜਾਬੀ ਪ੍ਰਗਤੀਵਾਦੀ ਕਾਵਿ-ਧਾਰਾ ਨਾਲ ਜੁੜੀ ਹੋਈ ਹੈ। ਇਸ ਕਾਰਨ ਇਸ ਕਾਵਿ-ਲਹਿਰ ਦੇ ਅਧਿਐਨ ਲਈ ਸਮੁੱਚੀ ਪੰਜਾਬੀ ਕਾਵਿ-ਪਰੰਪਰਾ ਨੂੰ ਆਮ ਕਰਕੇ ਅਤੇ ਪ੍ਰਗਤੀਵਾਦੀ ਕਾਵਿ-ਧਾਰਾ ਨੂੰ ਖਾਸ ਤੌਰ ਤੇ ਧਿਆਨ ਗੋਚਰੇ ਰੱਖਣਾ ਪਵੇਗਾ।

ਸਾਡੀ ਮੱਧ-ਕਾਲੀਨ ਕਵਿਤਾ ਅਤੇ ਲੋਕ-ਗੀਤਾਂ ਵਿਚ ਲੋਕ-ਹਿਤੂ, ਅਗਾਂਹ-ਵਧੂ, ਜਬਰ, ਵਿਰੋਧੀ ਅਤੇ ਲੁਟੀਂਦੀ ਸ਼ਰੇਣੀ ਦੇ ਹੱਕ ਵਿਚ ਚੋਖਾ ਸਾਹਿਤ ਮੌਜੂਦ ਹੈ। ਇਹ ਮੱਧ-ਕਾਲੀਨ ਦਾ ਸਾਹਿਤ ਸਾਡੀ ਅਜੋਕੀ ਪੰਜਾਬੀ ਕਵਿਤਾ ਦਾ ਵਿਰਸਾ ਹੈ। ਸਾਡੇ ਇਸ ਮੱਧ-ਕਾਲੀਨ ਵਿਰਸੇ ਨੂੰ ਸਾਰੇ ਆਲੋਚਕ/ਵਿਚਾਰਕ ਇਕ ਮੱਤ ਹੋ ਕੇ ਪ੍ਰਵਾਨਦੇ ਹਨ। ਇਸ ਮੱਧ-ਕਾਲੀਨ ਸਾਹਿਤ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਕਰਕੇ ਸਾਰੀਆਂ ਹੀ ਕਾਵਿ-ਧਾਰਾਵਾਂ ਦੇ ਅਲੋਚਕ ਅਤੇ ਵਿਚਾਰਕ ਆਪਣੇ ਆਪ ਨੂੰ ਇਸ ਦੇ ਯੋਗ ਵਾਰਿਸ ਸਿੱਧ ਕਰਦੇ ਹਨ। ਇਸ ਸਬੰਧੀ ਬਹਿਸ ਕਿ ਯੋਗ ਵਾਰਿਸ ਕੌਣ ਹੈ? ਸਾਡੇ ਵਿਸ਼ੇ ਨਾਲ ਸਬੰਧਿਤ ਨਹੀਂ ਹੈ। ਮੱਧਕਾਲੀ ਪੰਜਾਬੀ ਕਵਿਤਾ ਅਜੋਕੇ ਸਾਰੇ ਨਵੇਂ ਕਵੀਆਂ ਵਾਂਗੀ ਨਕਸਲਬਾੜੀ ਕਾਵਿ-ਲਹਿਰ ਦਾ ਸਾਹਿਤਕ-ਵਿਰਸਾ ਹੈ।

ਆਧੁਨਿਕ ਪੰਜਾਬੀ ਕਵਿਤਾ ਜਿਸ ਦਾ ਆਰੰਭ ਆਮ ਕਰਕੇ ਭਾਈ ਵੀਰ ਸਿੰਘ ਤੋਂ ਮੰਨਿਆ ਜਾਂਦਾ ਹੈ ਜਾਂ ਅੰਗਰੇਜ਼ੀ ਸਾਮਰਾਜ ਦੇ ਪੰਜਾਬ ਤੇ ਕਬਜ਼ਾ ਕਰਨ ਤੋਂ ਬਾਅਦ ਸ਼ੁਰੂ ਹੁੰਦਾ ਹੈ ਅਤੇ ਜੇ ਸਿੱਧੀ ਕਾਲਿਕ ਰੇਖਾ ਖਿੱਚਣੀ ਹੋਵੇ ਤਾਂ ਵੀਹਵੀਂ ਸਦੀ ਵਿਚ ਰਚੀ ਪੰਜਾਬੀ ਕਵਿਤਾ ਸਾਡੀ ਆਧੁਨਿਕ ਕਵਿਤਾ ਦੀ ਪਰੰਪਰਾ ਬਣਦੀ ਹੈ। ਆਧੁਨਿਕ ਕਵਿਤਾ ਦੇ ਆਰੰਭ ਤੋਂ ਛੇਤੀ ਬਾਅਦ ਇਸ ਪ੍ਰਗਤੀਵਾਦੀ ਕਾਵਿ ਧਾਰਾ ਨੇ ਜ਼ੋਰ ਫੜਿਆ। ਸੁਤਿੰਦਰ ਸਿੰਘ ਨੂਰ[1] ਨੇ 'ਪ੍ਰਗਤੀਸ਼ੀਲ ਕਾਵਿ-ਧਾਰਾ' ਅਤੇ 'ਪ੍ਰਗਤੀਵਾਦੀ ਕਾਵਿ-ਧਾਰਾ' ਦੋ ਵੱਖਰੇ-ਵੱਖਰੇ ਸ਼ਬਦ ਵਰਤ ਕੇ ਰਲਗੱਡ ਹੋਈਆਂ ਦੋਹਾਂ ਕਾਵਿ-ਧਾਰਾਵਾਂ ਵਿਚ ਸੂਖਮ ਪਰ ਮਹੱਤਵਪੂਰਨ ਨਿਖੇੜਾ ਸਥਾਪਿਤ ਕੀਤਾ ਹੈ। ਉਨ੍ਹਾਂ ਅਨੁਸਾਰ ਪੰਜਾਬੀ ਦੀ ਬਹੁਤੀ ਕਵਿਤਾ ਪ੍ਰਗਤੀਸ਼ੀਲ ਕਾਵਿ-ਧਾਰਾ ਦੇ ਅੰਤਰਗਤ ਆਉਂਦੀ ਹੈ। ਪ੍ਰਗਤੀਸ਼ੀਲ ਕਾਵਿ-ਧਾਰਾ ਵਿਚ ਉਹੀ ਕਵਿਤਾ ਆ ਜਾਂਦੀ ਹੈ, ਜਿਹੜੀ ਭਾਵੇਂ ਕਿਸੇ ਵੀ ਵਿਚਾਰਧਾਰਕ ਪੈਂਤੜੇ ਤੋਂ ਲਿਖੀ ਗਈ ਹੋਵੇ, ਪਰ ਉਸ ਦਾ ਉਦੇਸ਼ 'ਲੋਕ ਹਿਤੂ' ਹੋਵੇ। ਭਾਵੇਂ 'ਲੋਕ ਹਿਤੂ' ਕੋਈ ਪਰਿਭਾਸ਼ਾ-ਬੱਧ ਸੰਕਲਪ ਨਹੀਂ ਹੈ, ਪਰ ਫੇਰ ਵੀ ਇਹ ਪ੍ਰਗਤੀਸ਼ੀਲ ਕਾਵਿ-ਧਾਰਾ ਦੇ ਅਰਥ ਖੇਤਰ ਨੂੰ ਕੁਝ ਸਪੱਸ਼ਟ ਕਰਦਾ ਹੈ। ਦੂਜੇ ਪਾਸੇ ਪ੍ਰਗਤੀਵਾਦੀ ਕਾਵਿ-ਧਾਰਾ ਤੋਂ ਭਾਵ ਸਿਰਫ ਉਸ ਕਵਿਤਾ

www.PunjabiLibrary.com

ਤੋਂ ਲੈਣਾ ਚਾਹੀਦਾ ਹੈ, ਜਿਸ ਵਿਚ ਮਾਰਕਸਵਾਦੀ ਦਰਸ਼ਨ ਨਾਲ ਪ੍ਰਤੀਬੱਧ ਹੋ ਕੇ ਕਵਿਤਾ ਰਚੀ ਗਈ ਹੋਵੇ। ਇਸ ਵਿਚਾਰ ਨੂੰ ਡਾ: ਕੇਸਰ ਸਿੰਘ ਕੇਸਰ ਵਧੇਰੇ ਸਪੱਸ਼ਟ ਰੂਪ ਵਿਚ ਇਉਂ ਲਿਖਦੇ ਹਨ, "ਪ੍ਰਗਤੀਵਾਦ ਭਾਰਤੀ ਸਰਬਹਾਰਾ ਵਰਗ ਦੀ ਵਿਚਾਰਧਾਰਾ ਹੈ, ਜਿਸ ਦੀ ਸਿਧਾਂਤਕ ਆਧਾਰ ਹੈ. ਦਵੰਦਾਤਮਕ ਇਤਿਹਾਸਕ ਭੌਤਿਕਵਾਦ।[2] ਇੱਥੇ ਇਕ ਹੋਰ ਗੱਲ ਸਪੱਸ਼ਟ ਕਰ ਦੇਣੀ ਯੋਗ ਹੋਵੇਗੀ ਕਿ ਪ੍ਰਗਤੀਸ਼ੀਲ ਤੇ ਪ੍ਰਗਤੀਵਾਦ ਕੋਈ ਇਕ ਦੂਜੇ ਤੋਂ ਵਿਰੋਧੀ ਅਰਥ ਨਹੀਂ ਦਿੰਦੇ, ਸਗੋਂ ਕਈ ਵਾਰ ਦੋਵਾਂ ਧਾਰਾਵਾਂ ਦੀ ਕਵਿਤਾ ਇਕ-ਰੂਪ ਹੋ ਜਾਂਦੀ ਹੈ। ਪਰ ਫੇਰ ਵੀ ਦੋਹਾਂ ਧਾਰਾਵਾਂ ਵਿਚ ਸੂਖਮ ਅੰਤਰ ਕਾਇਮ ਰਹਿੰਦਾ ਹੈ। ਜੇ ਇਹ ਸੂਖਮ ਅੰਤਰ ਨਾ ਰੱਖਿਆ ਜਾਵੇ ਤਾਂ ਗ਼ੈਰ-ਮਾਰਕਸੀ ਵਿਚਾਰਧਾਰਾ ਦਾ ਕਵੀ ਵੀ ਕਿਸੇ ਮਸਲੇ ਤੇ ਅਗਾਂਹਵਧੂ ਲੋਕ ਹਿੱਤੀ ਪਹੁੰਚ ਰੱਖਣ ਕਾਰਨ ਪ੍ਰਗਤੀਵਾਦੀ ਕਵੀਆਂ ਦੀ ਸ਼ਰੇਣੀ ਵਿਚ ਆ ਜਾਵੇਗਾ। ਇਸੇ ਪ੍ਰਕਾਰ ਮੱਧਕਾਲੀ ਸਾਹਿਤ ਅਧਿਆਤਮਿਕ ਸੰਸਾਰ ਦ੍ਰਿਸ਼ਟੀਕੋਣ ਤੋਂ ਧਾਰਮਿਕ ਮੁਹਾਵਰੇ ਵਿਚ ਲਿਖਿਆ ਹੋਣ ਦੇ ਬਾਵਜੂਦ ਲੋਕ-ਹਿਤੂ ਪੈਂਤੜਾ ਰੱਖਣ ਕਾਰਨ ਪ੍ਰਗਤੀਵਾਦੀ ਕਵਿਤਾ ਵਿਚ ਸ਼ਾਮਲ ਹੋ ਜਾਵੇਗਾ ਜੋ ਕਿ ਸਰਾਸਰ ਗ਼ਲਤ ਹੈ, ਕਿਉਂਕਿ ਪ੍ਰਗਤੀਵਾਦੀ ਕਵਿਤਾ ਤਾਂ ਉਸੇ ਨੂੰ ਹੀ ਕਹਾਂਗੇ, ਜਿਸ ਵਿਚ ਕਵੀ ਨੇ ਮਾਰਕਸਵਾਦੀ ਦਰਸ਼ਨ ਨਾਲ ਪ੍ਰਤੀਬੱਧ ਹੋ ਕੇ ਕਵਿਤਾ ਰਚੀ ਹੋਵੇ, ਸਮੁੱਚੀ ਪ੍ਰਗਤੀਵਾਦੀ ਕਵਿਤਾ ਤਾਂ ਪ੍ਰਗਤੀਸ਼ੀਲ ਕਵਿਤਾ ਦੇ ਅੰਤਰਗਤ ਰੱਖੀ ਜਾ ਸਕਦੀ ਹੈ। ਪਰ ਸਾਰੀ ਪ੍ਰਗਤੀਸ਼ੀਲ ਕਵਿਤਾ ਪ੍ਰਗਤੀਵਾਦੀ ਨਹੀਂ ਹੁੰਦੀ ਸਗੋਂ ਮਾਰਕਸਵਾਦੀ ਦਰਸ਼ਨ ਨਾਲ ਪ੍ਰਤੀਬਧ ਹੋ ਕੇ ਰਚੀ ਕਵਿਤਾ ਹੀ ਪ੍ਰਗਤੀਵਾਦੀ ਕਵਿਤਾ ਅਖਵਾਉਣ ਦੀ ਹੱਕਦਾਰ ਹੈ।

ਮੋਹਨ ਸਿੰਘ-ਅੰਮ੍ਰਿਤਾ ਪ੍ਰੀਤਮ ਕਾਵਿ ਧਾਰਾ ਜਿਸ ਨੂੰ ਕਈ ਵਾਰ ਪ੍ਰਗਤੀਵਾਦੀ-ਰੋਮਾਂਟਿਕ ਕਾਵਿ-ਧਾਰਾ ਕਹਿ ਦਿੱਤਾ ਜਾਂਦਾ ਹੈ, ਅਸਲ ਵਿਚ ਪ੍ਰਗਤੀਸ਼ੀਲ ਕਾਵਿ ਧਾਰਾ ਹੀ ਸੀ। ਜੇ ਮੋਹਨ ਸਿੰਘ ਨੇ ਪਿਛਲੇ ਸਮੇਂ ਵਿਚ ਚੇਤੰਨ ਹੋ ਕੇ ਕੁਝ ਕਾਵਿ ਰਚਨਾ ਮਾਰਕਸਵਾਦੀ ਦਰਸ਼ਨ ਤੋਂ ਸੂਝ ਲੈ ਕੇ ਕੀਤੀ ਹੈ, ਅਸੀਂ ਉਸ ਕਾਵਿ-ਰਚਨਾ ਨੂੰ ਪ੍ਰਗਤੀਵਾਦੀ ਕਾਵਿ-ਧਾਰਾ ਦੀ ਸ਼ਰੇਣੀ ਵਿਚ ਰੱਖ ਸਕਦੇ ਹਾਂ। ਸਾਡੀ ਧਾਰਨਾ ਅਨੁਸਾਰ ਕਿਸੇ ਕਵੀ ਦੇ ਪ੍ਰਗਤੀਵਾਦੀ ਜਾਂ ਪ੍ਰਗਤੀਸ਼ੀਲ ਹੋਣ ਨਾਲ ਉਸ ਦੀ ਕਾਵਿ-ਕਲਾ ਤੇ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ ਅਤੇ ਉਸਦੀ ਕਵਿਤਾ ਦੀ ਆਲੋਚਨਾ ਲਈ, ਉਸਦੀ ਕਵਿਤਾ ਹੀ ਆਧਾਰ ਹੋਣੀ ਚਾਹੀਦੀ ਹੈ। ਪਰ ਸਿਧਾਂਤਕ ਸਪੱਸ਼ਟਤਾ ਲਈ ਦੋਹਾਂ ਕਾਵਿ-ਧਾਰਾਵਾਂ ਨੂੰ ਨਿਖੇੜ ਲੈਣਾ ਤਰਕ-ਸੰਗਤ ਹੈ। ਪੰਜਾਬੀ ਦੀ ਸਾਰੀ ਮੱਧਕਾਲੀ ਕਵਿਤਾ ਅਤੇ ਬਹੁਤੀ ਆਧੁਨਿਕ ਪੰਜਾਬੀ ਕਵਿਤਾ ਪ੍ਰਗਤੀਸ਼ੀਲ ਕਾਵਿ-ਧਾਰਾ ਦੇ ਅੰਤਰਗਤ ਹੀ ਹੁੰਦੀ ਹੈ। ਪਰ ਆਧੁਨਿਕ ਸਮੇਂ ਵਿਚ ਦੋਹਾਂ ਧਾਰਾਵਾਂ ਦੇ ਨਾਲੋ-ਨਾਲ ਚੱਲਣ ਅਤੇ ਕਈ ਪ੍ਰਗਤੀਸ਼ੀਲ ਕਵੀਆਂ ਦੇ ਮਾਰਕਸੀ ਦਰਸ਼ਨ ਨਾਲ ਪ੍ਰਤੀਬੱਧ ਹੋ ਜਾਣ ਕਾਰਨ ਦੋਹਾਂ ਧਾਰਾਵਾਂ ਨੂੰ ਇਕੋ ਸਮਝਣ ਦਾ ਭੁਲੇਖਾ ਪੈਂਦਾ ਰਿਹਾ। ਪਰ ਗੰਭੀਰ ਦ੍ਰਿਸ਼ਟੀ ਨਾਲ ਅਧਿਐਨ ਕਰਨ ਤੇ ਪ੍ਰਗਤੀਵਾਦੀ ਕਾਵਿ-ਧਾਰਾ ਵਿਲੱਖਣ ਪਛਾਣੀ ਜਾ ਸਕਦੀ ਹੈ। ਰੋਮਾਂਟਿਕ ਅੰਸ਼ਾਂ ਨਾਲ ਭਰਪੂਰ ਮੋਹਨ ਸਿੰਘ-ਅੰਮ੍ਰਿਤਾ ਪ੍ਰੀਤਮ ਕਾਵਿ-ਧਾਰਾ ਵਿਚ ਖੜੋਤ ਆ ਜਾਣ ਤੇ ਚੇਤੰਨ ਤੌਰ ਤੇ ਮਾਰਕਸਵਾਦ ਨਾਲ ਪ੍ਰਤੀਬੱਧ ਕਵੀਆਂ ਨੇ ਜੋ ਕਵਿਤਾ ਰਚੀ ਉਸ ਨੂੰ ਨਵ-ਪ੍ਰਗਤੀਵਾਦੀ ਕਾਵਿ-ਧਾਰਾ ਦਾ ਨਾਂ ਦਿੱਤਾ ਗਿਆ। ਅਸਲ ਵਿਚ ਪ੍ਰਗਤੀਸ਼ੀਲ ਕਵਿਤਾ ਦੇ ਪ੍ਰਗਤੀਵਾਦੀ ਨਾਂ ਥੱਲੇ ਪ੍ਰਚੱਲਤ ਹੋ ਜਾਣ ਕਾਰਨ ਮਾਰਕਸਵਾਦੀ ਦਰਸ਼ਨ

www.PunjabiLibrary.com

ਨਾਲ ਪ੍ਰਤੀਬੱਧ ਕਵੀਆਂ ਦੀ ਰਚੀ ਕਵਿਤਾ ਨੂੰ ਨਵ-ਪ੍ਰਗਤੀਵਾਦੀ ਕਾਵਿ-ਧਾਰਾ ਦਾ ਨਾਂ ਮਿਲਿਆ। ਪ੍ਰਗਤੀਵਾਦੀ ਕਾਵਿ-ਧਾਰਾ ਕਿਉਂਕਿ ਮਾਰਕਸਵਾਦੀ ਦਰਸ਼ਨ ਨਾਲ ਸਿੱਧੇ ਤੌਰ ਤੇ ਜੁੜੀ ਹੋਈ ਸੀ, ਸੋ ਪ੍ਰਗਤੀਵਾਦੀ ਕਵਿਤਾ ਮਾਰਕਸਵਾਦੀ ਦਰਸ਼ਨ ਤੇ ਅਧਾਰਿਤ ਸਿਆਸੀ ਪਾਰਟੀਆਂ ਤੋਂ ਵੀ ਪ੍ਰਭਾਵਤ ਹੁੰਦੀ ਹੈ। ਕਮਿਊਨਿਸਟ ਪਾਰਟੀਆਂ ਅਤੇ ਕਵਿਤਾ ਦੀ ਇਸ ਹੁਨਾੜੀ ਕਾਰਨ ਸਿਆਸੀ ਹਾਲਤਾਂ ਦੇ ਬਦਲਣ ਤੇ ਕਮਿਊਨਿਸਟ ਪਾਰਟੀਆਂ ਦੇ ਦਾਅ ਪੇਚ ਬਦਲਣ ਨਾਲ ਕਵਿਤਾ ਤੇ ਅਸਰ ਪੈਂਦਾ ਰਿਹਾ ਹੈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਪ੍ਰਗਤੀਵਾਦੀ/ਪ੍ਰਗਤੀਸ਼ੀਲ ਕਾਵਿ-ਧਾਰਾ ਦੇ ਰਵਾਇਤੀ ਵਿਸ਼ੇ ਅਮਨ, ਆਜ਼ਾਦੀ ਅਤੇ ਸਮਾਜਵਾਦ ਵਿਚੋਂ ਪਹਿਲੇ ਦੋਹਾਂ ਦੀ ਪੂਰਤੀ ਹੋ ਗਈ ਅਤੇ ਇਹ ਆਪਣੀ ਸਾਰਥਕਤਾ ਗੁਆ ਬੈਠੇ, ਜਦ ਕਿ 'ਸਮਾਜਵਾਦ' ਦਾ ਸੰਕਲਪ ਸਰਕਾਰ ਸਮੇਤ ਗ਼ੈਰ ਮਾਰਕਸਵਾਦੀ ਪਾਰਟੀਆਂ ਦੇ ਵੀ ਅਪਨਾ ਲੈਣ ਨਾਲ, ਇਹ ਵਿਸ਼ਾ ਵੀ ਰਵਾਇਤੀ ਜਿਹਾ ਬਣ ਗਿਆ। ਇਸ ਨੂੰ ਕਰਮਜੀਤ ਸਿੰਘ ਇਉਂ ਪ੍ਰਗਟਾਉਂਦਾ ਹੈ, "ਜਦ ਸੁਤੰਤਰ ਭਾਰਤ ਵਿਚ ਸਮਾਜਵਾਦੀ ਕ੍ਰਾਂਤੀ ਲਈ ਵਰਗ-ਸੰਘਰਸ਼ ਦਾ ਪ੍ਰਗਤੀਵਾਦੀ ਨਾਅਰਾ ਕਾਫੀ ਹੱਦ ਤੱਕ ਅਪ੍ਰਸੰਗਿਕ ਹੋ ਕੇ ਰਹਿ ਗਿਆ।[3] ਇਸੇ ਸਮੇਂ ਕਮਿਊਨਿਸਟ ਪਾਰਟੀਆਂ ਨੇ ਸਥਾਪਤੀ ਦਾ ਸਿੱਧਾ ਵਿਰੋਧ ਛੱਡ ਕੇ ਸਥਾਪਤੀ ਨਾਲ ਸਾਂਝ ਭਿਆਲੀ ਪਾ ਕੇ ਰਾਜ ਕਰਦੀਆਂ ਸ਼ਰੇਣੀਆਂ ਦੀ ਸਥਾਪਤੀ ਨੂੰ ਅਹਿੰਸਾਵਾਦੀ ਢੰਗ ਨਾਲ ਪ੍ਰੋਲੇਤਾਰੀ ਲੋਕਾਂ ਦੇ ਹੱਕਾਂ ਵਿਚ ਵਰਤਣ ਦਾ ਨਿਸ਼ਕ੍ਰਿਆਸ਼ੀਲ ਢੰਗ ਚੁਣਿਆ। ਇਸ ਨਿਸ਼ਕ੍ਰਿਆਸ਼ੀਲ ਢੰਗ ਦੇ ਅਨੁਰੂਪੀ ਪੈਟਰਨ ਤੇ ਪ੍ਰਗਤੀਵਾਦੀ ਸਾਹਿਤ ਵੀ ਰੂਪਾਂਤਰਿਤ ਹੋਇਆ। ਕਮਿਊਨਿਸਟ ਸਿਆਸਤ ਦੀ ਨਿਸ਼ਕ੍ਰਿਆਸ਼ੀਲਤਾ ਆ ਜਾਣ ਨਾਲ ਪ੍ਰਗਤੀਵਾਦੀ ਸਾਹਿਤ ਵੀ ਜਮੂਦ ਦੀ ਹਾਲਤ ਵਿਚ ਪਹੁੰਚ ਗਿਆ। ਪ੍ਰਗਤੀਵਾਦੀ ਕਾਵਿ-ਧਾਰਾ ਪੰਜਾਬੀ ਕਾਵਿ ਦੀ ਪ੍ਰਮੁੱਖ ਧਾਰਾ ਹੋਣ ਕਾਰਨ ਸਮੁੱਚਾ ਸਾਹਿਤ ਹੀ ਜਮੂਦ ਦੀ ਹਾਲਤ ਵਿਚ ਜੜ੍ਹ ਹੋ ਗਿਆ। ਇਸ ਜੜ੍ਹਤਾ ਨੂੰ ਬੁੱਧੀਜੀਵੀ ਵਰਗ ਵਿਚ ਉਠੀ ਚੇਤੰਨ ਲਹਿਰ ਪ੍ਰਯੋਗਵਾਦ ਨੇ ਤੋੜਨਾ ਚਾਹਿਆ। ਪਰ ਆਪਣੀ ਮੱਧ ਸ਼੍ਰੇਣਿਕ ਵਿਅਕਤੀਵਾਦੀ ਪ੍ਰਤੱਖਣ ਵਿਧੀ ਕਾਰਨ ਸਮਾਜਿਕ ਯਥਾਰਥ ਦੀ ਤਬਦੀਲੀ ਨੂੰ ਵਧਾ ਕੇ ਦੇਖਣ ਵਰਗੀ ਉਲਾਰ ਬਿਰਤੀ ਦੀਆਂ ਸੀਮਾਵਾਂ ਕਾਰਨ ਬੁਰਜੂਆ ਪੈਂਤੜੇ ਤੋਂ ਉਠੀ ਇਹ ਕਾਵਿ-ਲਹਿਰ ਨਾ ਤਾਂ ਪ੍ਰਗਤੀਵਾਦੀ ਸਾਹਿਤ ਦਾ ਬਦਲ ਪੇਸ਼ ਕਰ ਸਕੀ ਅਤੇ ਨਾ ਹੀ ਇਸ ਨੂੰ ਕੋਈ ਨਵਾਂ ਮੋੜ ਦੇਣ ਦੇ ਸਮਰਥ ਸਿੱਧ ਹੋਈ।

ਪ੍ਰਗਤੀਵਾਦੀ ਕਾਵਿ-ਧਾਰਾ ਦੀ ਕਮਿਊਨਿਸਟ ਸਿਆਸਤ ਨਾਲ ਇਸ ਹੁਨਾੜੀ ਕਾਰਨ ਕਮਿਊਨਿਸਟ ਪਾਰਟੀ ਦੇ ਵਿਚੋਂ ਉਠੀ ਨਕਸਲਬਾੜੀ ਬਗ਼ਾਵਤ ਨੇ ਪ੍ਰਗਤੀਵਾਦੀ ਸਾਹਿਤ ਤੇ ਸਿੱਧਾ ਅਸਰ ਪਾਇਆ। ਪ੍ਰਗਤੀਵਾਦੀ ਕਾਵਿ-ਧਾਰਾ ਦੀ ਜਮੂਦ ਅਵਸਥਾ ਲਹਿਰ ਨਾਲ ਕੰਬ ਉਠੀ ਸੀ। ਨਕਸਲਬਾੜੀ ਲਹਿਰ ਦੀ ਕਵਿਤਾ ਨੂੰ ਪੰਜਾਬੀ ਸਾਹਿਤ ਵਿਚ 'ਨਕਸਲਬਾੜੀ ਲਹਿਰ ਦੀ ਕਵਿਤਾ', 'ਜੁਝਾਰ ਕਵਿਤਾ', 'ਵਿਦਰੋਹ ਦੀ ਕਵਿਤਾ', 'ਕ੍ਰਾਂਤੀ ਦੀ ਕਵਿਤਾ', 'ਇਤਿਹਾਸ ਸਮੁੱਖ ਚੇਤੰਨ ਕਾਵਿ-ਧਾਰਾ' ਆਦਿ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਸ ਕਾਵਿ-ਲਹਿਰ ਦੇ ਸਰੂਪ ਅਤੇ ਨਾਮਕਰਣ ਦਾ ਮਸਲਾ ਕਾਫ਼ੀ ਵਾਦ-ਵਿਵਾਦ ਵਾਲਾ ਰਿਹਾ ਹੈ। ਇਸ ਵਾਦ-ਵਿਵਾਦ ਨੂੰ ਇਸ ਕਵਿਤਾ ਦੇ ਸਿਆਸੀ ਆਲੋਚਕਾਂ ਨੇ ਹੋਰ ਵੀ ਜ਼ਿਆਦਾ ਉਲਝਾਇਆ ਹੈ। ਕਮਿਊਨਿਸਟ ਪਾਰਟੀਆਂ

www.PunjabiLibrary.com

ਦੀਆਂ ਸਿਆਸੀ ਗਤੀਵਿਧੀਆਂ ਦਾ ਪ੍ਰਗਤੀਵਾਦੀ ਸਾਹਿਤ ਤੇ ਸਿੱਧਾ ਅਸਰ ਪੈਂਦਾ ਸੀ। ਕਮਿਊਨਿਸਟ ਪਾਰਟੀਆਂ ਦੇ ਆਪਸੀ ਸਿਆਸੀ ਮੱਤਭੇਦਾਂ ਕਾਰਨ ਇਸ ਕਾਵਿ-ਲਹਿਰ ਦਾ ਸਿਆਸੀ ਆਲੋਚਕਾਂ ਵਲੋਂ ਸਾਹਿਤਕ ਮੁੱਲਾਂਕਣ ਕਰਨ ਦੀ ਥਾਂ ਇਸ ਉਪਰ ਸਿਆਸੀ ਨਿਰਨੇ ਆਲੋਚਕਾਂ ਦੀ ਭਾਸ਼ਾ ਵਿਚ ਅਰੋਪਿਤ ਕੀਤੇ ਗਏ। ਪਾਰਲੀਮਾਨੀ ਰਾਹ ਵਾਲੀਆਂ ਕਮਿਊਨਿਸਟ ਪਾਰਟੀਆਂ ਦੀ ਸਿਆਸਤ ਨਾਲ ਜੁੜੇ ਸਿਆਸੀ ਆਲੋਚਕਾਂ ਨੇ ਇਸ ਕਵਿਤਾ ਨੂੰ ਨਕਸਲਬਾੜੀ ਲਹਿਰ ਦੀ ਸਿਆਸਤ ਮੰਨ ਕੇ ਇਸ ਦਾ ਸਿਆਸੀ ਚੀਰ-ਫਾੜ ਕਰਨਾ ਆਰੰਭ ਕਰ ਦਿੱਤਾ। ਇੱਥੋਂ ਤੱਕ ਕਿ ਪ੍ਰਗਤੀਵਾਦੀ ਧਾਰਾ ਵਿਚੋਂ ਹੀ ਉਠੀ ਇਸ ਕਾਵਿ-ਲਹਿਰ ਨੂੰ 'ਵਿਲੱਖਣ ਵਰਤਾਰੇ' ਵਜੋਂ ਸਮਝਿਆ ਗਿਆ।

ਇਸ ਦੇ ਪ੍ਰਤੀਕਰਮ ਵਜੋਂ ਨਕਸਲਬਾੜੀ ਕਾਵਿ-ਲਹਿਰ ਦੇ ਕਵੀਆਂ ਨੇ ਆਪਣੇ ਆਪ ਨੂੰ ਪ੍ਰਗਤੀਵਾਦੀ ਕਾਵਿ-ਧਾਰਾ ਤੋਂ ਵੱਖਰਾ ਕਰਵਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੀ ਇਸ ਕੋਸ਼ਿਸ਼ ਦਾ ਕੋਈ ਸਿਆਸੀ ਮੰਤਵ ਵੀ ਹੋ ਸਕਦਾ ਹੈ। ਉਹ ਸੋਧਵਾਦੀ ਸਾਹਿਤਕਾਰਾਂ ਨਾਲ ਆਪਣੇ ਆਪ ਨੂੰ ਭਿੱਟਣਾ ਨਹੀਂ ਚਾਹੁੰਦੇ ਸਨ। ਉਹ ਇਸ ਪਾਸੇ ਵੱਲ ਐਨੇ ਉਲਾਰ ਹੋ ਗਏ ਸਨ। ਪਾਸ਼ ਦੇ ਕਾਵਿ-ਸੰਗ੍ਰਹਿ ਲੋਹ ਕਥਾ ਦੀ ਭੂਮਿਕਾ ਵਿਚ ਸੰਤ ਸੰਧੂ ਲਿਖਦਾ ਹੈ:

"ਸਾਡਾ ਵੀਹਵੀਂ ਸਦੀ ਦਾ ਪੰਜਾਬੀ ਸਾਹਿਤਕ ਵਿਰਸਾ ਪਰੰਪਰਾਮਈ, ਬੋਧਿਕ ਪ੍ਰਯੋਗੀ, ਪ੍ਰਗਤੀਵਾਦੀ, ਸਮਾਜਵਾਦੀ ਤੇ ਹੋਰ ਲੱਲੂ ਪੰਜੂ ਅਖੌਤੀ ਡੀਂਗਾਂ ਹੀ ਸੀ ਜੋ ਗੁਮਰਾਹ ਅਤੇ ਰੰਗੇ ਗਿੱਦੜਾਂ ਦੀਆਂ ਹੂਕਾਂ ਸਨ।"[4]

ਨਕਸਲਬਾੜੀ ਕਾਵਿ-ਲਹਿਰ ਦੇ ਕਵੀਆਂ ਨੇ ਪ੍ਰਗਤੀਵਾਦੀ ਕਾਵਿ-ਧਾਰਾ ਨੂੰ ਚੇਤੰਨ ਤੌਰ ਤੇ ਨਕਾਰਿਆ ਅਤੇ ਆਪਣੇ ਆਪ ਨੂੰ ਵੱਖਰਾ ਦਰਸਾਉਣ ਦੀ ਕੋਸ਼ਿਸ਼ ਕੀਤੀ, ਜਦ ਕਿ ਇਹ ਕਾਵਿ-ਲਹਿਰ ਪ੍ਰਗਤੀਵਾਦੀ ਧਾਰਾ ਵਿਚ ਹੀ ਉਠੀ ਸੀ। ਨਕਸਲਬਾੜੀ ਕਾਵਿ-ਲਹਿਰ ਦੇ ਕਵੀਆਂ ਤੇ ਆਲੋਚਕਾਂ ਨੇ ਕਲਾ ਅਤੇ ਸਿਆਸਤ ਦੇ ਸੂਖਮ ਰਿਸ਼ਤੇ ਨੂੰ ਸਮਝਣ ਦੀ ਥਾਂ ਸਿੱਧਾ ਵਸਤੂ-ਪ੍ਰਤੀਬਿੰਬ ਵਾਲਾ ਰਿਸ਼ਤਾ ਕਲਪਿਆ। ਕਵਿਤਾ ਵਿਚ ਸਿੱਧੇ ਸਿਆਸੀ ਪ੍ਰਚਾਰ ਨੂੰ ਕਾਵਿ-ਸੁਹਜ ਦਾ ਬਦਲ ਮੰਨ ਲਿਆ ਗਿਆ। ਇਸ ਦ੍ਰਿਸ਼ਟੀਕੋਣ ਦੇ ਧਾਰਨੀ ਆਲੋਚਕਾਂ ਨੇ ਭਾਵੁਕ ਹੋ ਕੇ ਜੋ ਨਿਰਨੇ ਦਿੱਤੇ ਉਨ੍ਹਾਂ ਦੀ ਸਾਹਿਤਕ ਸਾਰਥਕਤਾ ਸ਼ੱਕੀ ਸੀ ਅਤੇ ਸਮੇਂ ਨਾਲ ਗ਼ਲਤ ਜਾਪਣ ਲੱਗ ਪਈ; ਜਿਵੇਂ ਉਦਾਸੀ ਨੂੰ ਲੋਕ ਇਉਂ ਪ੍ਰਵਾਨ ਕਰਨਗੇ ਜਿਵੇਂ ਵਾਰਸ ਨੂੰ ਪ੍ਰਵਾਨ ਕੀਤਾ ਸੀ[5], ਨਕਸਲਬਾੜੀ ਲਹਿਰ ਦੇ ਕਵੀਆਂ ਅਤੇ ਆਲੋਚਕਾਂ ਨੇ ਪਹਿਲਾਂ ਦੀ ਸਾਰੀ ਪ੍ਰਗਤੀਵਾਦੀ ਕਾਵਿ-ਧਾਰਾ ਸਮੇਤ ਸਮੁੱਚੀ ਪੰਜਾਬੀ ਕਵਿਤਾ ਨੂੰ ਰੱਦ ਕਰਕੇ ਸਿਰਫ ਆਪਣੀ ਕਵਿਤਾ ਨੂੰ ਹੀ ਸ਼ੁੱਧ ਕਵਿਤਾ ਦੱਸਿਆ।

ਨਕਸਲਬਾੜੀ ਲਹਿਰ ਦੇ ਕਮਿਊਨਿਸਟ ਵਿਰੋਧੀਆਂ ਤੋਂ ਇਲਾਵਾ, ਇਸ ਕਾਵਿ-ਲਹਿਰ ਤੇ ਬੁਰਜੂਆ ਕਲਾ ਆਲੋਚਕਾਂ ਨੇ ਇਸ ਲਹਿਰ ਦੀ ਕਵਿਤਾ ਨੂੰ 'ਸਿਆਸੀ' ਹੋਣ ਦੇ ਦੋਸ਼ ਅਧੀਨ ਨਿਰਾ ਪ੍ਰਚਾਰ ਐਲਾਨਿਆ ਸੀ। ਕਵਿਤਾ ਵਿਚ ਕੀਤੀ 'ਹਿੰਸਾ' ਅਤੇ 'ਹਥਿਆਰ' ਦੀ ਗੱਲ ਨੂੰ ਪ੍ਰਸਿੱਧ ਸ਼ਾਇਰ ਅਤੇ ਆਲੋਚਕ ਨੇ ਆਪਣੀ ਇਕ ਨਜ਼ਮ ਵਿਚ ਇਉਂ ਛੁਟਿਆਇਆ ਸੀ:

ਇਹ ਕੇਹੀ ਸ਼ਾਇਰੀ ਏ ਦੋਸਤ
ਜੋ ਦਿਲਾਂ 'ਚ ਨਹੀਂ ਬੰਦੂਕ ਦੀ ਨਾਲ 'ਚ ਨਿਕਲਦੀ ਏ

www.PunjabiLibrary.com

ਜੋ ਆਪਣੇ ਨਹੀਂ
ਪਰਾਏ ਖ਼ੂਨ ਨਾਲ ਲਿਖੀ ਜਾਂਦੀ ਏ[6]

ਪ੍ਰੀਤਮ ਸਿੰਘ ਨੇ ਇਸ ਨਕਸਲਬਾੜੀ ਲਹਿਰ ਦੇ ਕਵੀਆਂ ਦੀ ਸਿਆਸਤ ਨਾਲ ਹੁਨਾੜੀ ਨੂੰ ਇਉਂ ਨਿੰਦਿਆ, "ਇਸ ਵਿਸ਼ਵਾਸ ਦੇ ਅਨੁਆਈਆਂ ਦੀ ਸਿਰਜਣਾਤਮਿਕ ਸ਼ਕਤੀ ਪ੍ਰਬਲ ਹੋ ਜਾਂਦੀ ਹੈ, ਪਰ ਕੋਈ ਵਿਸ਼ੇਸ਼ ਰਾਜਨੀਤਕ ਲਹਿਰ ਜਿਸਦਾ ਕਵੀ ਦੁੰਮਛੱਲਾ ਬਣੇ ਹੋਏ ਹੁੰਦੇ ਹਨ, ਉਸਦੇ ਮੱਠਿਆਂ ਪੈਂਦੇ ਹੀ ਸਿਰਜਣਾਤਮਕ ਕ੍ਰਮ ਤੇ ਵੀ ਮੁਰਦਨੀ ਛਾ ਜਾਂਦੀ ਹੈ"[7], ਪਰ ਬੁਰਜੂਆ ਸਾਹਿਤ ਆਲੋਚਕਾਂ ਵਲੋਂ ਨਕਸਲਬਾੜੀ ਲਹਿਰ ਦੀ ਕਵਿਤਾ ਤੇ ਉਨ੍ਹਾਂ ਜ਼ੋਰਦਾਰ ਹਮਲਾ ਨਹੀਂ ਹੋਇਆ ਜਿੰਨਾ ਨਕਸਲਬਾੜੀ ਲਹਿਰ ਦੀ ਸਿਆਸਤ ਨਾਲ ਮੱਤਭੇਦ ਰੱਖਣ ਵਾਲੇ ਪ੍ਰਗਤੀਵਾਦੀ ਆਲੋਚਕਾਂ ਵਲੋਂ ਹੋਇਆ। ਨਕਸਲਬਾੜੀ ਲਹਿਰ ਦੀ ਸਿਆਸਤ ਨਾਲ ਮੱਤਭੇਦ ਹੋਣ ਕਰਕੇ ਇਸ ਲਹਿਰ ਦੀ ਕਵਿਤਾ ਨੂੰ ਵੀ ਅਛੂਤਾਂ ਵਾਂਗ ਸਮਝਿਆ ਗਿਆ। ਇਨ੍ਹਾਂ ਆਲੋਚਕਾਂ ਨੇ ਨਕਸਲਬਾੜੀ ਲਹਿਰ ਦੀ ਸਿਆਸਤ ਨੂੰ ਨਿੰਦਣ ਲਈ ਨਕਸਲਬਾੜੀ ਲਹਿਰ ਦੀ ਕਵਿਤਾ ਨੂੰ ਨਿੰਦਣ ਦਾ ਸੌਖਾ ਸਾਹਿਤਕ ਸਿਆਸੀ ਰਾਹ ਲੱਭਿਆ। ਉਨ੍ਹਾਂ ਦੇ ਆਪਣੇ ਕਥਨ ਅਨੁਸਾਰ ਨਕਸਲਬਾੜੀ ਰਾਜਨੀਤੀ ਨੂੰ ਸਲਾਹੁਣ ਜਾਂ ਨਿੰਦਣ ਤੋਂ ਬਿਨਾਂ ਨਕਸਲਬਾੜੀ ਕਵਿਤਾ ਸਲਾਹੀ ਜਾਂ ਨਿੰਦੀ ਕਹੀ ਜਾ ਸਕਦੀ। ਆਪਣੇ ਇਸੇ ਨਿੰਦਣ ਸਲਾਹੁਣ ਦੇ ਪ੍ਰਯੋਜਨ ਅਧੀਨ ਉਹ ਨਕਸਲਬਾੜੀ ਲਹਿਰ ਦੀ ਕਵਿਤਾ ਬਾਰੇ ਨਿਰਨਾ ਦਿੰਦੇ ਹਨ, "ਸਪਸ਼ਟ ਤੌਰ ਤੇ ਇਸ ਦਾ ਵਿਚਾਰਧਾਰਕ ਪਾਸਾ ਮਜ਼ਦੂਰ ਪੱਖੀ ਨਹੀਂ ਸੀ, ਸਗੋਂ ਮੱਧ ਵਰਗੀ ਸੀ, ਇਸੇ ਕਾਰਨ ਇਸਦੇ ਨਾਅਰਿਆਂ ਜਾਂ ਐਕਸ਼ਨਾਂ ਦੀ ਅਪੀਲ ਵਿਅਕਤੀਗਤ ਸੂਰਮਗਤੀ ਨੂੰ ਟੁੰਬਦੀ ਸੀ ਨਾ ਕਿ ਪੀੜਤ ਜਮਾਤਾਂ ਨੂੰ ਸਮੂਹਿਕ ਕਾਰਜ ਲਈ।"[8] ਇਸ ਪ੍ਰਕਾਰ ਨਕਸਲਬਾੜੀ ਕਾਵਿ-ਲਹਿਰ ਸਿਆਸਤ ਤੋਂ ਪ੍ਰੇਰਿਤ ਹੋਣ ਕਰਕੇ ਵਾਦ-ਵਿਵਾਦ ਦਾ ਵਿਸ਼ਾ ਬਣੀ ਰਹੀ ਸੀ।

ਪਰ ਹੁਣ ਇਸ ਲਹਿਰ ਤੋਂ ਸਮਾਂ-ਵਿੱਥ ਵੱਧਣ ਕਾਰਨ ਇਸ ਦੇ ਠੀਕ ਮੁਲਾਂਕਣ ਅਤੇ ਪ੍ਰਗਤੀਵਾਦੀ ਕਾਵਿ-ਧਾਰਾ ਨਾਲ ਰਿਸ਼ਤੇ ਦੀ ਗੱਲ ਵਧੇਰੇ ਠੀਕ ਢੰਗ ਨਾਲ ਸਮਝੀ ਜਾ ਸਕਦੀ ਹੈ। ਸਭ ਤੋਂ ਪਹਿਲਾਂ ਜੋ ਗੱਲ ਸਮਝ ਲੈਣੀ ਜ਼ਰੂਰੀ ਬਣ ਗਈ ਹੈ ਕਿ "ਜੁਝਾਰ-ਕਵਿਤਾ ਦੇ ਮਸਲਿਆਂ ਨੂੰ ਉਦੋਂ ਤੱਕ ਪੂਰੀ ਤਰ੍ਹਾਂ ਨਹੀਂ ਵਾਚਿਆ ਜਾ ਸਕਦਾ ਜਦੋਂ ਤੱਕ ਪ੍ਰਗਤੀਵਾਦੀ ਕਵਿਤਾ ਦੇ ਸਮੁੱਚੇ ਪਰਵਾਹ ਨੂੰ ਨਾ ਸਮਝਿਆ ਜਾਏ।"[9] ਇਸ ਮਹੱਤਵਪੂਰਨ ਨੁਕਤੇ ਵੱਲ ਪਿਛਲੇ ਕੁਝ ਸਮੇਂ ਤੋਂ ਧਿਆਨ ਦਿੱਤਾ ਜਾਣ ਲੱਗਿਆ ਹੈ। ਹੁਣ ਮੰਨਿਆਂ ਜਾਣ ਲੱਗ ਪਿਆ ਹੈ ਕਿ "ਨਕਸਲਬਾੜੀ ਕਾਵਿ-ਲਹਿਰ ਆਪਣੀਆਂ ਵਿਸ਼ੇਸ਼ਤਾਵਾਂ ਕਾਰਨ ਤੇ ਸਿਧਾਂਤਕ ਏਕਤਾ ਕਾਰਨ ਇਹ ਪ੍ਰਗਤੀਵਾਦੀ ਕਾਵਿ-ਧਾਰਾ ਦੀ ਅਗਲੀ ਕੜੀ ਹੈ।"[10] ਇਸ ਪ੍ਰਕਾਰ ਹੁਣ ਨਕਸਲਵਾਦੀ ਲਹਿਰ ਦੀ ਕਵਿਤਾ ਨੂੰ ਪ੍ਰਗਤੀਵਾਦੀ ਕਵਿਤਾ ਠੀਕ ਸੰਦਰਭ ਵਿਚ ਵਾਚਣ ਵੱਲ ਧਿਆਨ ਦਿੱਤਾ ਜਾਣਾ ਸ਼ੁਰੂ ਹੋਇਆ ਹੈ। ਨਕਸਲਬਾੜੀ ਲਹਿਰ ਦੀ ਕਵਿਤਾ ਨੂੰ ਪ੍ਰਗਤੀਵਾਦੀ ਕਵਿਤਾ ਦੇ ਵਿਕਾਸ ਵਿਚ ਆਇਆਂ ਇਕ ਪੜਾਅ ਜਾਂ ਪ੍ਰਗਤੀਵਾਦੀ ਕਾਵਿ-ਧਾਰਾ ਦੇ ਅੰਦਰੋਂ ਉਠੀ ਕਾਵਿਕ-ਲਹਿਰ ਵਜੋਂ ਸਮਝਣ ਦੀ ਪ੍ਰਵਿਰਤੀ ਵਿਚ ਵਾਧਾ ਹੋਇਆ ਹੈ। ਇਸ ਨੂੰ ਡਾ: ਕਰਮਜੀਤ ਸਿੰਘ ਵਧੇਰੇ ਸਪੱਸ਼ਟ ਰੂਪ ਵਿਚ ਇਉਂ ਲਿਖਦੇ ਹਨ

www.PunjabiLibrary.com

"ਪ੍ਰਗਤੀਵਾਦੀ ਕਵਿਤਾ ਨੇ ਤਿੰਨ ਪੜਾਅ ਤੈਅ ਕੀਤੇ ਹਨ। ਪਹਿਲਾ ਪੜਾਅ ਅੰਮ੍ਰਿਤਾ ਪ੍ਰੀਤਮ-ਮੋਹਨ ਸਿੰਘ ਦਾ ਹੈ ਜਿਥੇ ਪ੍ਰਗਤੀਵਾਦੀ ਰੁਝਾਨ ਦੇ ਨਾਲ ਨਾਲ ਰੁਮਾਂਟਿਕ ਪ੍ਰਵਿਰਤੀ ਵੀ ਮੌਜੂਦ ਹੈ। ਦੂਜੇ ਪੜਾਅ ਤੇ ਨਕਸਲਬੜੀ ਲਹਿਰ ਅਧੀਨ ਰਚੀ ਕਵਿਤਾ ਆਉਂਦੀ ਹੈ, ਜਿਸ ਵਿਚ ਅਤਿਵਾਦੀ ਪ੍ਰਵਿਰਤੀਆਂ ਦਾ ਦਖ਼ਲ ਹੈ। ਤੀਜਾ ਪੜਾਅ ਅਜੋਕੀ ਪ੍ਰਗਤੀਵਾਦੀ ਕਵਿਤਾ ਦਾ ਹੈ, ਜਿਸ ਵਿਚ ਪਦਾਰਥਵਾਦੀ ਪ੍ਰਵਿਰਤੀ ਭਾਰੂ ਹੈ।"[11]

ਇਸ ਪ੍ਰਕਾਰ ਡਾ: ਕਰਮਜੀਤ ਸਿੰਘ ਨੇ ਨਕਸਲਬਾੜੀ ਲਹਿਰ ਦੀ ਕਵਿਤਾ ਨੂੰ ਪ੍ਰਗਤੀਵਾਦੀ ਲਹਿਰ ਵਿਚ ਆਇਆ ਪੜਾਅ ਮੰਨਿਆ ਹੈ। ਇਸੇ ਵਿਚਾਰ ਨੂੰ ਡਾ: ਕੇਸਰ ਸਿੰਘ ਇਉਂ ਲਿਖਦੇ ਹਨ, "ਜੁਝਾਰਵਾਦੀ ਕਵਿਤਾ ਪ੍ਰਗਤੀਵਾਦੀ ਕਵਿਤਾ ਦੇ ਵਿਕਾਸ, ਪਰਾਹਨ ਜਾਂ ਸੋਧ ਦੀ ਸੂਚਕ ਹੈ, ਇਸ ਲਈ ਇਸ ਨੂੰ ਨਵ-ਪ੍ਰਗਤੀਵਾਦੀ ਕਵਿਤਾ ਵੀ ਕਹਿ ਲਿਆ ਜਾਂਦਾ ਹੈ। ਪਰ ਇਹ ਪ੍ਰਗਤੀ-ਵਾਦੀ ਕਾਵਿ-ਧਾਰਾ ਦੀ ਹੀ ਇਕ ਅਨਿਖੜ ਕੜੀ ਹੈ।"[12] ਇਸ ਸੰਖੇਪ ਚਰਚਾ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਪ੍ਰਗਤੀਵਾਦੀ ਕਵਿਤਾ ਅਤੇ ਨਕਸਲਬਾੜੀ ਲਹਿਰ ਦੀ ਕਵਿਤਾ ਦੇ ਵਿਰੋਧ ਨੂੰ ਇਕ ਦੂਜੇ ਦੇ ਸਿੱਧੇ ਵਿਰੋਧ ਵਿਚ ਸਮਝਣ ਦੀ ਥਾਂ ਪ੍ਰਗਤੀਵਾਦੀ ਕਾਵਿ-ਧਾਰਾ ਦੇ ਅੰਤਰ ਵਿਰੋਧਾਂ ਵਜੋਂ ਲੈਣਾ ਚਾਹੀਦਾ ਹੈ। ਇਸ ਦ੍ਰਿਸ਼ਟੀ ਤੋਂ ਲਹਿਰ ਦੇ ਨਾਮਕਰਣ ਦੀ ਸਮੱਸਿਆ ਨੂੰ ਵੀ ਹੱਲ ਕਰਨ ਵਿਚ ਸੇਧ ਮਿਲੇਗੀ। ਇਸ ਕਾਵਿ-ਲਹਿਰ ਦੇ ਪ੍ਰਚਲਤ ਨਾਵਾਂ ਨੂੰ ਵਿਚਾਰ ਕੇ ਢੁਕਵੇਂ ਨਾਂ ਦੀ ਚੋਣ ਕਰਾਂਗੇ।

ਸਭ ਤੋਂ ਪਹਿਲਾਂ ਨਵ-ਪ੍ਰਗਤੀਵਾਦੀ ਨਾਂ ਬਾਰੇ ਵਿਚਾਰ ਕਰ ਲੈਣੀ ਯੋਗ ਹੋਵੇਗੀ। ਭਾਵੇਂ ਅਸੀਂ ਪਿੱਛੇ ਸਪਸ਼ਟ ਕਰ ਚੁੱਕੇ ਹਾਂ ਕਿ ਨਵ-ਪ੍ਰਗਤੀਵਾਦੀ ਕਵਿਤਾ ਤਾਂ ਉਸ ਸਾਰੀ ਹੀ ਕਵਿਤਾ ਦੀ ਰੋਮਾਂਟਿਕਤਾ ਤੋਂ ਮੁਕਤ ਹੋਵੇਗੀ ਅਤੇ ਮਾਰਕਸਵਾਦੀ ਦਰਸ਼ਨ ਨਾਲ ਪ੍ਰਤੀਬੱਧ ਹੋਵੇਗੀ। ਸਮਕਾਲੀਨ ਸਮੇਂ ਵਿਚ ਮਾਰਕਸਵਾਦ ਨਾਲ ਪ੍ਰਤੀਬੱਧ ਹੋ ਕੇ ਰਚੀ ਜਾ ਰਹੀ ਕਵਿਤਾ ਵੀ ਨਵ-ਪ੍ਰਗਤੀਵਾਦੀ ਹੀ ਅਖਵਾਏਗੀ, ਜਦੋਂ ਕਿ ਜਿਸ ਕਾਵਿ ਲਹਿਰ ਤੇ ਅਸੀਂ ਵਿਚਾਰ ਕਰ ਰਹੇ ਹਾਂ, ਉਹ ਆਪਣੇ ਪਹਿਲੇ ਰੂਪ ਵਿਚ ਖ਼ਤਮ ਹੋ ਚੁੱਕੀ ਹੈ। ਸੋ ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਵਿਚਾਰ ਅਧੀਨ ਕਾਵਿ ਲਹਿਰ ਦੀ ਕਵਿਤਾ ਭਾਵੇਂ ਨਵ-ਪ੍ਰਗਤੀਵਾਦੀ ਕਵਿਤਾ ਦੇ ਅੰਤਰਗਤ ਤਾਂ ਆਉਂਦੀ ਹੈ, ਪਰ ਇਸ ਲਹਿਰ ਦੇ ਵਿਸ਼ੇਸ਼ ਸਮੇਂ ਅਤੇ ਵਿਸ਼ੇਸ਼ ਰਾਜਨੀਤੀ ਨਾਲ ਬੱਝੇ ਹੋਣ ਕਰਕੇ, ਵਿਲੱਖਣ ਸਿਰਜਨਾਤਮਿਕ ਲੱਛਣ ਹਨ, ਜਿਸ ਕਰਕੇ ਇਸ ਨੂੰ ਹੋਰ ਢੁਕਵਾਂ ਨਾਂ ਦੇਣਾ ਜ਼ਰੂਰੀ ਹੈ।

ਇਸ ਲਹਿਰ ਦਾ ਦੂਸਰਾ ਨਾਂ ਕ੍ਰਾਂਤੀਕਾਰੀ ਕਵਿਤਾ ਵੀ ਇਸ ਦੇ ਸਮੁੱਚੇ ਲੱਛਣਾਂ ਨੂੰ ਰੂਪ-ਮਾਨ ਕਰਦਾ ਨਾਂ ਨਹੀਂ ਹੈ। ਭਾਵੇਂ ਇਸ ਕਾਵਿ-ਲਹਿਰ ਦੇ ਕਵੀਆਂ ਦੀ ਲੋਚਾ ਕ੍ਰਾਂਤੀ ਕਰਨ ਦੀ ਸੀ, ਪਰ ਕ੍ਰਾਂਤੀ ਹੋਈ ਨਹੀਂ ਸੀ; ਇਸ ਕਾਰਨ ਹਾਲੇ ਵੀ ਕ੍ਰਾਂਤੀ ਦੀ ਲੋੜ ਹੈ। ਅੱਜ ਵੀ ਜੋ ਕਵਿਤਾ ਕ੍ਰਾਂਤੀ ਦੇ ਉਦੇਸ਼ ਨੂੰ ਸਾਹਮਣੇ ਰੱਖਕੇ ਲਿਖੀ ਜਾਵੇਗੀ ਉਸ ਨੂੰ ਕ੍ਰਾਂਤੀਕਾਰੀ ਕਵਿਤਾ ਕਹਿਣਾ ਪਵੇਗਾ। ਲਹਿਰ ਦੇ ਉਥਾਨ ਸਮੇਂ ਸਿਆਸੀ ਮੰਚ ਤੇ 'ਵੋਟਾਂ ਰਾਹੀਂ ਇਨਕਲਾਬ' ਦੀ ਥਾਂ 'ਬੰਦੂਕ ਦੀ ਨਾਲੀ ਰਾਹੀਂ ਇਨਕਲਾਬ' ਦਾ ਨਾਅਰਾ ਅਤੇ ਸਾਹਿਤ ਵਿਚ ਇਸ ਨਾਅਰੇ ਦੀ ਸਿੱਧੀ ਅਭਿਵਿਅਕਤੀ ਹੋਣ ਕਾਰਨ, ਇਸ ਕਾਵਿ ਲਹਿਰ ਦੇ ਕਵੀਆਂ ਨੇ ਸਥਾਪਿਤ ਸਾਹਿਤਕ ਪ੍ਰਤੀਮਾਨਾਂ ਤੋਂ ਪਾਸੇ ਜਾ ਕੇ 'ਸਾਹਿਤਕ ਕ੍ਰਾਂਤੀ' ਵੀ ਕੀਤੀ ਸੀ। ਉਸ ਸਮੇਂ ਇਸ ਕਾਵਿ-ਲਹਿਰ ਦਾ ਨਾਂ

www.PunjabiLibrary.com

ਢੁੱਕਵਾਂ ਸੀ, ਪਰ ਅੱਜ ਇਸ ਕਾਵਿ-ਲਹਿਰ ਦੀਆਂ ਵਿਲੱਖਣਤਾਵਾਂ ਨੂੰ ਪ੍ਰਗਟਾਉਣ ਤੋਂ ਅਸਮਰਥ ਹੋਣ ਕਾਰਨ ਠੀਕ ਨਹੀਂ ਹੈ।

ਇਸੇ ਕਾਵਿ-ਲਹਿਰ ਦੇ ਦੋ ਹੋਰ ਨਾਂ 'ਜੁਝਾਰ ਕਾਵਿ' ਅਤੇ 'ਵਿਦਰੋਹ' ਦੀ ਕਵਿਤਾ ਵੀ ਇਸ ਕਾਵਿ-ਲਹਿਰ ਦੀਆਂ ਸਾਰੀਆਂ ਵਿਸ਼ੇਸ਼ਤਾਈਆਂ ਨੂੰ ਪ੍ਰਗਟਾਉਣ ਤੋਂ ਅਸਮਰਥ ਹਨ। 'ਜੁਝਾਰ ਕਵਿਤਾ' ਜਾਂ 'ਵਿਦਰੋਹ' ਦੀ ਕਵਿਤਾ ਜ਼ਰੂਰੀ ਨਹੀਂ ਮਾਰਕਸਵਾਦੀ ਦਰਸ਼ਨ ਨਾਲ ਪ੍ਰਤੀਬਧ ਹੋ ਕੇ ਰਚੀ ਗਈ ਹੋਵੇ ਜਦੋਂ ਕਿ ਵਿਚਾਰ ਅਧੀਨ ਕਾਵਿ-ਲਹਿਰ ਦੇ ਸਾਰੇ ਹੀ ਕਵੀ ਮਾਰਕਸਵਾਦੀ ਦਰਸ਼ਨ ਨਾਲ ਪੂਰੀ ਤਰ੍ਹਾਂ ਪ੍ਰਤੀਬੱਧ ਹਨ। ਡਾ: ਰਵਿੰਦਰ ਸਿੰਘ ਰਵੀ ਵਲੋਂ ਇਸ ਕਾਵਿ-ਲਹਿਰ ਨੂੰ 'ਇਤਿਹਾਸਕ ਚੇਤਨ ਮੁਖ ਕਾਵਿ' ਦਾ ਦਿੱਤਾ ਨਾਂ ਵੀ ਕੋਈ ਬਹੁਤਾ ਪ੍ਰਚਲਤ ਨਹੀਂ ਹੋ ਸਕਿਆ ਅਤੇ ਨਾ ਹੀ ਇਹ ਨਾ ਸਮੁੱਚੇ ਲੱਛਣਾਂ ਨੂੰ ਪ੍ਰਗਟਾਉਂਦਾ ਹੈ।

ਇਸ ਪ੍ਰਕਾਰ ਸਾਡੇ ਕੋਲ ਇਕੋ ਨਾਂ 'ਨਕਸਲਬਾੜੀ ਕਾਵਿ-ਲਹਿਰ' ਦੀ ਚਰਚਾ ਹੈ। ਇਹ ਨਾਂ ਭਾਵੇਂ ਅਤਿਅੰਤ ਸਰਲ......ਅਤੇ ਕਾਵਿ ਲਹਿਰ ਦੀ ਸਿਰਫ਼ ਇਕੋ ਵਿਸ਼ੇਸ਼ਤਾ ਨੂੰ ਦਰਸਾਉਂਦਾ ਹੈ। ਪਰ ਇਹ ਨਾਂ ਇਕ ਪਾਸੇ ਤਾਂ ਇਸ ਕਾਵਿ-ਲਹਿਰ ਦੀ ਕਵਿਤਾ ਨੂੰ ਬਾਕੀ ਪ੍ਰਗਤੀਵਾਦੀ ਕਾਵਿ-ਧਾਰਾ ਤੋਂ ਨਿਖੇੜਦਾ ਹੈ, ਦੂਜੇ ਪਾਸੇ ਇਹ ਨਾਂ ਇਸ ਕਾਵਿ-ਲਹਿਰ ਨੂੰ ਸਿੱਧੇ ਤੌਰ ਤੇ ਉਸ ਰਾਜਸੀ ਲਹਿਰ ਨਾਲ ਜੋੜਦਾ ਹੈ, ਜਿਥੋਂ ਇਸੇ ਕਾਵਿ ਲਹਿਰ ਨੂੰ ਪ੍ਰੇਰਨਾ ਮਿਲੀ ਸੀ। ਇਸ ਕਾਵਿ-ਲਹਿਰ ਦੇ ਕਵੀਆਂ ਦੀਆਂ ਕਵਿਤਾਵਾਂ ਵਿਚ ਇਸੇ ਰਾਜਸੀ ਲਹਿਰ ਦੀ ਸਿਆਸੀ ਸਮਝ ਵਿਦਮਾਨ ਹੈ। ਜੇ ਪੰਜਾਬੀ ਸਾਹਿਤ ਦੀ ਕਾਲਵੰਡ ਰਾਜਸੀ ਤਬਦੀਲੀਆਂ ਨੂੰ ਆਧਾਰ ਬਣਾਕੇ ਕੀਤੀ ਜਾ ਸਕਦੀ ਹੈ ਤਾਂ ਇਸ ਕਾਵਿ ਲਹਿਰ ਜੋ ਰਾਜਸੀ ਲਹਿਰ ਤੋਂ ਸਿਧੇ ਤੌਰ ਤੇ ਪ੍ਰਭਾਵਤ ਸੀ, ਦਾ ਨਾਮਕਰਣ ਸਿਆਸੀ ਲਹਿਰ ਦੇ ਨਾਂ ਤੇ ਕਿਉਂ ਨਹੀਂ ਕੀਤਾ ਜਾ ਸਕਦਾ। ਅਸੀਂ ਇਸ ਕਾਵਿ-ਲਹਿਰ ਨੂੰ ਨਕਸਲਬਾੜੀ ਕਾਵਿ-ਲਹਿਰ ਹੀ ਆਖਾਂਗੇ।

ਨਕਸਲਬਾੜੀ ਕਾਵਿ-ਲਹਿਰ ਦੇ ਨਾਮਕਰਣ ਤੋਂ ਬਾਅਦ ਇਸ ਦੇ ਵੱਖਰੇ ਸਰੂਪ ਨੂੰ ਪਛਾਣਨ ਦੀ ਹੈ। ਡਾ: ਸੁਤਿੰਦਰ ਸਿੰਘ ਨੂਰ ਇਸ ਕਾਵਿ-ਲਹਿਰ ਦੇ ਦੋ ਪ੍ਰਮੁੱਖ ਲੱਛਣਾਂ ਬਾਰੇ ਇਉਂ ਲਿਖਦੇ ਹਨ "ਜੁਝਾਰ ਕਵਿਤਾ ਸਾਹਮਣੇ ਆਈ ਤਾਂ ਉਸਨੇ ਇਕ ਪਰਹਾਰ ਤਾਂ ਇਸ ਆਧੁਨਿਕਤਾ-ਵਾਦ ਤੇ ਕੀਤਾ ਤੇ ਦੂਜਾ ਪਰਹਾਰ ਪਿਛਲੀ ਰੁਮਾਂਟਿਕ ਪ੍ਰਗਤੀਵਾਦੀ ਕਵਿਤਾ ਉੱਤੇ ਕੀਤਾ।"[13] ਇਸ ਕਾਵਿ-ਲਹਿਰ ਨੇ ਇਕ ਪਾਸੇ ਤਾਂ ਬੁਰਜੂਆ ਸੁਹਜ-ਪ੍ਰਬੰਧ ਦੀ ਥਾਂ ਪ੍ਰੋਲੇਤਾਰੀ ਸੁਹਜ ਪ੍ਰਬੰਧ ਸਿਰਜਣ ਦੀ ਚੇਤੰਨ ਕੋਸ਼ਿਸ਼ ਕੀਤੀ, ਦੂਜੇ ਪਾਸੇ ਪ੍ਰਗਤੀਵਾਦੀ ਕਵਿਤਾ ਵਿਚਲੇ ਕੇਵਲ ਜਾਗੀਰੂ ਸਮਾਜ ਦੀ ਰਹਿੰਦ-ਖੂੰਦ ਰੁਮਾਂਟਿਕਤਾ ਨੂੰ ਵੀ ਤਿਲਾਂਜਲੀ ਦਿੱਤੀ। ਇਸ ਕਾਵਿ-ਲਹਿਰ ਨੇ ਜਿਥੇ ਆਧੁਨਿਕਤਾ ਦੇ ਨਾਂ ਥੱਲੇ ਪ੍ਰਚਾਰੇ ਜਾਂਦੇ ਬੁਰਜੂਆ ਸੁਹਜ ਨੂੰ ਸਮੁੱਚੇ ਰੂਪ ਵਿਚ ਛੱਡਿਐ, ਉਥੇ ਪ੍ਰਗਤੀਵਾਦੀ ਕਵਿਤਾ ਦੇ ਕੇਵਲ ਤਿਆਗਣ ਯੋਗ ਅੰਸ਼ਾਂ ਨੂੰ ਹੀ ਤਿਆਗਿਆ। ਇਸ ਕਾਵਿ ਲਹਿਰ ਦਾ ਤੀਜਾ ਪ੍ਰਮੁੱਖ ਲੱਛਣ 'ਸਿਧੀ ਪ੍ਰੋਲੇਤਾਰੀ ਸਿਆਸਤ' ਲਿਆਉਣ ਦਾ ਹੈ। ਇਸ ਲਹਿਰ ਦੀ ਕਵਿਤਾ ਦਾ ਪੂਰਵਲੀ-ਪ੍ਰਗਤੀਵਾਦੀ ਕਵਿਤਾ ਤੋਂ ਵਿਲੱਖਣ ਦਿੱਸਣ ਦਾ ਕਾਰਨ ਪ੍ਰੋਲੇਤਾਰੀ ਸਿਆਸਤ ਦੇ ਵਿਚਾਰਾਂ/ਭਾਵਾਂ ਦੀ ਸਿੱਧੀ ਅਭਿਵਿਅਕਤੀ ਹੀ ਸੀ। ਇਸ ਬਾਰੇ ਡਾ: ਸ: ਸ: ਦੁਸਾਂਝ ਇਉਂ ਲਿਖਦੇ ਹਨ, "ਪੰਜਾਬੀ ਕਵਿਤਾ ਵਿਚ ਕਾਮਿਆਂ-ਮਜ਼ਦੂਰਾਂ ਦੀਆਂ ਗੱਲਾਂ ਤਾਂ ਬਹੁਤੀ ਪੁਰਾਣੀ

www.PunjabiLibrary.com

ਗੱਲ ਹੈ, ਪਰ ਕਾਮਿਆਂ ਮਜ਼ਦੂਰਾਂ ਦੇ ਦ੍ਰਿਸ਼ਟੀਕੋਣ ਦੀਆਂ ਗੱਲਾਂ ਪਹਿਲੀ ਵਾਰ ਹੋਣ ਲੱਗੀਆਂ।''[14] ਇਸ ਲਹਿਰ ਦੇ ਕਵੀਆਂ ਦੀ ਕਵਿਤਾ ਵਿਚ ਸਿਆਸਤ ਨਾਲ ਪ੍ਰਤੀਬੱਧਤਾ ਵਧੇਰੇ ਸਪੱਸ਼ਟ ਸੀ।

ਜੇ ਨਕਸਲਬਾੜੀ ਕਾਵਿ-ਲਹਿਰ ਦੇ ਪ੍ਰਮੁੱਖ ਲੱਛਣਾਂ ਨੂੰ ਸੂਤਰਬੱਧ ਕਰਨਾ ਹੋਵੇ ਤਾਂ ਉਸਦਾ ਕੇਂਦਰੀ ਨੁਕਤਾ ਇਹੋ ਹੈ ਕਿ ਇਸ ਲਹਿਰ ਦੇ ਕਵੀਆਂ ਨੇ 'ਹਥਿਆਰਬੰਦ ਬਗ਼ਾਵਤ' ਦਾ ਝੰਡਾ ਬੁਲੰਦ ਕੀਤਾ ਅਤੇ ਇਸੇ ਕਾਰਨ ਸਥਾਪਤ ਰਾਜ ਪ੍ਰਬੰਧ ਦੇ ਸਾਰੇ ਸੰਕਲਪ, ਚਿੰਨ੍ਹਾਂ, ਪ੍ਰਤੀਕਾਂ, ਸੰਸਥਾਵਾਂ ਨੂੰ ਆਪਣੇ ਵਿਅੰਗ ਦਾ ਨਿਸ਼ਾਨਾ ਬਣਾਇਆ। ਅਜਿਹਾ ਕਰਦਿਆਂ ਉਨ੍ਹਾਂ ਨੇ ਕਿਸੇ ਆਦਰਸ਼ਵਾਦੀ ਭਰਾਤਰੀ ਭਾਵ ਜਾਂ 'ਸਾਰੀ ਮਨੁਖਤਾ' ਵਰਗੇ ਥੋਦੇ ਸੰਕਲਪਾਂ ਨੂੰ ਛੱਡਦਿਆਂ ਸਮਾਜ ਦੇ ਸ਼ੁੱਧ ਜਮਾਤਾਂ ਵਿਚ ਵੰਡੇ ਹੋਣ ਨੂੰ ਪ੍ਰਵਾਨਿਆਂ ਅਤੇ ਜਮਾਤੀ ਦੁਸ਼ਮਣਾਂ (ਸਿਆਸੀ ਲੀਡਰਾਂ, ਪੂੰਜੀਪਤੀ, ਭੂਮੀਪਤੀਆਂ) ਨੂੰ ਪ੍ਰਚੰਡ ਨਫ਼ਰਤ ਨਾਲ਼ ਚਿਤਰਿਆ। ਲਹਿਰ ਦਾ ਆਧਾਰ ਅਤੇ ਕਵੀਆਂ ਦਾ ਪਿਛੋਕੜ ਪੇਂਡੂ ਹੋਣ ਕਾਰਕੇ, ਕਵਿਤਾ ਦਾ ਬਿੰਬ-ਵਿਧਾਨ ਕਿਸਾਨੀ ਅਨੁਭਵਾਂ ਤੋਂ ਸਿਰਜਿਆ ਗਿਆ। ਇਸ ਲਹਿਰ ਦੇ ਕਵੀਆਂ ਨੇ ਪ੍ਰਗਤੀਵਾਦੀ ਕਵਿਤਾ ਦੇ ਪ੍ਰਧਾਨ ਵਿਸ਼ੇ ਅਮਨ ਦੀ ਥਾਂ ਹਿੰਸਾ ਦੀ ਗੱਲ ਕਰਨਾ ਵੀ ਸੀ। ਭਾਵੇਂ ਨਕਸਲਬਾੜੀ ਕਾਵਿ ਨੇ ਸਾਮਰਾਜੀਆਂ ਦੀ ਆਪਸੀ ਜੰਗ ਵਿਚ ਕਿਸੇ ਸਿਰ ਦੇ ਮੂਹਰੇ ਬਣਨ ਤੋਂ ਇਨਕਾਰ ਕੀਤਾ ਪਰ ਸ਼ੋਸ਼ਤ ਅਤੇ ਸ਼ੋਸ਼ਨ ਦੀ ਲੜਾਈ ਵਿਚ ਹਿੰਸਾ ਨੂੰ ਜਾਇਜ਼ ਠਹਿਰਾਇਆ। ਇਸੇ ਪ੍ਰਕਾਰ ਇਸ ਲਹਿਰ ਦੇ ਕਵੀਆਂ ਨੇ ਪਿਆਰ ਦੇ ਆਦਰਸ਼ਵਾਦੀ ਰੋਮਾਂਟਿਕ ਸੰਕਲਪ ਨੂੰ ਰੱਦ ਕਰਦਿਆਂ ਯਥਾਰਥ ਦੇ ਅੰਗ ਵਜੋਂ ਪ੍ਰਵਾਨਦਿਆਂ ਕ੍ਰਾਂਤੀ ਦੇ ਵਿਰੋਧ ਵਿਚ ਵੇਖਣ ਦੀ ਕ੍ਰਾਂਤੀ ਮੂਲਕ ਪ੍ਰਵਿਰਤੀ ਨੂੰ ਛੱਡ ਕੇ, ਇਸ ਨੂੰ ਯਥਾਰਥਕ ਪਰਿਪੇਖ ਵਿਚ ਮਨੁੱਖੀ ਸੰਵੇਦਨਾਵਾਂ ਨਾਲ ਲਬਰੇਜ਼ ਕਰਕੇ ਜੀਵੰਤ ਅਭਿਵਿਅਕਤੀ ਦਿੱਤੀ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਨਕਸਲਬਾੜੀ ਕਾਵਿ-ਲਹਿਰ ਪ੍ਰਗਤੀਵਾਦੀ ਕਾਵਿ-ਧਾਰਾ ਵਿਚੋਂ ਉਵੇਂ ਹੀ ਉੱਠੀ ਸੀ, ਜਿਵੇਂ ਮਾਰਕਸਵਾਦ ਨੂੰ ਪ੍ਰਨਾਈਆਂ ਕਮਿਊਨਿਸਟ ਪਾਰਟੀਆਂ ਵਿਚ ਨਕਸਲਬਾੜੀ ਦੀ ਰਾਜਸੀ ਲਹਿਰ ਉੱਠੀ ਸੀ। ਜਿਵੇਂ ਰਾਜਸੀ ਲਹਿਰ ਨੇ ਰਾਜਸੀ ਤਾਕਤ ਹਾਸਲ ਕਰਨ ਲਈ ਹਥਿਆਰਬੰਦ ਇਨਕਲਾਬ ਤੇ ਜ਼ੋਰ ਦਿੱਤਾ, ਇਵੇਂ ਹੀ ਇਸ ਕਾਵਿ-ਲਹਿਰ ਨੇ ਜਮਾਤੀ ਦੁਸ਼ਮਣ ਨੂੰ ਪ੍ਰਚੰਡ ਜਮਾਤੀ ਨਫਰਤ ਨਾਲ ਸੰਬੋਧਿਤ ਕੀਤਾ। ਜਿਵੇਂ ਰਾਜਸੀ ਲਹਿਰ ਨੇ ਪੂਰਵ ਬੰਧਨਸ਼ੀਲ ਸੰਕਲਪਾਂ ਦਾ ਵਿਸਫੋਟ ਕੀਤਾ ਇਵੇਂ ਹੀ ਕਾਵਿ ਲਹਿਰ ਨੇ ਬੁਰਜੂਆ ਸੁਹਜ ਪ੍ਰਬੰਧ ਨੂੰ ਉਲਟਾ ਕੇ ਪ੍ਰੋਲੇਤਾਰੀ ਸੁਹਜ ਸਿਰਜਣ ਦਾ ਉਪਰਾਲਾ ਕੀਤਾ। ਆਪਣੀ ਰਾਜਸੀ ਲਹਿਰ ਵਾਂਗ ਹੀ ਇਸਦਾ ਸਿਧਾਂਤਕ ਪੱਧਰ ਤਾਂ ਮਜ਼ਦੂਰ ਕਿਸਾਨ ਨੂੰ ਹਰਿਆਵਲ ਦਸਤੇ ਵਜੋਂ ਕਲਪਦੀ ਸੀ, ਪਰ ਅਮਲੀ ਪੱਖੋਂ ਇਹ ਪੜ੍ਹੇ ਲਿਖੇ ਮੱਧ-ਵਰਗੀ ਕਿਸਾਨਾਂ ਦੀ ਬਗਾਵਤ ਸੀ। ਇਸ ਲਹਿਰ ਦੇ ਕਵੀ ਵੀ ਪੇਂਡੂ ਪਿਛੋਕੜ ਦੇ ਸਨ। ਇਸ ਕਾਰਨ ਉਨ੍ਹਾਂ ਦੇ ਕਾਵਿ-ਅਨੁਭਵਾਂ ਵਿਚ ਪੇਂਡੂ ਖੇਤਰ ਦੇ ਅਛੋਹੇ ਬਿੰਬਾਂ ਦੀ ਪੇਸ਼ਕਾਰੀ ਹੈ। ਸੋ ਨਕਸਲਬਾੜੀ ਕਾਵਿ-ਲਹਿਰ ਪੰਜਾਬੀ ਪ੍ਰਗਤੀਵਾਦੀ-ਧਾਰਾ ਵਿਚੋਂ ਤੂਫ਼ਾਨੀ ਲਹਿਰ ਵਾਂਗ ਉੱਠੀ ਅਤੇ ਅਵਤਾਰ ਸਿੰਘ ਪਾਸ਼, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਓਮ ਪ੍ਰਕਾਸ਼ ਸ਼ਰਮਾ, ਸੁਰਜੀਤ ਪਾਤਰ, ਦਰਸ਼ਨ ਖਟਕੜ, ਅਮਰਜੀਤ ਚੰਦਨ ਅਤੇ ਮਿੰਦਰਪਾਲ ਭੱਠਲ ਵਰਗੇ ਸਾਹਿਤਕ ਹੀਰੇ ਇਤਿਹਾਸ ਦੀ ਤਲੀ ਤੇ ਟਿਕਾ ਕੇ ਸ਼ਾਂਤ ਹੋ ਗਈ।

www.PunjabiLibrary.com

ਹਵਾਲੇ ਅਤੇ ਟਿਪਣੀਆਂ—

1. ਸੁਤਿੰਦਰ ਸਿੰਘ ਨੂਰ, "ਜੁਝਾਰ ਕਵਿਤਾ ਨਾਲ ਸਬੰਧਿਤ ਮਸਲੇ", ਸਮਤਾ ਅੰਕ 67, ਦਸੰਬਰ 1985.
2. ਕੇਸਰ ਸਿੰਘ ਕੇਸਰ, ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ, ਚੰਡੀਗੜ੍ਹ, ਆਦੀ ਪ੍ਰਕਾਸ਼ਨ 1987, ਪੰਨਾ 9.
3. ਕਰਮਜੀਤ ਸਿੰਘ, ਆਧੁਨਿਕ ਪੰਜਾਬੀ ਕਾਵਿ-ਧਰਾਵਾਂ ਦੇ ਵਿਚਾਰਧਰਾਈ ਆਧਾਰ, ਅੰਮ੍ਰਿਤਸਰ : ਗੁਰੂ ਨਾਨਕ ਦੇਵ ਯੂਨੀਵਰਸਿਟੀ, 1982, ਪੰਨਾ 315.
4. ਸੰਤ ਸੰਧੂ (ਭੂਮਿਕਾ) ਲੋਹ ਕਥਾ : ਲੁਧਿਆਣਾ ਲਾਹੌਰ ਬੁੱਕ ਸ਼ਾਪ, 1970, ਪੰਨਾ-3.
5. ਪ੍ਰੀਤਮ ਸਿਘ '1970-80 ਦੀ ਕਵਿਤਾ' ਜਲੰਧਰ, ਕੇਂਦਰੀ ਪੰਜਾਬੀ ਲੇਖਕ ਸਭਾ ਦੀ ਸਿਲਵਰ ਜੁਬਲੀ ਸਮਾਰੋਹ ਤੇ ਪੜ੍ਹਿਆ ਪੇਪਰ ਦੇ ਪੰਨਾ 35 ਤੋਂ ਉਚਾਰਿਤ।
6. ਹਰਿਭਜਨ ਸਿਘ, ਦ੍ਰਿਸ਼ਟੀ ਵਿਚ ਛਪੀ ਨਜ਼ਮ।
7. ਪ੍ਰੀਤਮ ਸਿੰਘ, ਉਹੀ, ਪੰਨਾ 37.
8. ਬਲਜੀਤ ਬਾਸੀ, ਸਿਰਜਣਾ, ਜੁਲਾਈ/ਸਤੰਬਰ 1974.
9. ਸਤਿੰਦਰ ਸਿੰਘ ਨੂਰ, ਉਹੀ, ਪੰਨਾ-25.
10. ਕੇਸਰ ਸਿੰਘ ਕੇਸਰ ਪ੍ਰਗਤੀਵਾਦ ਤੇ ਪੰਜਾਬੀ ਸਾਹਿਤ, ਕੇਂਦਰੀ ਪੰਜਾਬੀ ਲੇਖਕ ਸਭਾ, ਦੀ ਚੰਡੀਗੜ੍ਹ ਗੋਸ਼ਟੀ ਤੇ ਦਸੰਬਰ 83 ਵਿਚ ਪੜ੍ਹਿਆ ਪੰਨਾ 20.
11. ਡਾ: ਕਰਮਜੀਤ ਸਿੰਘ (ਭੂਮਿਕਾ) ਬੇਸੁਰਾ ਮੌਸਮ।
12. ਕੇਸਰ ਸਿੰਘ ਕੇਸਰ, 'ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ', ਪੰਨਾ 11.
13. ਸੁਰਿੰਦਰ ਸਿੰਘ ਨੂਰ, ਉਹੀ, ਪੰਨਾ 27.
14. ਸ.ਸ. ਦੁਸਾਂਝ, ਖੋਜ ਪੱਤ੍ਰਿਕਾ ਸਤੰਬਰ 1980, ਪੰਨਾ 89.

————

www.PunjabiLibrary.com

3. ਬਾਵਾ ਬਲਵੰਤ ਇਕ ਮੁੱਲਾਂਕਣ

1915 ਵਿਚ ਨੇਸ਼ਟਾ ਪਿੰਡ ਵਿਚ ਠਾਕੁਰ ਦੀਨਾ ਨਾਥ ਦੇ ਘਰ ਜਨਮੇ ਬਾਵਾ ਬਲਵੰਤ (ਬਲਵੰਤ ਰਾਇ) ਨੇ ਪਹਿਲਾਂ ਉਰਦੂ ਵਿਚ ਲਿਖਣਾ ਸ਼ੁਰੂ ਕੀਤਾ ਸੀ। ਦੇਸ਼ ਭਗਤੀ ਦੇ ਜਜ਼ਬੇ ਨਾਲ ਭਰਪੂਰ ਉਰਦੂ ਕਵਿਤਾਵਾਂ ਦਾ ਸੰਗ੍ਰਹਿ 'ਸ਼ੇਰੇ ਹਿੰਦ' (1930) ਛਪਦਿਆਂ ਸਾਰ ਅਗਰੇਜ਼ ਸਾਮਰਾਜ ਨੇ ਜ਼ਬਤ ਕਰ ਲਿਆ ਸੀ। ਇਸ ਤੋਂ ਬਾਅਦ ਬਾਵਾ ਬਲਵੰਤ ਨੇ ਪੰਜਾਬੀ ਵਿਚ ਲਿਖਣਾ ਸ਼ੁਰੂ ਕਰ ਦਿਤਾ। ਉਸਨੇ 'ਮਹਾਂ ਨਾਚ' (1941), 'ਅਮਰ ਗੀਤ' (1942), 'ਜਵਾਲਾਮੁਖੀ' (1943), 'ਬੰਦਰਗਾਹ' (1951), ਨਾਂ ਦੇ ਚਾਰ ਕਾਵਿ ਸੰਗ੍ਰਿਹਾਂ ਤੋਂ ਬਾਅਦ ਆਪਣੀਆਂ ਇਨ੍ਹਾਂ ਕਾਵਿ ਸੰਗ੍ਰਿਹਾਂ ਦੀਆਂ ਚੋਣਵੀਆਂ ਕਵਿਤਾਵਾਂ ਅਤੇ ਕੁਝ ਨਵੀਆਂ ਅਣਛਪੀਆਂ ਕਵਿਤਾਵਾਂ ਨੂੰ ਲੈ ਕੇ ਪੰਜਵਾਂ ਕਾਵਿ ਸੰਗ੍ਰਹਿ 'ਕਾਵਿ-ਸਾਗਰ' (1954) ਵਿਚ ਛਪਵਾਇਆ। ਇਸ ਤੋਂ ਬਾਅਦ ਉਨ੍ਹਾਂ ਨੇ 'ਸੁਗੰਧ ਸਮੀਰ' ਨਾਂ ਦਾ ਕਾਵਿ-ਸੰਗ੍ਰਹਿ 1959 ਵਿਚ ਛਪਵਾਇਆ। 'ਕਾਵਿ ਸਾਗਰ' ਦੇ 1982 ਵਿਚ ਛਪੇ ਸੰਸਕਰਣ ਨੂੰ ਕਿਰਪਾਲ ਸਿੰਘ ਕਸੇਲ ਨੇ ਸੰਪਾਦਿਤ ਕਰਦਿਆਂ ਕੁਝ ਕਵਿਤਾਵਾਂ ਸੁਗੰਧ ਸਮੀਰ ਵਿਚੋਂ ਵੀ ਪਾਈਆਂ ਹਨ। ਬਾਵਾ ਬਲਵੰਤ ਨੇ ਕਵਿਤਾਵਾਂ ਤੋਂ ਇਲਾਵਾ ਵਾਰਤਕ ਵੀ ਲਿਖੀ। ਉਨ੍ਹਾਂ ਦੀ ਵਿਅੰਗ ਲੇਖਾਂ ਦੀ ਪੁਸਤਕ 'ਕਿਸ ਕਿਸ ਤਰ੍ਹਾਂ ਦੇਸ਼ਾਂ 'ਚ' 1957 ਵਿਚ ਛਪੀ। ਇਸ ਤੋਂ ਬਿਨਾਂ ਉਨ੍ਹਾਂ ਨੇ ਹੋਰ ਵਾਰਤਕ ਵੀ ਲਿਖੀ, ਜੋ ਕੁਝ ਤਾਂ ਰਸਾਲਿਆਂ ਵਿਚ ਛਪ ਚੁੱਕੀ ਅਤੇ ਕੁਝ ਹਾਲੇ ਵੀ ਅਪ੍ਰਕਾਸ਼ਿਤ ਹੈ। ਸਾਡੇ ਇਸ ਨਿਬੰਧ ਦਾ ਸਬੰਧ ਉਸਦੇ ਕਵੀ ਰੂਪ ਨਾਲ ਹੈ, ਇਸ ਲਈ ਅਸੀਂ ਉਸਦੇ ਦੋ ਕਾਵਿ ਸੰਗ੍ਰਹਿ 'ਕਾਵਿ-ਸਾਗਰ' ਅਤੇ 'ਸੁਗੰਧ-ਸਮੀਰ' ਨੂੰ ਹੀ ਆਧਾਰ ਬਣਾ ਰਹੇ ਹਾਂ ਕਿਉਂਕਿ 'ਕਾਵਿ-ਸਾਗਰ' ਉਸ ਦੀਆਂ ਪਹਿਲੇ ਦੌਰ ਦੀਆਂ ਕਵਿਤਾਵਾਂ ਵਿਚ ਚੋਣਵੀਆਂ ਅਤੇ ਪ੍ਰਤੀਨਿਧ ਕਵਿਤਾਵਾਂ ਦਾ ਸੰਗ੍ਰਹਿ ਹੈ, ਜਦੋਂ ਕਿ 'ਸੁਗੰਧ ਸਮੀਰ' ਉਸ ਦੀ ਸਮੁੱਚੀ ਰਚਨਾ ਦਾ ਕੁਲ ਹਾਸਲ ਹੈ।

ਕਿਸੇ ਵੀ ਸਥਾਪਿਤ ਕਵੀ ਦੀ ਕਾਵਿ-ਕਲਾ ਦਾ ਮੁੱਲਾਂਕਣ ਕਰਨ ਲਈ ਸਾਡੇ ਕੋਲ ਦੋ ਢੰਗ ਹੁੰਦੇ ਹਨ। ਪਹਿਲਾ ਢੰਗ ਉਸ ਸਥਾਪਤ ਕਵੀ ਸਬੰਧੀ ਪ੍ਰਾਪਤ ਆਲੋਚਨਾ ਦੇ ਆਧਾਰ ਤੇ ਉਸ ਸਬੰਧੀ ਬਣੀਆਂ ਧਾਰਨਾਵਾਂ ਨੂੰ ਮੁੜ ਸੰਗਠਿਤ ਰੂਪ ਵਿਚ ਪੇਸ਼ ਕਰਕੇ, ਪ੍ਰਚਲਤ ਸਤ ਨੂੰ ਦ੍ਰਿੜ੍ਹ ਕਰਵਾਇਆ ਜਾਵੇ। ਦੂਜਾ ਢੰਗ ਹੈ ਕਿ ਉਸ ਦੀ ਕਵਿਤਾ ਦੇ ਪਾਠ ਤੋਂ ਅੱਜ ਦੇ ਯੁਗ ਬੋਧ ਅਨੁਸਾਰ ਹੱਥ ਆਉਂਦੇ ਨੁਕਤਿਆਂ ਨੂੰ ਇਤਿਹਾਸ ਪਰਿਪੇਖ ਵਿਚ ਸੂਤਰ-ਬੱਧ ਕੀਤਾ ਜਾਵੇ। ਅਜਿਹਾ ਕਰਦਿਆਂ ਹੱਥ ਆਏ ਸੂਤਰ ਅਤੇ ਕੱਢੇ ਸਿੱਟੇ ਭਾਵੇਂ ਪੂਰਵ ਸਥਾਪਿਤ ਧਾਰਨਾਵਾਂ ਦੇ ਉਲਟ ਹੀ ਜਾਂਦੇ ਹੋਣ। ਇਕੱਲੇ ਕਵੀ ਹੀ ਨਹੀਂ ਸਗੋਂ ਆਲੋਚਕ ਵੀ ਇਤਿਹਾਸਕ ਸੀਮਾਵਾਂ ਦੇ ਕੈਦੀ ਹੁੰਦੇ ਹਨ। ਸੋ ਅੱਜ

www.PunjabiLibrary.com

ਬਾਵਾ ਬਲਵੰਤ ਦੇ ਮੁੱਲਾਂਕਣ ਲਈ ਸਾਨੂੰ ਬਾਵਾ ਬਲਵੰਤ ਬਾਰੇ ਬਣੀਆਂ ਪਹਿਲੀਆਂ ਧਾਰਨਾਵਾਂ ਤੋਂ ਪਾਰ ਜਾਣ ਦੀ ਲੋੜ ਹੈ । ਸੋ ਇਸ ਨਿਬੰਧ ਨੂੰ ਇਸ ਪਰਿਪੇਖ ਵਿਚ ਰੱਖ ਕੇ ਵਿਚਾਰਿਆ ਜਾਵੇ ।

ਆਰੰਭਿਕ ਸਮੇਂ ਮਨੁੱਖ ਦੀ ਸਮੱਸਿਆ ਨਿਰੋਲ ਜੈਵਿਕ ਪੱਧਰ ਤੇ ਹੋਂਦ ਨੂੰ ਕਾਇਮ ਰੱਖਣ ਦੀ ਸੀ, ਪਰ ਮਨੁੱਖ ਦੇ ਸਮਾਜਿਕ ਵਿਕਾਸ ਦੌਰਾਨ ਇਸ ਦਾ ਸਰੂਪ ਅਤਿ ਗੁੰਝਲਦਾਰ ਹੋ ਗਿਆ । ਮਨੁੱਖ ਨੇ ਆਪਣੇ ਅਸਤਿਤਵ ਦੀ ਸੁਰੱਖਿਆ ਲਈ ਮਾਨਸਿਕ ਪੱਧਰ ਤੇ ਉਠਦੇ ਬੁਨਿਆਦੀ ਪ੍ਰਸ਼ਨਾਂ ਦੀਆਂ ਸੰਕਲਪ ਆਤਮਿਕ ਉੱਤਰ ਲੜੀਆਂ ਘੜੀਆਂ, ਜਿਨ੍ਹਾਂ ਦੇ ਆਧਾਰ ਉਪਰ ਧਾਰਮਿਕ ਵਿਚਾਰ-ਪ੍ਰਬੰਧ ਉਸਰਿਆ । ਇਹ ਧਾਰਮਿਕ ਵਿਚਾਰ-ਪ੍ਰਬੰਧ ਮਨੁੱਖ ਨੂੰ ਉਸ ਦੇ ਸ਼ੰਕਿਆਂ ਦਾ ਸਮਾਧਾਨ ਜੁਟਾਉਂਦਾ ਸੀ । ਮਨੁੱਖ ਦੇ ਇਸ ਸਵੈ-ਸਿਰਜਤ ਧਾਰਮਕ ਵਿਚਾਰ-ਪ੍ਰਬੰਧ ਨੇ ਲੰਮੇ ਸਮੇਂ ਤੋਂ ਮਨੁੱਖ ਨੂੰ ਚਿੰਤਾ ਤੋਂ ਬਚਾਈ ਰੱਖਿਅ , ਪਰ ਗਿਆਨ-ਵਿਗਿਆਨ ਵਿਚ ਹੋਈ ਪ੍ਰਗਤੀ ਨੇ ਅਖੀਰ ਮਨੁੱਖ ਦਾ ਆਪਣੇ ਹੀ ਬਚਾਓ ਲਈ ਘੜਿਆ ਵਿਚਾਰ-ਪ੍ਰਬੰਧ ਤੋੜ ਦਿਤਾ । ਜੀਵ-ਵਿਗਿਆਨ ਵਿਚ ਡਾਰਵਿਨ, ਭੌਤਿਕ ਵਿਗਿਆਨ ਵਿਚ ਆਇਨਸਟਾਈਨ, ਮਨੋਵਿਗਿਆਨ ਵਿਚ ਫਰਾਇਡ ਅਤੇ ਸਮਾਜਿਕ ਵਿਗਿਆਨ ਵਿਚ ਮਾਰਕਸ ਦੀਆਂ ਖੋਜਾਂ ਨੇ ਧਾਰਮਿਕ ਵਿਸ਼ਵਾਸ ਪ੍ਰਬੰਧ ਦੇ ਪਰਖਚੇ ਉਡਾ ਦਿਤੇ । ਪੱਛਮ ਵਿਚ ਖੋਜਾਂ ਅਤੇ ਜੀਵਨ ਦਾ ਅਮਲ ਨਾਲੋ-ਨਾਲ ਚਲਦਾ ਰਿਹਾ, ਪਰ ਪੰਜਾਬ (ਭਾਰਤ) ਵਿਚ ਪੱਛਮੀ ਸਾਮਰਾਜ ਦੀ ਆਮਦ ਨਾਲ ਹੀ ਨਵੇਂ ਵਿਚਾਰਾਂ ਨੇ ਸਿਖਿਆ ਰਾਹੀਂ ਜੀਵਨ ਤੇ ਪ੍ਰਭਾਵ ਪਾਉਣਾ ਸ਼ੁਰੂ ਕਰ ਦਿਤਾ । ਪੰਜਾਬੀ ਕਵੀ ਇਸ ਕਵੀ ਵਿਚਾਰਧਾਰਾ ਦੇ ਵਾਹਕ ਬਣ ਗਏ । ਬਾਵਾ ਬਲਵੰਤ ਦੀ ਕਵਿਤਾ ਵਿਚ ਪੁਰਾਣੇ ਧਾਰਮਿਕ/ਅਧਿਆਤਮਿਕ/ਸਥਿਰ ਅਤੇ ਤਿਆਗੀ ਵਿਸ਼ਵਾਸ਼ ਪ੍ਰਬੰਧ ਦੀ ਥਾਂ ਨਵੇਂ ਨਾਸਤਿਕ/ਭੌਤਿਕ/ਕ੍ਰਿਆਸ਼ੀਲ ਅਤੇ ਜ਼ਿੰਦਗੀ ਜੀਵਨ ਦੀ ਲੋਚਾ ਵਾਲੇ ਖ਼ਿਆਲ ਹੋਂਦ ਵਿਚ ਆਉਂਦੇ ਹਨ, ਜੋ ਹਾਲੇ ਨਵੇਂ ਪ੍ਰਬੰਧ ਵਿਚ ਚਲਣ ਦੀ ਕੋਸ਼ਿਸ਼ ਵਿਚ ਹਨ । ਬਾਵਾ ਬਲਵੰਤ ਆਇਨਸਟਾਈਨ ਤੋਂ ਸਿੱਧੇ ਤੌਰ ਤੇ ਪ੍ਰਭਾਵਿਤ ਸੀ ਜਿਸ ਦੀ ਪੁਸ਼ਟੀ ਇਸੇ ਨਾਂ ਦੀ ਕਵਿਤਾ ਤੋਂ ਵੀ ਹੁੰਦੀ ਹੈ । ਬਾਵਾ ਨਵੇਂ ਵਿਚਾਰਾਂ ਨੂੰ ਇਉਂ ਪੇਸ਼ ਕਰਦਾ ਸੀ :

ਇਹ ਈਸ਼ਵਰ ਪਾਖੰਡ ਤੇ ਕੁਰਬਾਨੀਆਂ ਪਾਖੰਡ ।
ਹੈ ਆਦਮੀ ਦਾ ਅਸਲ 'ਚ ਦਾਰੂ ਹੀ ਆਦਮੀ ।
ਸਭ ਦੇਵਤੇ ਫਰੇਬ ਨੇ ਇਕ ਅਮਨ ਤੋਂ ਬਿਨਾਂ ।
ਤਲਵਾਰ ਦਾ ਹੀ ਰਾਜ ਹੈ ਜਦ ਤਕ ਜਹਾਨ ਤੇ,
ਹਰ ਦਮ ਮੁਸੀਬਤਾਂ ਹੀ ਨੇ ਖ਼ਲਕਤ ਦੀ ਜਾਨ ਤੇ ।

(ਕਾਵਿ-ਸਾਗਰ-110)

ਬਾਵਾ ਬਲਵੰਤ ਦੇ ਕੁਝ ਆਲੋਚਕ (ਡਾ. ਧਰਮ ਪਾਲ ਸਿੰਗਲ, ਪ੍ਰੀਤਮ ਸੈਣੀ) ਉਸ ਨੂੰ ਰਹੱਸਵਾਦੀ/ਅਧਿਆਤਮਵਾਦੀ ਕਵੀ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ । ਇਸ ਸਬੰਧੀ ਸਾਡੀ ਧਾਰਨਾ ਹੈ ਕਿ ਕਵੀ ਨੇ ਆਪਣੇ ਅਨੁਭਵੀ ਗਿਆਨ ਦੀ ਸਾਹਿਤਕ ਪਰੰਪਰਾ ਰਾਹੀਂ ਅਭਿਵਿਅਕਤੀ ਕਰਨੀ ਹੁੰਦੀ ਹੈ । ਬਾਵਾ ਬਲਵੰਤ ਦੀਆਂ ਕਵਿਤਾਵਾਂ ਵਿਚ ਜੇ ਰਹੱਸਵਾਦ ਦਾ ਅੰਸ਼ ਮਿਲਦਾ ਹੈ ਤਾਂ ਇਹ ਉਸਦੀ ਆਪਣੀ ਕਮਾਈ ਨਹੀਂ ਹੈ, ਭਾਵ ਉਸ ਦੇ ਯੁੱਗ ਦਾ ਅਨੁਭਵ ਜਾਂ ਆਪਣੇ ਆਪ ਦਾ ਪ੍ਰਗਟਾ ਨਹੀਂ ਹੈ ਸਗੋਂ ਇਹ ਸਾਹਿਤਕ ਪਰੰਪਰਾ ਦੀ ਦੇਣ ਹੈ । ਉਸ ਦੀਆਂ ਕਵਿਤਾਵਾਂ ਵਿਚ ਆਏ

www.PunjabiLibrary.com

ਮਿਥਿਹਾਸਕ ਹਵਾਲੇ, ਉਸ ਨੂੰ ਅਧਿਆਤਮਕ-ਰਹੱਸਵਾਦੀ ਸਿੱਧ ਨਹੀਂ ਕਰਦੇ, ਸਗੋਂ ਇਹ ਤਾਂ ਉਸਦੇ ਆਪਣੀ ਗਿਆਨ ਪਰੰਪਰਾ ਦੇ ਕੀਤੇ ਅਧਿਐਨ ਦਾ ਪ੍ਰਮਾਣ ਹਨ। ਉਹ ਹਿੰਦੂ ਮਿਥਿਹਾਸ ਵਿਚ ਜੇਦ-ਰਥ, ਕ੍ਰਿਸ਼ਨ, ਕਾਲੀ, ਕਮਲ, ਗੌਤਮ, ਸ਼ਿਵ, ਵਿਸ਼ਨੂੰ, ਤਾਂਡਵ ਨਾਚ, ਪਵਨ ਪੁੱਤਰ, ਸੀਤਾ, ਊਸ਼ਾ ਆਦਿ ਸ਼ਬਦਾਂ ਦੀ ਦਿਲ ਖੋਲ੍ਹ ਕੇ ਵਰਤੋਂ ਕਰਦਾ ਹੈ। ਇਸੇ ਪ੍ਰਕਾਰ ਉਹ ਦੇਸ਼-ਵਿਦੇਸ਼ ਦੇ ਪ੍ਰਸਿੱਧ ਵਿਅਕਤੀਆਂ ਅਤੇ ਘਟਨਾਵਾਂ ਜਿਵੇਂ ਨੀਰੋ, ਕਾਰੂੰ, ਰੂਸੋ, ਲੈਨਿਨ, ਮਾਰਕਸ, ਮਿਲਟਨ, ਡਾਂਟੇ, ਈਸਾ ਆਦਿ ਵੱਲ ਵੀ ਇਸ਼ਾਰੇ ਕਰਦਾ ਹੈ। ਸੋ ਆਪਣੀ ਗਿਆਨ-ਪਰੰਪਰਾ ਦੇ ਮਿਥਿਹਾਸਕ ਧਾਰਮਿਕ ਹਵਾਲਿਆਂ ਨੂੰ ਕਵਿਤਾ ਵਿਚ ਵਰਤਣ ਨਾਲ ਹੀ ਕੋਈ ਅਧਿਆਤਮਕ ਰਹੱਸਵਾਦੀ ਕਵੀ ਨਹੀਂ ਬਣ ਜਾਂਦਾ, ਸਗੋਂ ਉਨ੍ਹਾਂ ਚਿੰਨ੍ਹਾਂ/ਪ੍ਰਤੀਕਾਂ/ਸੰਕਲਪਾਂ ਦੀ ਕਾਵਿ ਵਿਚ ਵਰਤੋਂ ਤੇ ਨਿਰਭਰ ਕਰਦਾ ਹੈ। ਮਿਥਿਹਾਸ ਦੀ ਨਵੇਂ ਢੰਗ ਨਾਲ ਵਰਤੋਂ ਅਤੇ ਵਿਆਖਿਆ ਤਾਂ ਕਵੀ ਦੀ ਪ੍ਰਤਿਭਾ ਦਾ ਪ੍ਰਮਾਣ ਹੈ। ਪੁਰਾਣੇ ਧਾਰਮਿਕ-ਮਿਥਿਹਾਸਕ ਚਿੰਨ੍ਹਾਂ ਦੀ ਨਵੇਂ ਯੁੱਗ-ਬੋਧ ਦੇ ਅਨੁਭਵਾਂ ਤੋਂ ਉਪਜੇ ਵਿਚਾਰਾਂ ਨੂੰ ਪ੍ਰਗਟਾਉਣ ਦਾ ਆਰੰਭ ਬਾਵਾ ਜੀ ਨੇ ਹੀ ਕੀਤਾ, ਜੋ ਬਾਅਦ ਵਿਚ ਪ੍ਰਗਤੀਵਾਦੀ ਕਵਿਤਾ ਅੰਦਰ ਖ਼ੂਬ ਦੁਹਰਾਇਆ ਗਿਆ। ਆਰੰਭਿਕ ਕਵਿਤਾ ਵਿਚ ਮਿਥਿਹਾਸਕ ਚਿੰਨ੍ਹਾਂ ਨੂੰ ਖ਼ਾਲੀ ਕਰਕੇ ਨਵੇਂ ਅਰਥ ਭਰਨ ਦੀ ਪਰੰਪਰਾ ਚਲੀ, ਪਰ ਨਕਸਲਬਾੜੀ ਦੌਰ ਵਿਚ ਆ ਕੇ ਮਿਥਿਹਾਸਕ ਚਿੰਨ੍ਹਾਂ ਦੇ ਅਰਥ ਉਲਟੇ ਕੀਤੇ ਜਾਣ ਲੱਗ ਪਏ ਸਨ। ਸ਼ਿਵ ਕੁਮਾਰ ਨੇ 'ਲੂਣਾ' ਨੂੰ ਪਹਿਲਾਂ ਤੋਂ ਉਲਟਾ ਦਿੱਤਾ ਸੀ। ਸੋ ਬਾਵਾ ਜੀ ਨੇ ਮਿਥਿਹਾਸਕ ਚਿੰਨ੍ਹਾਂ ਨੂੰ ਅਵੱਸ਼ ਵਰਤਿਆ, ਪਰ ਉਹ ਅਧਿਆਤਮਵਾਦੀ ਨਹੀਂ ਸਨ। ਨਾਸਤਿਕ ਭੌਤਿਕਵਾਦੀ ਫਲਸਫ਼ਾ ਉਨ੍ਹਾਂ ਦੀਆਂ ਤਕਰੀਬਨ ਸਾਰੀਆਂ ਕਵਿਤਾਵਾਂ ਦੇ ਆਰ-ਪਾਰ ਫੈਲਿਆ ਹੋਇਆ ਹੈ। ਹੇਠ ਲਿਖੀ ਨਜ਼ਮ ਤਾਂ ਕਿਸੇ ਕਿਸਮ ਦਾ ਸ਼ੱਕ ਨਹੀਂ ਰਹਿਣ ਦਿੰਦੀ :

ਮੁਦਤਾਂ ਦੇ ਫੁੱਲ ਕੁਮਲਾਏ ਹੋਏ
ਹੁਣ ਨਵੀਂ ਮਹਿਫ਼ਲ ਸਜਾ ਸਕਦੇ ਨਹੀਂ
ਸੈਂਕੜੇ ਸਦੀਆਂ ਪੁਰਾਣਾ ਫਲਸਫ਼ਾ
ਆਦਮੀ ਦੇ ਵਹਿਮ ਦੀ ਸਰਹੱਦ 'ਖ਼ੁਦਾ'

(ਸੁਗੰਧ ਸਮੀਰ—ਪੰਨਾ 67)

ਬਾਵਾ ਬਲਵੰਤ ਦੀਆਂ ਕਵਿਤਾਵਾਂ ਦੇ ਪਾਠ ਤੋਂ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਨੇ ਅਧਿਆਤਮਿਕ/ਪਦਾਰਥਵਾਦ ਦੇ ਵਿਰੋਧ-ਜੁੱਟ ਵਿਚੋਂ ਪਦਾਰਥਵਾਦ ਨੂੰ ਅਪਣਾਇਆ। ਉਨ੍ਹਾਂ ਦੀ ਇਹ ਚੋਣ ਹੀ ਉਨ੍ਹਾਂ ਦੀ ਸਮੁੱਚੀ ਕਾਵਿ ਕਲਾ ਨੂੰ ਪ੍ਰਭਾਵਤ ਕਰਦੀ ਹੈ। ਕਿਉਂਕਿ ਉਸ ਸਮੇਂ ਅਧਿਆਤਮਵਾਦ ਦੇ ਉਲਟ ਪਦਾਰਥਵਾਦ ਨੂੰ ਭੌਤਿਕ ਸੁਖ ਸਹੂਲਤਾਂ ਪਿੱਛੇ ਭੱਜਣ ਵਾਲੇ ਗੰਦੇ ਮਨੁੱਖਾਂ ਦੇ ਵਿਲਾਸਵਾਦੀ ਦਰਸ਼ਨ ਵਜੋਂ ਪ੍ਰਚਾਰਿਆ ਜਾਂਦਾ ਸੀ। ਅਧਿਆਤਮਵਾਦੀ ਫਲਸਫ਼ਾ ਇਸ ਜ਼ਿੰਦਗੀ ਨੂੰ ਮਾਨਣ ਦੇ ਵਿਰੁੱਧ, ਤਿਆਗ ਦਾ ਉਪਦੇਸ਼ ਦਿੰਦਾ ਹੈ। ਇਸ ਕਾਰਨ ਪੁਰਾਣੇ ਕਾਵਿ ਵਿਚ, ਇਸ ਦੁਨੀਆਂ ਨੂੰ ਫ਼ਾਨੀ ਦੱਸ ਕੇ ਵਿਸ਼ੇ-ਵਿਕਾਰਾਂ ਵਿਚ ਫਸਣ ਤੋਂ ਬਚਣ ਦੀ ਸਲਾਹ ਦਿੱਤੀ ਜਾਂਦੀ ਸੀ। ਨਵੀਆਂ ਖੋਜਾਂ ਨਾਲ ਪੈਦਾਵਾਰ ਦੇ ਸਾਧਨ ਬਦਲ ਗਏ, ਜਿਸ ਨਾਲ ਸਮਾਜਿਕ ਰਿਸ਼ਤੇ ਅਤੇ ਜੀਵਨ-ਜਾਚ ਬਦਲ ਗਈ। ਇਸ ਬਦਲੇ ਪਰਪੇਖ ਵਿਚ ਲੋਕਾਂ ਦੇ 'ਕਾਮ ਪ੍ਰਤੀ ਵਿਚਾਰ'

www.PunjabiLibrary.com

ਬਦਲਣੇ ਸ਼ੁਰੂ ਹੋਏ। ਪੱਛਮ ਵਿਚ ਮੱਧਕਾਲੀ ਜਕੜਬੰਦੀ ਟੁੱਟਣ ਤੋਂ ਬਅਦ ਰੁਮਾਂਟਿਕ ਕਾਵਿ ਲਹਿਰ ਅਧੀਨ ਵਿਅਕਤੀਗਤ ਪਿਆਰ ਦੀ ਖੁੱਲ੍ਹ ਨੂੰ ਕਵਿਤਾਇਆ ਗਿਆ ਸੀ। ਸਾਡੇ ਭਾਰਤ ਸਮਾਜਿਕ ਸੰਰਚਨਾ ਦਾ ਸਮੁੱਚਾ ਢਾਂਚਾ ਬਦਲਣ ਦੀ ਥਾਂ, ਅੰਗਰੇਜ਼ ਸਾਮਰਾਜ ਦੇ ਦਖ਼ਲ ਨਾਲ, ਇਕ ਛੋਟਾ ਜਿਹਾ ਵਰਗ ਪੈਦਾ ਹੋਇਆ, ਜਿਸ ਨਾਲ ਕਵੀ ਅੰਗਰੇਜ਼ੀ ਸਿੱਖਿਆ ਪ੍ਰਣਾਲੀ ਦੇ ਪ੍ਰਭਾਵ ਅਧੀਨ ਨਵੀਆਂ ਕਦਰਾਂ-ਕੀਮਤਾ ਦੇ ਵਾਹ-ਵਾਸਤੇ ਵਿਚ ਆਏ। ਇਸ ਕਾਰਨ ਇਕ ਪਾਸੇ ਤਾਂ ਸਾਡੇ ਕਵੀ 'ਮਨੋ' ਤਾਂ ਪਿਆਰ ਖੁੱਲ੍ਹ ਚਾਹੁੰਦੇ ਰਹੇ, ਜਿਸ ਦਾ ਕਾਰਨ ਪੱਛਮੀ ਸਭਿਅਤਾ ਨਾਲ ਸੰਪਰਕ ਅਤੇ ਕੁਝ ਬਦਲੀ ਸਮਾਜਿਕ ਸਥਿਤੀ ਸੀ, ਦੂਜੇ ਪਾਸੇ ਸਮਾਜਿਕ ਦਬਾਅ ਤੋਂ ਡਰਦੇ ਹੋਏ, ਇਸ ਨੂੰ ਛੁਪਾਉਂਦੇ ਰਹੇ। ਇਸ ਪ੍ਰਗਟਾਉਣ/ਛੁਪਾਉਣ ਦੇ ਮਨੋਦਵੰਦ ਵਿਚ ਉਨ੍ਹਾਂ ਨੇ ਪਿਆਰ ਨੂੰ ਆਦਰਸ਼ਕ ਪੱਧਰ ਉਪਰ ਚੁੱਕ ਦਿੱਤਾ। ਬਾਵਾ ਜੀ ਆਪਣੇ ਸਮਕਾਲੀਆਂ ਨਾਲੋਂ ਕਾਫੀ ਅੱਗੇ ਸਨ। ਉਨ੍ਹਾਂ ਨੇ ਪ੍ਰੇਮਿਕਾ ਨੂੰ ਅਸਲੀ ਨਾਂ ਨਾਲ ਸੰਬੋਧਿਤ ਕੀਤਾ ਪਰ ਫੇਰ ਵੀ ਉਨ੍ਹਾਂ ਨੇ ਪਿਆਰ ਨੂੰ ਆਦਰਸ਼ਕ ਜ਼ਰੂਰ ਰੱਖਿਆ। ਇਹ ਪ੍ਰਗਟਾਉਣ/ਛੁਪਾਉਣ ਦਾ ਦਵੰਦ ਪ੍ਰੇਮੀ/ਪ੍ਰੇਮਿਕਾ, ਜਾਂ ਕਵੀ ਦੀ ਨਿੱਜੀ ਮਰਜ਼ੀ ਨਹੀਂ ਸੀ, ਸਗੋਂ ਇਸ ਦੀਆਂ ਜੜ੍ਹਾਂ ਸਮਾਜਿਕ ਸਨ। ਇਸੇ ਭਾਵ ਨੂੰ ਬਾਵਾ ਜੀ ਆਪਣੀ ਕਵਿਤਾ ਵਿਚ ਇਉਂ ਪ੍ਰਗਟਾਉਂਦੇ ਹਨ :

ਆਪੇ ਕਹੇ, "ਮੈਂ ਤੇਰੀ ਤੇਰੀ"
ਆਪੇ ਕਹੇ, "ਨਾ ਛੋਹ"
ਤੇਰਾ ਇਕ ਦਿਲ ਹੈ ਜਾਂ ਦੋ

(ਕਾਵਿ ਸਾਗਰ, ਪੰਨਾ 35)

ਬਾਵਾ ਬਲਵੰਤ ਦੇ ਸਮੇਂ ਸਾਮਾਜਿਕ ਦਬਾਅ ਅਤੇ ਮਨ ਦੀ ਵਿਅਕਤੀਗਤ ਚਾਹਨਾ ਨੇ ਮਨੋ-ਸੰਰਚਨਾ ਨੂੰ ਵਿਖੰਡਤ ਕਰਕੇ ਦੋ ਦਿਲਾਂ ਦੇ ਦਵੰਦ ਵਿਚ ਵੰਡ ਦਿੱਤਾ ਸੀ। ਬਾਵਾ ਜੀ ਨੇ ਆਪਣੇ ਪਿਆਰ ਦਾ ਮੁਕਾਬਲਤਨ ਨਿਸ਼ੰਗ ਪ੍ਰਗਟਾਵਾ ਕੀਤਾ ਸੀ, ਇਸ ਸਬੰਧੀ ਉਸ ਦੀਆਂ ਕਵਿਤਾਵਾਂ ਵਿਚੋਂ ਪੰਗਤੀਆਂ ਪ੍ਰਮਾਣ ਵਜੋਂ ਦਿੱਤੀਆਂ ਜਾ ਸਕਦੀਆਂ ਹਨ। ਪਰ ਅਸੀਂ ਤਾਂ ਉਸਦੇ 'ਪਿਆਰ ਸੰਕਲਪ' ਨੂੰ ਸੂਤਰਬਧ ਕਰਨਾ ਹੈ, ਜੋ ਉਸ ਦੀ ਸਮੁੱਚੀ ਕਾਵਿ-ਰਚਨਾ ਦੇ ਆਰ-ਪਾਰ ਫੈਲਿਆ ਹੋਇਆ ਹੈ। ਇਸ ਸਬੰਧੀ 'ਤੇਰਾ ਮੇਲਾ', 'ਕ੍ਰਿਸ਼ਨਾ ਦੇ ਆਉਣ ਤੇ', 'ਉਡ ਚਲੀਏ', 'ਮੁਹੱਬਤ', 'ਉਸਦਾ ਹਾਰ', ਖਾਸ ਧਿਆਨ ਯੋਗ ਹਨ। ਬਾਵਾ ਜੀ ਆਪਣੀ ਪ੍ਰੇਮਿਕਾ ਨੂੰ ਪਿਆਰ ਕਰਦੇ ਸਨ। ਉਹ ਬਾਵਾ ਜੀ ਦੀਆਂ ਆਰਥਿਕ ਮਜਬੂਰੀਆਂ ਕਾਰਨ ਕਿਸੇ ਹੋਰ ਨਾਲ ਵਿਆਹੀ ਜਾਂਦੀ ਹੈ, ਪਰ ਕਵੀ ਉਸਨੂੰ ਫੇਰ ਵੀ ਪਿਆਰ ਕਰਦਾ ਰਹਿੰਦਾ ਹੈ। ਉਹ ਉਸ ਨੂੰ ਬੇਵਫਾ ਕਹਿਣ ਦੀ ਥਾਂ, ਆਪਣੀ ਗਰੀਬੀ ਨੂੰ ਦੋਸ਼ੀ ਮੰਨਦਾ ਹੈ। ਇਸੇ ਪ੍ਰਕਾਰ ਉਹ 'ਪਿਆਰ' ਵਿਚੋਂ ਜ਼ਾਹਰਾ ਪੱਧਰ ਤੇ ਕਾਮ ਨੂੰ ਖ਼ਾਰਜ ਕਰਕੇ ਨਿਰੋਲ ਮਾਨਸਿਕ (ਆਤਮਿਕ) ਪਿਆਰ ਦੀ ਸੰਕਲਪਨਾ ਪੇਸ਼ ਕਰਦਾ ਹੈ। ਬਾਵਾ ਜੀ ਮੱਧਯੁੱਗੀ ਪਿਆਰ ਸੰਕਲਪ ਤੋਂ ਤਾਂ ਉਪਰ ਉਠਦੇ ਹਨ, ਪਰ ਨਾਲ ਹੀ ਸ਼ੁੱਧ ਆਦਰਸ਼ਕ ਪਿਆਰ ਸੰਕਲਪ ਨੂੰ ਪੇਸ਼ ਕਰਦੇ ਹਨ। ਉਹ ਪਿਆਰ ਨੂੰ ਆਪਣੇ ਸਮੇਂ ਦੇ ਸਮਾਜਿਕ ਯਥਾਰਥ ਅਨੁਸਾਰ ਲੁਕਾਉਣਾ ਚਾਹੁੰਦੇ ਹਨ ਅਤੇ ਜਦੋਂ ਉਹ ਪਿਆਰ ਨੂੰ ਪ੍ਰਗਟਾਉਂਦੇ ਹਨ ਤਾਂ ਉਹ ਇਸ

www.PunjabiLibrary.com

ਵਿਚੋਂ ਵਿਸ਼ਾ-ਵਾਸ਼ਨਾ ਨੂੰ ਖਾਰਜ ਕਰਕੇ ਨਿਰੋਲ ਆਤਮਿਕ ਪਿਆਰ ਦਾ ਸੰਕਲਪ ਸਾਹਮਣੇ ਲਿਆਉਂਦੇ ਹਨ।

ਪਰ ਇਹ ਅਸਲ ਵਿਚ ਪਹਿਲੀ ਪੱਧਰ ਤੇ ਆਪ ਨੂੰ ਅਤੇ ਦੂਜੀ ਪੱਧਰ ਤੇ ਪਾਠਕਾਂ ਨੂੰ ਧੋਖਾ ਦੇਣ ਦੀ ਮਨੋਜੁਗਤ ਹੈ, ਜੋ ਕਵਿਤਾ ਅੰਦਰ ਕਲਾਤਮਿਕ ਜੁਗਤ ਵਿਚ ਵਟ ਜਾਂਦੀ ਹੈ। ਇਹ ਪ੍ਰਗਟਾਉਣਾ/ਲੁਕਾਉਣਾ ਉਨ੍ਹਾਂ ਦੀ ਕਵਿਤਾ ਵਿਚ ਦੋ ਰੂਪ ਅਖ਼ਤਿਆਰ ਕਰਦਾ ਹੈ। ਇਕ ਪਾਸੇ ਤਾਂ ਉਹ ਆਪਣੇ ਪਿਆਰ ਨੂੰ ਅਧਿਆਤਮਿਕ ਰਹੱਸ ਵਿਚ ਲਪੇਟ ਕੇ ਪੇਸ਼ ਕਰਦੇ ਹਨ। ਬਾਬਾ ਬਲਵੰਤ ਜੀ ਦੇ ਸਬੰਧ ਵਿਚ ਧਰਮ ਪਾਲ ਸਿੰਗਲ ਵੀ ਲਿਖਦੇ ਹਨ, "ਜਿਸ ਕਵੀ ਨੇ ਵੀ ਆਪਣੇ ਪਿਆਰ ਦਾ ਜ਼ਿਕਰ ਕਰਨਾ ਹੁੰਦਾ, ਉਸ ਨੂੰ ਉਹ ਕਿਸੇ ਗ਼ੈਬੀ, ਰਹੱਸਮਈ ਸੱਤਾ ਦਾ ਸਹਾਰਾ ਲੈ ਕੇ ਪ੍ਰਗਟ ਕਰਦਾ ਸੀ, ਗੱਲ ਭਾਵੇਂ ਆਪਣੀ ਪ੍ਰੇਮਿਕਾ ਦੇ ਪ੍ਰਤੀ ਹੀ ਆਖੀ ਜਾਂਦੀ, ਪਰ ਉਸਦਾ ਸਧਾਰਨੀਕਰਨ ਕਰਕੇ ਉਸ ਨੂੰ ਰਹੱਸਵਾਦੀ ਭਾਸ਼ਾ ਵਿਚ ਗਲੇਫ ਕੇ ਆਖਿਆ ਜਾਂਦਾ ਸੀ।" ਦੂਜੇ ਪਾਸੇ ਕੁਦਰਤ ਨੂੰ ਇਸਤਰੀ ਰੂਪ ਮਾਨਵੀਕ੍ਰਿਤ ਕਰਕੇ, ਉਸ ਤੇ ਇੰਦਰਿਆਵੀ ਬਿੰਬਾਂ ਦਾ ਨਿਰਮਾਣ ਕਰਨਾ ਹੈ। ਬਾਬਾ ਬਲਵੰਤ ਆਪਣੇ ਪਿਆਰ ਨੂੰ ਕਾਮ-ਰਹਿਤ ਕਰਕੇ ਸ਼ੁੱਧ ਮਾਨਸਿਕ ਖੇਤਰ ਵਿਚ ਬਦਲਣ ਦੀ ਚੇਸ਼ਟਾ ਅਧੀਨ ਇਸ ਨੂੰ ਜਾਂ ਤਾਂ ਆਤਮਿਕ ਭਾਵ ਰਹੱਸਵਾਦੀ ਬਣਾ ਦਿੰਦਾ ਹੈ ਜਾਂ ਫਿਰ ਪ੍ਰਕਿਰਤੀ ਦਾ ਮਾਨਵੀਕਰਣ ਕਰ ਦਿੰਦਾ ਹੈ। ਉਸ ਦਾ ਆਪਣੀ ਪ੍ਰੇਮਿਕਾ ਨੂੰ ਇੰਦਰਿਆਵੀ ਪੱਧਰ ਤੇ ਮਾਨਣਾ ਲੁਕਿਆ ਰਹਿੰਦਾ ਹੈ, ਪਰ ਉਹ ਇਨ੍ਹਾਂ ਹੀ ਭਾਵਾਂ ਦੀ ਪੇਸ਼ਕਾਰੀ ਲਈ ਪ੍ਰਕ੍ਰਿਤੀ ਦੇ ਸੁਹਜਮਈ ਰੂਪ ਫੁੱਲ-ਪੱਤੀਆਂ ਨੂੰ ਇਉਂ ਵਰਤਦਾ ਹੈ:

ਸੇਜ ਤੋਂ ਜਾਗੀ ਏ ਲੈਂਦੀ ਹੋਈ ਅੰਗੜਾਈ ਕਲੀ
ਜਾਪਦਾ ਹੈ ਕਿ ਕਿਸੇ ਨੂਰ ਨੇ ਨਸ਼ਿਆਈ ਕਲੀ

(ਸੁਗੰਧ ਸਮੀਰ, ਪੰਨਾ 35)

ਪੰਜਾਬੀ ਪ੍ਰਗਤੀਵਾਦੀ ਕਵਿਤਾ ਦਾ ਸਿੱਧਾ ਸਬੰਧ ਮਾਰਕਸਵਾਦੀ ਦਰਸ਼ਨ ਤੋਂ ਪ੍ਰਭਾਵਿਤ ਜਾਂ ਸਬੰਧਤ ਕਵਿਤਾ ਨਾਲ ਹੈ, ਪਰ ਇਥੇ ਇਕ ਹੋਰ ਤੱਥ ਨਿਖੇੜਨਾ ਯੋਗ ਹੋਵੇਗਾ। ਪੰਜਾਬ ਵਿਚ ਮਾਰਕਸਵਾਦੀ ਵਿਚਾਰ, ਇਥੋਂ ਦੇ ਪੈਦਾਵਾਰੀ ਸਾਧਨ ਬਦਲਣ ਨਾਲ ਜਾਂ ਇਥੋਂ ਦੇ ਲੋਕਾਂ ਦੀਆਂ ਜੀਵਨ ਹਾਲਤਾਂ ਬਦਲਣ ਨਾਲ ਨਹੀਂ ਆਏ ਸਨ, ਸਗੋਂ ਇਥੇ ਮਾਰਕਸਵਾਦੀ ਵਿਚਾਰ ਪੜ੍ਹਿਆਂ-ਲਿਖਿਆਂ ਲੋਕਾਂ ਵਿਚ ਪੁਸਤਕਾਂ ਪੜ੍ਹ ਕੇ ਜਾਂ ਵਿਦੇਸ਼ੀ ਸੰਪਰਕਾਂ ਰਾਹੀਂ ਹੋਂਦ ਵਿਚ ਆਏ ਸਨ। ਮਾਰਕਸਵਾਦੀ ਦਰਸ਼ਨ ਇਥੇ ਆਪਣੇ ਜਮਾਤੀ ਸੰਘਰਸ਼ ਵਾਲੇ ਰੂਪ ਦੀ ਥਾਂ ਦੇਸ਼ ਦੀ ਆਜ਼ਾਦੀ ਦੀ ਲੜਾਈ ਦੇ ਸਹਾਇਕ ਵਜੋਂ, ਸਭ ਦੇ ਵਿਕਾਸ ਲਈ, ਧਾਰਮਿਕ ਤੰਗ-ਨਜ਼ਰੀਏ ਵਿਰੁੱਧ ਸਾਹਮਣੇ ਆਇਆ। ਜੀਵਨ ਹਾਲਤਾਂ ਵਿਚੋਂ ਉਪਜਣ ਦੀ ਥਾਂ ਇਹ ਮਾਰਕਸਵਾਦੀ ਵਿਚਾਰ ਪ੍ਰਚਾਰਕ ਰੂਪ ਵਿਚ ਆਏ ਸਨ। ਸਾਹਿਤ ਵਿਚ ਵੀ ਇਹ ਵਿਚਾਰ ਪ੍ਰਚਾਰਕ ਰੂਪ ਵਿਚ ਆਏ ਸਨ। ਸੋ ਕਵਿਤਾ ਵਿਚ ਵੀ 'ਮਾਰਕਸਵਾਦ ਦਾ ਪ੍ਰਚਾਰ' ਹੋਣ ਲੱਗਾ। ਪ੍ਰਗਤੀਵਾਦ ਨੂੰ ਇਕ ਜੀਵਨ ਜਾਚ ਸਮਝਣ ਦੀ ਥਾਂ ਹਰ ਸਮੱਸਿਆ ਦਾ ਹੱਲ ਕਰਨ ਵਾਲਾ 'ਗੁਰਮੰਤਰ' ਖ਼ਿਆਲ ਕਰਦਿਆਂ ਗੁਣ ਗਾਇਣ ਕੀਤੇ ਗਏ। ਬਾਬਾ ਬਲਵੰਤ ਅਤੇ ਉਨ੍ਹਾਂ ਦੇ ਬਹੁਤੇ ਸਮਕਾਲੀ ਕਵੀ ਇਸ ਪ੍ਰਕਾਰ ਪ੍ਰਚਾਰ ਦੁਆਰਾ ਗ੍ਰਹਿਣ ਕੀਤੀ 'ਉਧਾਰੀ ਚੇਤਨਾ' ਦੇ ਪ੍ਰਗਤੀਵਾਦੀ ਕਵੀ ਸਨ, ਭਾਵੇਂ ਬਾਵਾ ਜੀ ਦੀ ਨਿੱਜੀ

www.PunjabiLibrary.com

ਜ਼ਿੰਦਗੀ ਆਰਥਿਕ ਗਰੀਬੀ ਦੀ ਜ਼ਿੰਦਗੀ ਹੋਣ ਕਰਕੇ ਉਨ੍ਹਾਂ ਨੂੰ ਅਮਲੀ 'ਅਨੁਭਵ ਦੀ ਚੇਤਨਾ' ਵੀ ਸੀ। ਬਾਵਾ ਜੀ ਦੀ ਸਾਹਿਤਕ ਪਰੰਪਰਾ ਅਤੇ ਸਮਕਾਲੀ ਗਿਆਨ-ਪ੍ਰਵਾਹ ਤੋਂ 'ਉਧਾਰੀ ਚੇਤਨਾ' ਅਤੇ ਜ਼ਿੰਦਗੀ ਵਿਚੋਂ ਅਨੁਭਵ ਦੀ ਚੇਤਨਾ ਰਲੀ-ਮਿਲੀ ਸੀ, ਉਹ ਇਸ ਦੋ ਪੱਖੀ ਚੇਤਨਾ ਦੇ ਯਥਾਰਥਕ ਆਧਾਰ ਉਪਰ ਪ੍ਰਗਤੀਵਾਦ ਦੀ ਨੀਂਹ ਰੱਖ ਸਕਦਾ ਸੀ, ਪਰ ਉਨ੍ਹਾਂ ਦੀ ਕਵਿਤਾ ਵਿਚ ਸਿਰਫ 'ਉਧਾਰੀ ਚੇਤਨਾ' ਹੈ। ਗਰੀਬੀ ਦਾ ਅਨੁਭਵ ਤਾਂ ਛੱਡੋ, ਜ਼ਿੰਦਗੀ ਦਾ ਅਨੁਭਵ ਵੀ ਬਹੁਤ ਘੱਟ ਆਉਂਦਾ ਹੈ। ਇਸ ਸਬੰਧੀ ਉਸ ਦੀਆਂ ਕੁਝ ਕਵਿਤਾਵਾਂ ਜਿਵੇਂ 'ਨੌਕਰ' ਆਦਿ ਵਿਚ ਉਹ 'ਅਨੁਭਵੀ ਚੇਤਨਾ' ਨੂੰ ਅਗਰਭੂਮ ਕਰਦਾ ਹੈ ਤਾਂ ਕਵਿਤਾ ਹੋਰ ਰੰਗ ਵਿਚ ਆਉਂਦੀ ਹੈ। ਬਾਵਾ ਜੀ ਨੇ 'ਸਮਾਜਵਾਦ' ਨੂੰ ਸੰਕਲਪ ਸਮਝਣ ਦੀ ਥਾਂ ਮੁਕਤੀਦਾਤਾ ਮਨੁੱਖ ਵਜੋਂ ਮਾਨਵੀਕ੍ਰਿਤ ਕਰਕੇ ਪੇਸ਼ ਕੀਤਾ ਹੈ :

ਜਨਮ ਤੋਂ ਪਹਿਲਾਂ ਮੇਰਾ ਇਕ ਜੋਤਸ਼ੀ ਕਹਿੰਦਾ ਰਿਹਾ
"ਇਸ ਦੇ ਹੱਥੋਂ ਹੈ, 'ਮਹਾਂ ਰਾਣੀ' ਦੀ ਮੌਤ"
ਇਸ ਲਈ 'ਰਾਣੀ ਦੇ ਰਾਖੇ', ਉਸ ਦੇ ਗੋਲੇ ਵਜ਼ੀਰ
ਉਸ ਦੇ ਕੁੱਤੇ, ਉਸ ਦੇ ਦਾਰੂਗੀਰ ਤੇ ਉਸ ਦੇ ਫਕੀਰ
ਜਨਮ ਦੇ ਦਿਨ ਹੀ ਮੇਰੇ ਮਾਰਨ ਨੂੰ ਆਈ ਇਹ ਵਹੀਰ

(ਕਾਵਿ ਸਾਗਰ, ਪੰਨਾ 155)

ਇਹ ਕਵਿਤਾ ਨਿਰੋਲ 'ਉਧਾਰੀ ਚੇਤਨਾ' ਦੀ ਕਵਿਤਾ ਹੈ। ਬਾਵਾ ਜੀ ਨੇ ਸਮਾਜਵਾਦ ਨੂੰ ਮਾਨਵੀਕ੍ਰਿਤ ਰੂਪ ਵਿਚ ਪੇਸ਼ ਕਰਦਿਆਂ ਸਿਧਾਂਤਕ ਪੱਖ ਕਾਇਮ ਰੱਖਿਆ ਹੈ। ਇਥੇ ਸਾਡਾ ਮੰਤਵ ਬਾਵਾ ਜੀ ਦੀ ਕਵਿਤਾ ਨੂੰ ਛੁਟਿਆਉਣਾ ਜਾਂ ਉਚਿਆਉਣਾ ਨਹੀਂ, ਸਾਡਾ ਪ੍ਰਯੋਜਨ ਤਾਂ ਸਿਟਫ ਇਹ ਸੀ ਕਿ ਸਾਡੀ ਬਹੁਤੀ ਆਧੁਨਿਕ ਕਵਿਤਾ ਵਾਂਗ ਪ੍ਰਗਤੀਵਾਦੀ ਕਵਿਤਾ ਵੀ 'ਉਧਾਰੀ ਚੇਤਨਾ' ਦੀ ਕਵਿਤਾ ਹੈ, ਇਹ ਕਵਿਤਾ ਜੀਵਨ ਵਿਚੋਂ ਵਿਚਾਰਾਂ ਨੂੰ ਲੈਣ ਦੀ ਥਾਂ 'ਸਿਧਾਂਤ' ਵਿਚੋਂ ਵਿਚਾਰ ਲੈ ਕੇ ਉਸ ਨੂੰ ਪ੍ਰਗਟਾਉਂਦੀ ਹੈ।

ਬਾਵਾ ਬਲਵੰਤ ਜੀ ਨੂੰ ਪੱਕਾ ਪਤਾ ਹੈ ਕਿ ਸਮਾਜਵਾਦ ਜਾਂ ਨਵੇਂ ਵਿਚਾਰਾਂ ਲਈ ਥਾਂ ਤਾਂ ਹੀ ਹੋ ਸਕਦੀ ਹੈ। ਜੇ ਅਸੀਂ ਪੁਰਾਣੇ ਜੜ੍ਹ ਹੋ ਚੁੱਕੇ ਅਧਿਆਤਮਿਕ ਵਿਚਾਰ-ਪ੍ਰਬੰਧ ਤੋਂ ਖਲਾਸੀ ਪਾ ਲਈਏ। ਇਸ ਲਈ ਉਹ ਪੁਰਾਣੇ ਵਿਸ਼ਵਾਸ-ਪ੍ਰਬੰਧ ਨੂੰ ਝੂਠਾ ਦਸਦੇ ਹੋਏ, ਉਸ ਦੇ ਦਿਨ ਖ਼ਤਮ ਸਮਝਦੇ ਹਨ। ਉਹ ਕਿਸਮਤ ਦੇ ਆਡੰਬਰ ਨੂੰ ਨਕਾਰਦੇ ਹਨ। ਉਹ ਇਸ ਸੰਸਾਰ ਨੂੰ ਫਾਨੀ ਸਮਝਣ ਦੀ ਥਾਂ ਮਾਨਣਯੋਗ ਸਮਝਦੇ ਹਨ।

ਬੇ-ਆਸ ਦਿਲਾਂ ਅੰਦਰ ਸ਼ੁਭ ਆਸ ਵਸਾਈ ਏ,
ਨਾ ਬੁਲਬੁਲ ਏ ਜੀਵਨ, ਨਾ ਦੁਨੀਆਂ ਹੀ ਫਾਨੀ ਏ
ਇਸ ਫਲਸਫੇ ਫਾਨੀ ਨੂੰ ਘੜਿਆ ਏ ਅਮੀਰੀ ਨੇ
ਹੈ ਲਾਭ ਅਮੀਰੀ ਨੂੰ ਤੇ ਦੁਨੀਆਂ ਦੀ ਹਾਨੀ ਏ

(ਸੁਗੰਧ ਸਮੀਰ, ਪੰਨਾ 69)

www.PunjabiLibrary.com

ਬਾਵਾ ਬਲਵੰਤ ਜੀ ਅਧਿਆਤਮਿਕ/ਪਦਾਰਥਕ ਵਿਚੋਂ ਪਦਾਰਥਵਾਦ ਦੀ ਚੋਣ ਕਰਦੇ ਹਨ। ਇਸੇ ਆਧਾਰ ਉਪਰ ਉਹ ਪਿਆਰ ਨੂੰ ਪ੍ਰਵਾਨਦੇ ਹਨ। ਅਜਿਹਾ ਕਰਦਿਆਂ ਮੱਧਯੁਗੀ ਕਾਮ-ਨਿੰਦਿਆ ਅਤੇ ਆਧੁਨਿਕ ਮੱਧਵਰਗੀ ਆਦਰਸ਼ਕ ਪਿਆਰ ਦੀ ਥਾਂ ਯਥਾਰਥਕ ਪਿਆਰ ਸੰਕਲਪ ਪੇਸ਼ ਕਰਨਾ ਚਾਹੁੰਦੇ ਹਨ। ਪਰ ਸਮਾਜਿਕ ਦਬਾਅ ਅਧੀਨ ਉਹ ਪਿਆਰ ਨੂੰ ਕਦੇ ਤਾਂ ਰਹੱਸ ਵਿਚ ਗਲੇਫਦੇ ਹਨ, ਕਦੇ ਪ੍ਰਕ੍ਰਿਤਕ ਵਸਤਾਂ ਰਾਹੀਂ ਢਾਲਦੇ ਹਨ। ਇਹ ਉਨ੍ਹਾਂ ਦੀਆਂ ਸਮਾਜਿਕ ਦਬਾਅ ਕਾਰਨ ਚਲੀਆਂ ਸਾਹਿਤਕ ਜੁਗਤਾਂ ਹਨ, ਇਨ੍ਹਾਂ ਦਾ ਆਪਣਾ ਕਲਾਤਮਿਕ ਮੁੱਲ ਹੈ। ਇਸੇ ਪ੍ਰਕਾਰ ਉਨ੍ਹਾਂ ਨੇ ਪ੍ਰਗਤੀਵਾਦ ਨੂੰ ਸਿਧਾਂਤਕ ਪੱਧਰ ਤੇ ਗ੍ਰਹਿਣ ਕੀਤਾ ਅਤੇ ਕਵਿਤਾਇਆ ਹੈ। ਇਨ੍ਹਾਂ ਦੇ ਪ੍ਰਮੁੱਖ ਵਿਸ਼ਿਆਂ ਤੋਂ ਬਿਨਾਂ ਉਨ੍ਹਾਂ ਨੇ ਕੋਮਲ ਕਲਾਵਾਂ, ਪੁਰਾਣੀਆਂ ਇਮਾਰਤਾਂ, ਮਹਾਨ ਸ਼ਖਸ਼ੀਅਤਾਂ ਤੇ ਨਜ਼ਮਾਂ ਲਿਖੀਆਂ, ਜੋ ਸਾਡੇ ਸਭਿਆਕਾਰਕ ਗੌਰਵ ਨੂੰ ਤਾਜ਼ਾ ਕਰਦੀਆਂ ਹਨ। ਬਾਵਾ ਬਲਵੰਤ ਜੀ ਨੇ ਆਪਣੇ ਉਪਰੋਕਤ ਵਿਸ਼ਿਆਂ ਨੂੰ ਪ੍ਰਗਟਾ ਦੇਣ ਲਈ ਵਿਲੱਖਣ ਕਲਾਤਮਿਕ ਵਿਧੀਆਂ ਦੀ ਸਿਰਜਣਾ ਕੀਤੀ। ਉਨ੍ਹਾਂ ਦੀਆਂ ਕਵਿਤਾਵਾਂ ਦੀ ਕਲਾਤਮਿਕ ਸੰਰਚਨਾ, ਉਨ੍ਹਾਂ ਦੀਆਂ ਕਵਿਤਾਵਾਂ ਦੇ ਵਿਸ਼ਿਆਂ ਅਨੁਸਾਰ ਬਦਲਦੀ ਹੈ। ਉਨ੍ਹਾਂ ਦੀਆਂ ਇਸ ਜੜ੍ਹ ਸਮਾਜ ਨੂੰ ਬਦਲ ਦੇਣ ਵਾਲੀਆਂ ਇਨਕਲਾਬੀ ਕਵਿਤਾਵਾਂ ਦੀ ਰਉਂ ਫੌਜੀ ਤਰਾਨੇ ਵਾਂਗ ਤੇਜ਼ ਹੁੰਦੀ ਹੈ। ਉਨ੍ਹਾਂ ਦੀਆਂ ਇਸ ਪ੍ਰਕਾਰ ਦੀਆਂ ਕਵਿਤਾਵਾਂ ਜਿਵੇਂ 'ਬਾਗੀ' 'ਜਵਾਨਾ ਉਠ ਦੁਨੀਆਂ ਨੂੰ ਉਲਟਾ ਦੇ' (ਕਾਵਿ ਸਾਗਰ), 'ਆਜ਼ਾਦ ਗੀਤ', 'ਬਹਾਰ ਆਏਗੀ' (ਸੁਗੰਧ ਸਮੀਰ) ਵਿਚ ਇਕ ਵਿਚਾਰ ਦੀ ਜਿੱਤ ਵਿਸ਼ਵਾਸ ਹੈ, ਜੋ ਕਵਿਤਾ ਵਿਚ ਤਾਕਤ ਭਰਦਾ ਹੈ।

ਮੈਂ ਗੌਤਮ, ਮੈਂ ਰੂਸੋ, ਮੈਂ ਲੈਨਿਨ ਦੀ ਚਾਹਤ
ਮੈਂ ਤਾਂ ਮਾਰਕਸ ਦੀ ਖੁਦਾਈ ਦੀ ਦੌਲਤ
ਮੇਰੇ ਨਾਂ ਤੋਂ ਕੰਬਣ ਪੈਗੰਬਰ ਤਿਆਗੀ,
ਮੈਂ ਆਕੀ, ਮੈਂ ਆਕੀ, ਮੈਂ ਬਾਗ਼ੀ, ਮੈਂ ਬਾਗ਼ੀ

(ਸੁਗੰਧ ਸਮੀਰ. ਪੰਨਾ 30)

ਬਾਵਾ ਬਲਵੰਤ ਜੀ ਨੇ ਬਿਆਨੀਆਂ ਕਵਿਤਾਵਾਂ ਵੀ ਲਿਖੀਆਂ ਹਨ, ਜਿਨ੍ਹਾਂ ਵਿਚ ਉਹ ਪੁਰਾਣੇ ਕਵੀ ਦੇ ਉਲਟ ਕਿਸੇ ਇਤਿਹਾਸ/ਮਿਥਿਹਾਸਕ ਕਥਾ ਕਹਾਣੀ ਨੂੰ ਮੁੜ ਬਿਆਨਣ ਦੀ ਥਾਂ ਆਮ ਆਦਮੀ ਦੇ ਜ਼ਿੰਦਗੀ ਵਿਚ ਵਾਪਰਦੀਆਂ ਘਟਨਾਵਾਂ ਨੂੰ ਨਾਟਕੀ-ਅੰਦਾਜ਼ ਵਿਚ ਬਿਆਨ ਕਰਦੇ ਹਨ। ਇਸ ਪ੍ਰਕਾਰ ਦੀਆਂ ਉਨ੍ਹਾਂ ਦੀਆਂ ਕਵਿਤਾਵਾਂ ਵਿਚ ਪ੍ਰਮੁੱਖ ਹਨ। ਉਨ੍ਹਾਂ ਨੇ ਕਫਨ ਨਾਂ ਥੱਲੇ ਦੋ ਕਵਿਤਾਵਾਂ ਲਿਖੀਆਂ, ਇਕ ਕਵਿਤਾ ਵਿਚ ਤਾਂ ਉਹ ਇਸੇ ਨਾਂ ਦੀ ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀ ਨੂੰ ਕਵਿਤਾ ਵਿਚ ਲਿਖਦੇ ਹਨ। ਉਨ੍ਹਾਂ ਨੇ ਕਵਿਤਾ ਵਿਚ ਪਿਉ-ਪੁੱਤਰ ਦੇ ਕਾਵਿ ਸੰਵਾਦਾਂ ਰਾਹੀਂ ਉਨ੍ਹਾਂ ਦੇ ਮਨ ਦੀਆਂ ਹਾਲਤਾਂ ਅਤੇ ਸਮਾਜ ਦੀ ਉਨ੍ਹਾਂ ਪ੍ਰਤੀ ਦ੍ਰਿਸ਼ਟੀ ਨੂੰ ਸਪੱਸ਼ਟ ਕਰਕੇ ਰੱਖ ਦਿੱਤਾ ਹੈ। ਦੂਜੀ ਕਫਨ ਕਵਿਤਾ ਉਨ੍ਹਾਂ ਨੇ ਸਿਰਫ 22 ਲਾਈਨਾਂ ਵਿਚ ਇਕ ਅਜਿਹੇ ਆਦਮੀ ਦੀ ਤਸਵੀਰਕਸ਼ੀ ਕੀਤੀ ਹੈ, ਜੋ ਪੈਸੇ ਦੇ ਜ਼ੋਰ ਨਾਲ 'ਬੁੱਢੀ ਉਮਰੇ' ਜੁਆਨ ਕੁੜੀ ਵਿਆਹੁਣੀ ਚਾਹੁੰਦਾ ਹੈ।

www.PunjabiLibrary.com

ਕਲ ਇਕ ਸਾਲੂ ਕਫ਼ਨ ਹੋਸੀ ਜਵਾਨੀ ਦੇ ਲਈ,
ਕਲ ਮਾਂ ਬਾਪ ਹੀ ਪਾ ਦੇਣਗੇ ਚਾਂਦੀ ਦਾ ਕਫ਼ਨ ।
ਕਾਸ਼ ਬੱਚੀ ਕਿ ਤੇਰੇ ਹੱਥ 'ਚ ਹੁੰਦੀ ਤਲਵਾਰ ।
ਮੌਤ ਹੀ ਠੀਕ ਹੈ ਜੇ ਦਿਲ ਦੀ ਕਦਰ ਕੋਈ ਨਹੀਂ ।
ਕਲ ਲੈ ਆਏਗਾ ਦੌਲਤ ਦਾ ਬੁੜ੍ਹਾਪਾ ! ਜੀਵਨ
ਲਾਸ਼ ਆਪਣੀ ਲਈ ਕੂਲਾ ਕਫ਼ਨ, ਜਿੰਦਾ ਕਫ਼ਨ,
ਅਜ ਬਾਜ਼ਾਰ 'ਚ ਜੋ ਪੁਛਦਾ ਹੈ ਜਰਮਨ ਦਾ ਖ਼ਿਜ਼ਾਬ ।

(ਕਾਵਿ-ਸਾਗਰ, ਪੰਨਾ 58)

ਬਾਵਾ ਜੀ ਨੇ ਨੌਕਰ ਦੀ ਕਠਿਨ ਜ਼ਿੰਦਗੀ ਨੂੰ 'ਨੌਕਰ' ਕਵਿਤਾ ਵਿਚ ਚੰਦ ਕਾਵਿ-ਛੋਹਾਂ ਨਾਲ ਰੂਪਮਾਨ ਕੀਤਾ ਹੈ । 'ਸਾਗਵਾਲੀ' ਕਵਿਤਾ ਵਿਚ ਵੀ ਉਨ੍ਹਾਂ ਨੇ ਛੋਟੀ ਜਿਹੀ ਘਟਨਾ ਨੂੰ ਕਾਵਿ ਵਿਚ ਪ੍ਰਗਟਾਇਆ ਹੈ । 'ਵੇਸਵਾ' ਅਤੇ 'ਨਾਚੀ' ਵਿਚ ਵੀ ਉਨ੍ਹਾਂ ਨੇ ਸਥਿਤੀ ਬਿਆਨ ਕੀਤੀ ਹੈ । 'ਉਸ ਦਾ ਹਾਰ ਟੁੱਟ ਗਿਆ ?' ਵਿਚ ਤਾਂ ਉਨ੍ਹਾਂ ਨੇ ਆਪਣੇ ਪਿਆਰ-ਜਜ਼ਬੇ ਅਤੇ 'ਹਾਰ ਟੁੱਟਣ' ਦੀ ਘਟਨਾ ਨੂੰ ਬੜੀ ਹੀ ਕਲਾਤਮਿਕ ਜੁਗਤ ਨਾਲ ਪ੍ਰਗਟਾਇਆ ਹੈ । ਬਾਵਾ ਜੀ ਦੀਆਂ ਬਿਆਨੀਆਂ ਕਵਿਤਾਵਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਉਹ ਆਕਾਰ ਵਿਚ ਛੋਟੀਆਂ ਅਤੇ ਭਾਵ ਪੱਖੋਂ ਤੀਬਰ ਹੁੰਦੀਆਂ ਹਨ । ਉਨ੍ਹਾਂ ਵਿਚ ਘਟਨਾ ਦਾ ਵਰਣਨ ਕਿਸੇ ਦਾਰਸ਼ਨਿਕ ਜਾਂ ਡੂੰਘੇ ਭਾਵਾਂ ਦੀ ਪਿੱਠ-ਭੂਮੀ ਹੋਣ ਕਾਰਨ ਸਤਹੀ ਹੋਣ ਦੀ ਥਾਂ ਡੂੰਘਾ ਹੁੰਦਾ ਹੈ ।

ਬਾਵਾ ਬਲਵੰਤ ਸਿੰਘ ਦੀਆਂ ਕੁਝ ਨਜ਼ਮਾਂ ਦੀ ਸਮੁੱਚੀ ਰੂਪਕੀ ਬਣਤਰ ਇਕ ਰੂਪਕ ਨੂੰ ਸਿਰਜਦੀ ਹੈ, ਜੋ ਕਵੀ ਦੇ ਵਿਭਿੰਨ ਪਾਸਾਰਾਂ ਨੂੰ ਉਜਾਗਰ ਕਰਦੀ ਹੈ । 'ਖਿਡੌਣੇ', 'ਬੇੜੀ', 'ਦੀਵਾ', 'ਇਸ਼ਕ ਪੇਚੇ ਦੀ ਵੇਲ' ਆਦਿ ਵਿਚ ਜਿਵੇਂ ਉਹ ਮੇਲੇ ਵਿਚੋਂ ਖਿਡੌਣੇ ਖਰੀਦਣ ਦੀ ਗੱਲ ਨਾਲ ਆਪਣੇ ਮਨ ਦੀ ਹਾਲਤ ਨੂੰ ਪ੍ਰਗਟਾਉਂਦਾ ਹੈ । ਬਾਵਾ ਬਲਵੰਤ ਆਪਣੀਆਂ ਪ੍ਰੇਮ ਨਾਲ ਸੰਬੰਧਤ ਕਵਿਤਾਵਾਂ ਵਿਚ 'ਕ੍ਰਿਸ਼ਨਾ ਦੇ ਆਉਣ ਤੇ', 'ਉਡ ਚੱਲੀਏ', 'ਗੀਤ ਨਾ ਗਏ', ਸਹਿਜ ਅਤੇ ਸੰਤੋਖੀ ਢੰਗ ਨਾਲ ਆਪਣੇ ਭਾਵਾਂ ਨੂੰ ਕੋਮਲ ਸ਼ਬਦਾਂ ਦੁਆਰਾ ਅਭਿਵਿਅਕਤ ਕਰਦਾ ਹੈ।

ਬਾਵਾ ਬਲਵੰਤ ਆਪਣੀਆਂ ਕਵਿਤਾਵਾਂ ਵਿਚ ਇਤਿਹਾਸਕ-ਮਿਥਿਹਾਸਕ ਹਵਾਲੇ ਹੀ ਨਹੀਂ ਵਰਤਦਾ, ਸਗੋਂ ਇਤਿਹਾਸਕ-ਮਿਥਿਹਾਸਕ ਵਿਅਕਤੀ ਜਾਂ ਘਟਨਾਵਾਂ ਨੂੰ ਪੁਨਰ-ਪ੍ਰਗਟਾਉਂਦਾ ਹੈ । 'ਸ਼ਿਵ ਨਾਚ', 'ਦੂਰ ਇਕ ਬਹਿਲੀ ਖੜੀ', 'ਅਨਹਦ ਨਾਚ ਨਚਾਓ', 'ਫੇਰ ਪਾਰੋ ਨੇ ਕਿਹਾ' ਵਿਚੋਂ ਪਹਿਲੀਆਂ ਦੋ ਕਵਿਤਾਵਾਂ ਵਿਚੋਂ 'ਸ਼ਿਵ ਨਾਚ' ਅਤੇ 'ਦੂਰ ਇਕ ਬਹਿਲੀ ਖੜੀ' ਅੰਦਰ ਕ੍ਰਮਵਾਰ ਸ਼ਿਵ ਨਾਚ ਦੀ ਅਦੁੱਤੀ ਤਸਵੀਰਕਸ਼ੀ ਕੀਤੀ ਹੈ, ਜਦੋਂ 'ਦੂਰ ਇਕ ਬਹਿਲੀ ਖੜੀ' ਵਿਚ ਕਵੀ ਨੇ ਉੱਤਰ-ਰਮਾਇਣ ਦੇ ਸੀਤਾ-ਬਨਵਾਸ ਦੀ ਘਟਨਾ ਨੂੰ ਆਧਾਰ ਬਣਾ ਕੇ ਦਰਸਾਇਆ ਹੈ ਕਿ ਔਰਤ ਉੱਪਰ ਜ਼ੁਲਮ ਆਰੰਭ ਤੋਂ ਹੀ ਹੁੰਦਾ ਆਇਆ ਹੈ । 'ਫੇਰ ਪਾਰੋ ਨੇ ਕਿਹਾ' ਵਿਚ ਕਵੀ ਨੇ ਆਪਣੀ ਮਿਥਿਹਾਸ ਵਰਤਣ ਦੀ ਜੁਗਤ ਅਧੀਨ 'ਸ਼ਿਵ-ਪਾਰਬਤੀ' ਦੀਆਂ ਪ੍ਰਸਪਰ ਨੋਕ-ਝੋਕ ਦੀਆਂ ਦੰਤ-ਕਥਾਵਾਂ ਨੂੰ ਪਿੱਠ-ਭੂਮੀ ਵਿਚ ਰੱਖ ਕੇ ਪਰਜਾ ਨੂੰ ਸ਼ਿਵ, ਚੇਤਨਤਾ ਨੂੰ ਤੀਜੀ ਅੱਖ, ਚੇਤਨ ਕਰਨ ਵਾਲੀ ਪਾਰੋ ਦੀ ਥਾਂ ਰੱਖ ਕੇ ਲਿਖੀ ਹੈ । ਉਸ ਦਾ ਇਹ ਰੂਪਕੀ ਪ੍ਰਯੋਗ ਬਹੁਤ ਖ਼ੂਬਸੂਰਤ

www.PunjabiLibrary.com

ਹੈ। ਬਾਵਾ ਬਲਵੰਤ ਨੇ ਇਤਿਹਾਸਕ-ਮਿਥਿਹਾਸਕ ਨੂੰ ਨਵੇਂ ਯੁੱਗ ਅਨੁਸਾਰ ਨਵੇਂ ਅਰਥ ਭਰਨ ਦੀ ਲੀਹ ਤੋਰੀ, ਜਿਸ ਨੂੰ ਬਾਅਦ ਦੇ ਪ੍ਰਗਤੀਵਾਦੀਆਂ ਨੇ ਪੱਕਾ ਕੀਤਾ।

ਬਾਵਾ ਬਲਵੰਤ ਦੀ ਇਕ ਹੋਰ ਵਿਲੱਖਣਤਾ ਹੈ ਕਿ ਉਨ੍ਹਾਂ ਨੇ ਆਪਣੇ ਪੂਰਬਲੇ ਭਾਈ ਵੀਰ ਸਿੰਘ ਵਾਂਗ ਨਿਰੋਲ 'ਪ੍ਰਕ੍ਰਿਤੀ ਚਿਤਰਣ' ਲਈ 'ਪ੍ਰਕ੍ਰਿਤੀ ਚਿਤਰਣ' ਕਰਨ ਦੀ ਥਾਂ, ਪ੍ਰਕ੍ਰਿਤੀ ਨੂੰ ਆਪਣੇ ਵਿਚਾਰਾਂ/ਭਾਵਾਂ ਦਾ ਵਾਹਨ ਬਣਾਉਣ ਦੀ ਜੁਗਤ ਵਰਤੀ ਹੈ। ਇਕ ਪਾਸੇ ਤਾਂ ਉਹ ਆਪਣੇ ਪਿਆਰ ਨੂੰ ਸਮਾਜਿਕ ਦਬਾਅ ਹੇਠ ਲੁਕਾਉਣਾ ਚਾਹੁੰਦਾ ਹੈ, ਪਰ ਪ੍ਰਗਟਾਉਣਾ ਵੀ ਚਾਹੁੰਦਾ ਹੈ। ਇਸ ਲਈ ਉਹ ਪ੍ਰਕ੍ਰਿਤੀ ਦਾ ਸਹਾਰਾ ਲੈਂਦਾ ਹੈ। 'ਬੱਦਲ ਆ ਗਏ', 'ਸੁਨਹਿਰੀ ਸ਼ਾਮ', 'ਊਸ਼ਾ', 'ਰਾਤ ਦੀ ਰਾਣੀ', 'ਬੱਦਲਾ' 'ਚੰਬੇ ਦੀ ਕਲੀ', 'ਕੰਵਲ ਪੱਤ' ਆਦਿ ਇਸੇ ਕੋਟੀ ਦੀਆਂ ਕਵਿਤਾਵਾਂ ਹਨ। ਪ੍ਰਮਾਣ ਵਜੋਂ 'ਚੰਬੇ ਦੀ ਇਕ ਕਲੀ ਨੇ' ਵਿਚ ਕਲੀ ਦੀ ਪ੍ਰਸ਼ੰਸਾ ਕਰਦਾ ਹੈ, ਪਰ ਉਥੇ ਕਲੀ ਅਤੇ ਕੁੜੀ ਸਮਾਨ ਧਰਮੀ ਹੋਣ ਕਾਰਨ ਨਵੇਂ ਅਰਥ ਉਪਜਦੇ ਹਨ। ਇਸ ਕਾਰਨ ਇਹ ਭਾਸ਼ਾ ਦਾ ਰੂਪਕੀ ਪ੍ਰਯੋਗ ਹੈ। ਕਲੀ ਰਾਹੀਂ ਭਾਵ ਪ੍ਰਗਟਾਏ ਜਾ ਰਹੇ ਹਨ :

ਸੁੰਦਰ-ਮਲੂਕ ਤਨ 'ਚੋਂ ਐਸਾ ਹੈ ਪਹੁ ਫੁਟਾਲਾ,
ਮੇਰੀ ਦੁਖੀ ਨਜ਼ਰ ਨੇ ਬੁਤ ਅਪਣਾ ਧੋ ਲਿਆ ਏ, (ਸੁਗੰਧ ਸਮੀਰ, ਪੰਨਾ 44)

ਪਰ ਬਾਵਾ ਜੀ ਨੇ ਆਪਣੀ ਪ੍ਰਕ੍ਰਿਤੀ ਮੋਹ ਅਧੀਨ, ਆਪਣੇ ਪ੍ਰਗਤੀਵਾਦੀ ਵਿਚਾਰਾਂ ਲਈ ਫੁੱਲ-ਪੱਤੀਆਂ ਨੂੰ ਵਾਹਨ ਬਣਾਇਆ। ਉਹ ਪੁਰਾਣੇ ਧਾਰਮਿਕ ਅਧਿਆਤਮਿਕ ਵਿਚਾਰਵਾਦੀ ਦਰਸ਼ਨ ਨੂੰ ਮੁਰਝਾ ਗਏ ਫੁੱਲਾਂ ਦੀ ਸੰਗਿਆ ਦਿੰਦਾ ਹੈ। ਪਰ ਉਹ ਆਪਣੀ ਇਸੇ ਖੂਬਸੂਰਤ ਜੁਗਤ ਨੂੰ ਪੁੱਠੀ ਪਾ ਦਿੰਦਾ ਹੈ, ਜਦੋਂ ਉਹ ਲਿਖਦਾ ਹੈ :

ਤੰਗ ਆਏ ਹੋਏ ਫੁੱਲ, ਸਤਾਈਆਂ ਹੋਈਆਂ ਲਗਰਾਂ
ਮਾਲੀ ਦੀ ਇਹ ਲਾਹ ਦੇਣਗੇ, ਦਸਤਾਰ ਇਕ ਦਿਨ

ਮਾਲੀ ਦਾ ਧਰਮ ਪਾਲਣਾ ਹੈ, ਢਾਹੁਣਾ ਨਹੀਂ ਹੈ। ਫੁੱਲਾਂ ਅਤੇ ਲਗਰਾਂ ਨੂੰ ਮਾਲੀ ਨਹੀਂ ਸਤਾਉਂਦਾ ਅਤੇ ਨਾ ਹੀ ਮਾਲੀ ਕਦੇ ਜਾਬਰ ਦਾ ਚਿੰਨ੍ਹ ਬਣ ਸਕਦਾ ਹੈ। ਇਥੇ ਕਾਵਿਕ ਨਿਆਂ ਭੰਗ ਹੋ ਕੇ ਕਾਵਿ-ਦੋਸ਼ ਉਤਪੰਨ ਹੋ ਜਾਂਦਾ ਹੈ। ਪਰ ਇਸ ਦੇ ਬਾਵਜੂਦ ਪ੍ਰਕ੍ਰਿਤੀ ਦਾ ਰੂਪਕੀ ਪ੍ਰਯੋਗ ਕਰ ਕੇ ਪਿਆਰ ਭਾਵ ਜਾਂ ਪ੍ਰਗਤੀਵਾਦੀ ਵਿਚਾਰਾਂ ਨੂੰ ਪ੍ਰਗਟਾਉਣ ਦੀ ਜੁਗਤ ਨਿਵੇਕਲੀ ਹੈ।

ਬਾਵਾ ਬਲਵੰਤ ਜੀ ਨੇ ਪੁਰਾਤਨ ਇਮਾਰਤਾਂ ਜਿਵੇਂ ਇਲੋਰਾ, ਜੰਤਰ-ਮੰਤਰ, ਲਾਲ ਕਿਲ੍ਹਾ, (ਸੁਗੰਧ ਸਮੀਰ), ਅਸ਼ੋਕ (ਕਾਵਿ-ਸਾਗਰ) ਦਾ ਸਿੱਧਾ ਸਪੱਸ਼ਟ ਬਿਆਨ ਕੀਤਾ ਹੈ। ਇਹ ਪੁਰਾਤਨ ਇਮਾਰਤਾਂ ਰਾਹੀਂ ਇਕ ਪਾਸੇ ਤਾਂ ਕਵੀ ਸਭਿਆਚਾਰਕ ਗੌਰਵ ਨੂੰ ਪੁਨਰ-ਯਾਦ ਕਰਦਾ ਹੈ, ਦੂਜੇ ਪਾਸੇ ਉਨ੍ਹਾਂ ਮਨੁੱਖਾਂ ਨੂੰ ਨਮਸ਼ਕਾਰ ਕਰਦਾ ਹੈ, ਜਿਨ੍ਹਾਂ ਨੇ ਇਨ੍ਹਾਂ ਗੌਰਵਮਈ ਇਮਾਰਤਾਂ ਦੀ ਰਚਨਾ ਕੀਤੀ ਸੀ। ਪਰ ਇਹ ਸਭ ਕੁਝ ਬਿਆਨ ਕਰਦਿਆਂ ਉਸ ਦੀ ਸੂਝ ਸਾਧਾਰਨ ਬਿਆਨ ਤੱਕ ਸੀਮਿਤ ਰਹਿਣ ਦੀ ਥਾਂ 'ਬੌਧਿਕ ਦਰਸ਼ਨ' ਦੀ ਪੱਧਰ ਤੇ ਕੰਮ ਕਰਦੀ ਹੈ।

ਰਾਵਣ ਨੇ ਬੰਨ੍ਹਿਆ ਨਾ ਹੋਵੇ ਸ਼ਾਇਦ ਕਾਲ ਹਵਾਈ,
ਪਾਵੇ ਹੁਨਰਾਂ ਤੇ ਪਰ ਬੱਝਦਾ ਹੈ ਆਪ ਹੀ ਕਾਲ ਖ਼ੁਦਾਈ।
(ਕਾਵਿ-ਸਾਗਰ, ਪੰਨਾ 146)

www.PunjabiLibrary.com

ਬਾਵਾ ਬਲਵੰਤ ਜੀ ਮਹਾਨ ਸ਼ਖ਼ਸੀਅਤਾਂ ਜਿਵੇਂ ਪ੍ਰਸਿੱਧ ਭੌਤਿਕ ਵਿਗਿਆਨੀ ਆਈਨਸਟਾਈਨ, ਭਾਰਤ ਦੇ ਨੋਬਲ ਇਨਾਮ ਜੇਤੂ ਸਾਹਿਤਕਾਰ ਟੈਗੋਰ, ਜਗਤ ਪ੍ਰਸਿੱਧ ਹਾਸ ਕਲਾਕਾਰ ਚਾਰਲੀ ਚੈਪਲਿਨ ਅਤੇ ਸੂਫ਼ੀ ਸ਼ਹੀਦ ਸਰਮੱਦ ਆਦਿ ਤੇ ਕਵਿਤਾਵਾਂ ਲਿਖੀਆਂ। ਆਪਣੀਆਂ ਇਨ੍ਹਾਂ ਕਵਿਤਾਵਾਂ ਰਾਹੀਂ ਬਾਵਾ ਜੀ ਨੇ ਉਨ੍ਹਾਂ ਦੇ ਜੀਵਨ ਬਾਰੇ ਆਮ ਜਾਣਕਾਰੀ ਦੇਣ ਦੀ ਥਾਂ ਉਨ੍ਹਾਂ ਦੇ ਵਿਚਾਰਾਂ ਨੂੰ ਸਮਾਜਿਕ-ਇਤਿਹਾਸਕ ਪਰਿਖੇਖ ਵਿਚ ਦਾਰਸ਼ਨਿਕ ਦ੍ਰਿਸ਼ਟੀ ਤੋਂ ਕਾਵਿ-ਮਈ ਭਾਸ਼ਾ ਵਿਚ ਪੇਸ਼ ਕੀਤਾ ਹੈ। ਜਿਵੇਂ ਉਹ 'ਸਰਮੱਦ ਦੇ ਮਕਬਰੇ ਤੇ' ਕਵਿਤਾ ਅੰਦਰ ਸਰਮੱਦ ਦੀ ਸ਼ਹੀਦੀ ਦਾ ਜ਼ਿਕਰ ਕਰਦਿਆਂ, ਇਸ ਨੂੰ ਹੱਕ ਸੱਚ ਦੇ ਰਾਹੀਆਂ ਨਾਲ ਇਉਂ ਦਰਸਾਉਂਦਾ ਹੈ :

ਉਹ ਹੈ ਵਿਸ਼ਾਲ ਬੁੱਧੀ ਜੋ ਆਪ ਸੋਚਦੀ ਏ,
ਮੌਲਕ ਵਿਚਾਰ ਹੀ ਤਾਂ ਦੁਨੀਆਂ ਨਵੀਂ ਨੂੰ ਢਾਲੇ।
ਹੈ ਹੋਰ ਵੀ ਸਿਰਾਂ ਦੇ ਬੀਜਣ ਦੀ ਲੋੜ ਏਥੇ,
ਆਈ ਨਾ ਹਿੰਦ ਅੰਦਰ ਪੂਰਨ ਬਹਾਰ ਹਾਲੇ। (ਸੁਗੰਧ ਸਮੀਰ, ਪੰਨਾ 64)

ਬਾਵਾ ਜੀ ਨੇ ਆਪਣੇ ਗੀਤਾਂ ਵਿਚ ਜ਼ਿਆਦਾਤਰ ਪਿਆਰ ਭਾਵਨਾਵਾਂ ਨੂੰ ਪ੍ਰਗਟਾਇਆ ਹੈ। ਗੀਤਾਂ ਅੰਦਰ ਇਕ ਹੀ ਭਾਵ ਜਾਂ ਵਿਚਾਰ ਨੂੰ ਸੰਜਮ ਵਿਚ ਰਹਿ ਕੇ ਪੁਸ਼ਟ ਕੀਤਾ ਜਾਂਦਾ ਹੈ। 'ਊਠਾਂ ਵਾਲੇ', 'ਆਦਿ ਗੀਤ' ਵਿਚ ਕੋਮਲ ਭਾਵਾਂ ਦੀ ਸੁਹਜਮਈ ਅਭਿਵਿਅਕਤੀ ਹੋਈ ਹੈ। ਬਾਵਾ ਜੀ ਨੇ ਗੀਤਾਂ ਤੋਂ ਇਲਾਵਾ ਗ਼ਜ਼ਲਾਂ ਵੀ ਲਿਖੀਆਂ ਹਨ। ਉਨ੍ਹਾਂ ਦੀਆਂ ਗ਼ਜ਼ਲਾਂ ਵਿਚ ਭਾਵਾਂ ਦੀ ਖ਼ੂਬਸੂਰਤ ਪੇਸ਼ਕਾਰੀ ਹੈ :

ਸ਼ੁਰੂ ਕਰਦਾ ਹਾਂ ਮੌਲਕ ਆਪਣਾ ਨਗ਼ਮਾ,
ਕੋਈ ਲੈ ਕੇ ਸਤਾਰ ਆਏ ਨਾ ਆਏ। (ਸੁਗੰਧ ਸਮੀਰ, ਪੰਨਾ 31)
ਮੈਂ ਘਰ ਆਪਣਾ ਤਾਂ ਉਸ ਕਾਬਲ ਬਣਾਵਾਂ,
ਉਹ ਹੋ ਕੇ ਮਿਹਰਬਾਨ ਆਏ ਨ ਆਏ। (ਉਹੀ, ਪੰਨਾ 32)

———

www.PunjabiLibrary.com

4. ਪੰਜਾਬੀ ਕਵਿਤਾ ਦਾ ਕਾਵਿ-ਸ਼ਾਸਤਰ ਅਤੇ ਪਾਸ਼

ਪਾਸ਼ ਨਕਸਲਬਾੜੀ ਕਾਵਿ-ਲਹਿਰ ਜਾਂ ਪ੍ਰਗਤੀਵਾਦੀ ਕਾਵਿ-ਲਹਿਰ ਦਾ ਹੀ ਨਹੀਂ ਸਗੋਂ ਸਮੁੱਚੀ ਆਧੁਨਿਕ ਕਵਿਤਾ ਦਾ ਪ੍ਰਤਿਭਾਸ਼ਾਲੀ ਕਵੀ ਸੀ। ਉਸ ਨੇ ਪੰਜਾਬੀ ਸਾਹਿਤ ਨੂੰ 'ਲੋਹ ਕਥਾ', 'ਉਡਦੇ ਬਾਜ਼ਾਂ ਮਗਰ' ਅਤੇ 'ਸਾਡੇ ਸਮਿਆਂ ਵਿਚ' ਤਿੰਨ ਕਾਵਿ-ਸੰਗ੍ਰਿਹਾਂ ਤੋਂ ਇਲਾਵਾ ਕੁਝ ਹੋਰ, ਖਾਸ ਕਰਕੇ ਸਭ ਤੋਂ ਖ਼ਤਰਨਾਕ ਵਰਗੀਆਂ ਅਤਿ ਗੰਭੀਰ ਅਜੋਕੇ ਚੁਣੌਤੀ ਪੂਰਨ ਮਾਹੌਲ ਵਿਚ ਵੰਗਾਰ ਪਾਉਂਦੀਆਂ ਖ਼ੂਬਸੂਰਤ ਨਜ਼ਮਾਂ ਹੀ ਨਹੀਂ ਦਿੱਤੀਆਂ ਸਗੋਂ ਕੁਦਰਤੀ ਅਤੇ ਸਮਾਜਿਕ ਵਰਤਾਰਿਆਂ ਨੂੰ ਵਿਗਿਆਨਕ ਪੱਖੋਂ ਸਮਝ ਕੇ ਸਾਹਿਤਕ ਮਿੱਸ ਵਾਲੀ ਗਿਆਨਮਈ ਵਾਰਤਕ ਲਿਖ ਕੇ ਵੀ ਪ੍ਰਫੁੱਲਤ ਕੀਤਾ। ਇਹ ਵਾਰਤਕ ਦੇ ਲੇਖ ਉਸ ਵੱਲੋਂ ਸੰਪਾਦਤ ਕੀਤੇ ਜਾਂਦੇ ਹੱਥ ਲਿਖਤ ਪਰਚੇ 'ਹਾਕ' ਵਿਚ ਛਪੇ ਅਤੇ ਬਾਅਦ ਵਿਚ 'ਤਰਕਸ਼ੀਲ' ਅੰਦਰ ਮੁੜ ਪ੍ਰਕਾਸ਼ਤ ਹੋਏ। ਉਸ ਦੀ ਵਾਰਤਕ ਸ਼ੈਲੀ ਦੇ ਦਰਸ਼ਨ ਉਡਣੇ ਸਿੱਖ ਮਿਲਖਾ ਸਿੰਘ ਦੀ ਸਵੈ-ਜੀਵਨੀ ਦੇ ਆਰੰਭਕ ਕਾਂਡਾਂ ਵਿਚ ਕੀਤੇ ਜਾ ਸਕਦੇ ਹਨ। ਪਰ ਇੱਥੇ ਸਾਡੀ ਅਧਿਐਨ ਸੀਮਾ ਉਸ ਦੀ ਕਾਵਿ- ਪ੍ਰਤਿਭਾ ਤਕ ਹੀ ਸੀਮਿਤ ਹੈ।

ਨਕਸਲਬਾੜੀ ਲਹਿਰ ਦੀ ਚੜ੍ਹਾਈ ਅਤੇ ਉਤਰਾਈ ਸਮੇਂ ਉਸ ਦੀਆਂ ਕਵਿਤਾਵਾਂ ਤੇ ਸਾਹਿਤਕ ਸਿਆਸੀ ਆਲੋਚਨਾ ਹੁੰਦੀ ਰਹੀ ਹੈ ਅਤੇ ਉਸ ਦੀ ਸ਼ਹਾਦਤ ਤੋਂ ਬਾਅਦ ਸ਼ਰਧਾਂਜਲੀ ਨੁਮਾ ਪਰਚਿਆਂ ਦਾ ਹੜ੍ਹ ਆ ਗਿਆ। ਅਕਾਦਮਿਕ ਹਲਕਿਆਂ ਵਿਚ ਵੀ ਪਾਸ਼ ਨੂੰ ਆਪਣੇ ਗਜ਼ਾਂ ਨਾਲ ਮਿਣਿਆ ਮਾਪਿਆ ਗਿਆ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਪਾਸ਼ ਦੀ ਕਵਿਤਾ ਨੂੰ ਰੱਦਣ ਅਤੇ ਸਲਾਹੁਣ ਵਾਲਿਆਂ ਦੋਹਾਂ ਹੀ ਗੁੱਟਾਂ ਸਾਹਮਣੇ ਪਾਸ਼ ਦੀ ਕਵਿਤਾ ਘੱਟ ਅਤੇ ਨਕਸਲਬਾੜੀ ਰਾਜਸੀ ਲਹਿਰ ਵੱਧ ਹੁੰਦੀ ਸੀ। ਇਸੇ ਕਾਰਨ ਜਿੱਥੇ ਉਸ ਦੀ ਕਵਿਤਾ ਨੂੰ ਨਕਾਰਨ ਵਾਲਿਆਂ ਨੇ ਤਰਕਹੀਣ ਇਲਜ਼ਾਮ ਤਰਾਸ਼ੀ ਕੀਤੀ, ਉੱਥੇ ਸਲਾਹੁਣ ਵਾਲਿਆਂ ਨੇ ਪਾਸ਼ ਦੇ ਸਿਆਸੀ ਵਿਚਾਰਾਂ ਕਾਰਨ ਹੀ ਉਸ ਦੀ ਮੰਗਲਮਈ ਉਸਤੁਤੀ ਕੀਤੀ। ਹੁਣ ਲਹਿਰ ਤੋਂ ਸਮਾਂ ਵਿੱਥ ਵਧ ਗਈ। ਸ਼ਾਇਦ ਹੁਣ ਯਥਾਰਥਕ ਗੱਲ ਕੀਤੀ ਜਾ ਸਕੇ।

ਪਾਸ਼ ਦੇ ਰਾਜਸੀ ਜਾਂ ਵਿਦਰੋਹੀ ਹੋਣ ਨੂੰ ਹੀ ਉਸ ਦੀ ਕਵਿਤਾ ਦੇ ਖ਼ੂਬਸੂਰਤ ਹੋਣ ਦਾ ਕਾਰਨ ਮੰਨ ਕੇ ਢੇਰ ਕੁਝ ਲਿਖਿਆ ਗਿਆ ਹੈ। ਮੈਂ ਇਸ ਛੋਟੇ ਜਿਹੇ ਨਿਬੰਧ ਵਿਚ ਇਕੋ ਹੀ ਪ੍ਰਸ਼ਨ ਉਠਾਉਣਾ ਚਾਹੁੰਦਾ ਹਾਂ ਕਿ ਪਾਸ਼, ਪਾਸ਼ ਕਿਉਂ ਸੀ? ਭਾਵ ਉਸ ਦੀ ਕਵਿਤਾ ਦੇ ਉਹ ਕਿਹੜੇ ਗੁਣ ਸਨ, ਜਿਨ੍ਹਾਂ ਕਾਰਨ ਉਸ ਦੀ ਕਵਿਤਾ ਸਾਨੂੰ ਚੰਗੀ ਲੱਗਦੀ ਹੈ। ਕੀ ਹਰ ਉਹ ਕਵਿਤਾ ਜਿਸ ਵਿਚ ਉਹ ਗੁਣ ਹੋਣਗੇ, ਸਾਨੂੰ ਚੰਗੀ ਲੱਗੇਗੀ? ਕੀ ਹਰ ਯੁੱਗ ਵਿਚ ਜੋ ਕਵਿਤਾ

www.PunjabiLibrary.com

ਵਿਚ ਇਹੀ ਗੁਣ ਹੋਣਗੇ ਤਾਂ ਸਾਨੂੰ ਚੰਗੀ ਲੱਗੇਗੀ ? ਅਸਲ ਵਿਚ ਇਹ ਤੇ ਇਸ ਤਰ੍ਹਾਂ ਦੇ ਹੋਰ ਪ੍ਰਸ਼ਨ ਪੰਜਾਬੀ ਕਾਵਿ-ਸ਼ਾਸਤਰ ਦੇ ਪ੍ਰਸ਼ਨ ਹਨ ।

ਪਾਸ਼ ਦੀ ਪ੍ਰਤਿਭਾ ਨੂੰ ਲੋਕਾਂ ਨੇ ਮੰਨਿਆ ਅਤੇ ਮਾਣਿਆ ਅਤੇ ਤਕਰੀਬਨ ਸਾਰੇ ਆਲੋਚਕਾਂ ਨੇ ਅਖ਼ੀਰ ਪ੍ਰਵਾਨਗੀ ਦੇ ਦਿੱਤੀ । ਉਸ ਦੀ ਇਸ ਪਾਠਕਾਂ/ਆਲੋਚਕਾ ਵਿਚ ਪ੍ਰਵਾਨਗੀ ਦਾ ਲਾਹਾ ਲੈਂਦਿਆਂ, ਮੈਂ ਪਾਸ਼ ਨੂੰ ਕੇਂਦਰ ਬਣਾ ਕੇ ਪੰਜਾਬੀ ਕਾਵਿ-ਸ਼ਾਸਤਰ ਦੇ ਪ੍ਰਸੰਗ ਵਿਚ ਕੁਝ ਬੁਨਿਆਦੀ ਪ੍ਰਸ਼ਨਾਂ ਤੇ ਪੁਨਰ ਵਿਚਾਰ ਕਰਨ ਦੀ ਸੁਚੇਸ਼ਟਾ ਕਰ ਰਿਹਾ ਹਾਂ । ਕਾਵਿ-ਸ਼ਾਸਤਰ ਦੇ ਪ੍ਰਸੰਗ ਵਿਚ ਪ੍ਰਥਮ ਅਤੇ ਬੁਨਿਆਦੀ ਸਮੱਸਿਆ ਕਿਸੇ ਭਾਸ਼ਾ ਦੇ ਸਾਹਿਤ ਦਾ ਕਾਵਿ-ਸ਼ਾਸਤਰ ਉਸਾਰਨ ਲਈ ਆਧਾਰ ਕੀ ਹੁੰਦਾ ਹੈ ? ਉੱਤਰ ਨਿਰਸੰਦੇਹ ਉਸ ਭਾਸ਼ਾ ਦਾ ਸਾਹਿਤ ਹੀ ਬਣਦਾ ਹੈ । ਸੋ ਜੇ ਅਸੀਂ ਕਿਸੇ ਸਾਹਿਤ ਰੂਪ ਦੇ ਕਾਵਿ-ਸ਼ਾਸਤਰ ਦੀ ਗੱਲ ਕਰਨੀ ਹੋਵੇ ਤਾਂ ਸਾਨੂੰ ਉਸ ਭਾਸ਼ਾ ਦੇ ਉਸ ਸਾਹਿਤ ਰੂਪ ਦੀਆਂ ਸਮੁੱਚੀਆਂ ਕਿਰਤਾਂ ਨੂੰ ਅਧਿਐਨ ਅਧੀਨ ਲਿਆ ਕੇ, ਉਨ੍ਹਾਂ ਕਿਰਤਾਂ ਦੇ ਪਿੱਛੇ ਕੰਮ ਕਰਦੇ ਅਚੇਤ-ਸੁਚੇਤ ਅਮੂਰਤ ਰਚਨਾਤਮਿਕ ਨਿਯਮਾਂ ਨੂੰ ਸਮੂਰਤ ਰੂਪ ਵਿਚ ਸੂਤਰਬੱਧ ਕਰਨਾ ਪਵੇਗਾ । ਸੋ ਕਾਵਿ-ਸ਼ਾਸਤਰ ਦੀ ਗੱਲ ਨੂੰ ਸਾਹਿਤ ਦੇ ਇਤਿਹਾਸਕ ਕ੍ਰਮ ਤੋਂ ਤੋੜ ਕੇ ਨਹੀਂ ਵੇਖਿਆ ਜਾ ਸਕਦਾ ।

ਮੇਰੀ ਧਾਰਨਾ ਅਨੁਸਾਰ ਕਾਵਿ-ਸ਼ਾਸਤਰ ਕਵਿਤਾ ਦੇ ਕਲਾਤਮਿਕ ਸੰਗਠਨ ਪਿੱਛੇ ਕੰਮ ਕਰਦੇ ਅਮੂਰਤ ਬੁਨਿਆਦੀ ਨਿਯਮਾਂ ਦਾ ਸਮੂਰਤ ਰੂਪ ਹੈ । ਇਸ ਲਈ ਕਾਵਿ-ਸ਼ਾਸਤਰ ਇਕੋ ਸਮੇਂ ਸਾਧਾਰਨ ਅਤੇ ਵਿਸ਼ੇਸ਼ ਦੋਨਾਂ ਗੁਣਾਂ ਦਾ ਧਾਰਨੀ ਹੈ । ਸਮੁੱਚੀ ਕਵਿਤਾ ਦਾ ਇਕ ਕਾਵਿ-ਸ਼ਾਸਤਰ ਹੋ ਸਕਦਾ ਹੈ । ਇਸ ਵਿਚ ਕਵਿਤਾ ਦੇ ਆਮ ਗੁਣ, ਲੱਛਣ ਅਤੇ ਨਿਯਮ ਆਉਂਦੇ ਹਨ । ਪਰ ਇਸ ਸਾਧਾਰਣਤਾ ਦੇ ਵਿਰੋਧ ਵਿਚ ਪੰਜਾਬੀ ਕਾਵਿ-ਸ਼ਾਸਤਰ ਦੀ ਵਿਸ਼ੇਸ਼ਤਾ ਨੂੰ ਰਖਿਆ ਜਾ ਸਕਦਾ ਹੈ, ਇਵੇਂ ਹੀ ਪੰਜਾਬੀ ਕਾਵਿ-ਸ਼ਾਸਤਰ ਦੀ ਸਾਧਾਰਣਤਾ ਦੇ ਪ੍ਰਸੰਗ ਵਿਚ ਕਾਵਿ-ਲਹਿਰਾਂ ਦਾ ਜਾਂ ਧਾਰਾਵਾਂ ਜਾਂ ਕਾਲ ਪਰਿਪੇਖ ਦੀਆਂ ਵਿਸ਼ੇਸ਼ਤਾਵਾਂ ਦੇ ਆਧਾਰ ਤੇ ਵਿਸ਼ੇਸ਼ ਕਾਵਿ-ਸ਼ਾਸਤਰ ਦੀ ਗੱਲ ਕੀਤੀ ਜਾ ਸਕਦੀ ਹੈ । ਇਹ ਸਾਧਾਰਣ ਅਤੇ ਵਿਸ਼ੇਸ਼ ਦਾ ਚੱਕਰ ਸਾਡੀ ਜਾਚੇ ਕਵੀ ਵਿਸ਼ੇਸ਼ ਤੇ ਆ ਕੇ ਖ਼ਤਮ ਹੋ ਜਾਂਦਾ ਹੈ । ਮੈਂ ਇਸ ਪਰਿਪੇਖ ਵਿਚ ਰੱਖ ਕੇ ਪਾਸ਼ ਦੇ ਕਾਵਿ-ਸ਼ਾਸਤਰ ਨੂੰ ਨਕਸਲ-ਬਾੜੀ ਕਾਵਿ ਦੇ ਪ੍ਰਸੰਗ ਵਿਚ ਅਤੇ ਨਕਸਲਬਾੜੀ ਕਾਵਿ-ਲਹਿਰ ਨੂੰ ਪੰਜਾਬੀ ਕਾਵਿ-ਪਰੰਪਰਾ ਦੇ ਪ੍ਰਸੰਗ ਵਿਚ ਵਾਚਣ ਦੀ ਕੋਸ਼ਿਸ਼ ਕਰਾਂਗਾ ।

ਪਾਸ਼ ਰਾਜਸੀ ਕਵੀ ਸੀ, ਮੈਂ ਇਸ ਕਥਨ ਦੇ ਵਿਭਿੰਨ ਪਾਸਾਰਾਂ ਵਿਚ ਜਾਣਾ ਚਾਹੁੰਦਾ ਹਾਂ । ਮਾਰਕਸਵਾਦੀ ਸਾਹਿਤ ਸਮੀਖਿਆ ਸ਼ਾਸਤਰ ਦੇ ਪ੍ਰਵਾਨਤ ਸਿਧਾਂਤਾਂ ਅਨੁਸਾਰ ਆਮ ਧਾਰਨਾ ਪ੍ਰਸਤੁਤ ਕੀਤੀ ਜਾਂਦੀ ਹੈ ਕਿ ਕੋਈ ਵੀ ਲੇਖਕ ਵਰਗ ਵਿਚਾਰਧਾਰਾ ਤੋਂ ਮੁਕਤ ਨਹੀਂ ਹੁੰਦਾ । ਹਰ ਲੇਖਕ ਅਚੇਤ ਜਾਂ ਸੁਚੇਤ ਆਪਣੇ ਵਰਗ ਦੀ ਵਿਚਾਰਧਾਰਾ ਨੂੰ ਪੇਸ਼ ਕਰਦਾ ਹੈ, ਸੋ ਹਰ ਲੇਖਕ ਹੀ ਆਪਣੀ ਕ੍ਰਿਤ ਵਿਚ ਪੇਸ਼ ਵਿਚਾਰਧਾਰਾ ਕਾਰਨ ਰਾਜਸੀ ਕਵੀ ਹੁੰਦਾ ਹੈ । ਸੋ ਮਾਰਕਸਵਾਦੀ ਆਲੋਚਕ ਤਾਂ ਕਵੀ ਦੇ ਰਾਜਨੀਤੀ ਤੋਂ ਮੁਕਤ ਹੋਣਾ ਪਾਖੰਡ ਸਮਝਦੇ ਹਨ । ਪਰ ਵਿਚਾਰ ਕੀਤਿਆਂ ਪਤਾ ਲੱਗਦਾ ਹੈ ਕਿ ਹਰ ਲੇਖਕ ਦੀ ਕਿਰਤ ਵਿਚ, ਉਸ ਲੇਖਕ ਦਾ ਜੀਵਨ ਦ੍ਰਿਸ਼ਟੀਕੋਣ ਸਮਾਇਆ ਹੁੰਦਾ ਹੈ, ਜੋ ਯਥਾਰਥਕ ਜ਼ਿੰਦਗੀ ਦੇ ਵਿਭਿੰਨ ਪੱਖਾਂ ਨੂੰ ਕਲਾਤਮਿਕ ਸੰਗਠਨ ਵਿਚ ਪੇਸ਼ ਕਰਦਿਆਂ, ਇਕ

www.PunjabiLibrary.com

ਆਪਣਾ ਕਾਵਿਕ-ਨਿਆਂ ਸਥਾਪਿਤ ਕਰਦਾ ਹੈ। ਲੇਖਕ ਦੀ ਵਿਚਾਰਧਾਰਾ ਦਾ ਪਤਾ ਉਸਦੇ ਚੁਣੇ ਵਿਸ਼ੇ, ਵਰਗ ਜਾਂ ਉਸਦੇ ਸਵੈ-ਕਥਨਾਂ ਦੀ ਥਾਂ ਉਸਦੀ ਕ੍ਰਿਤ ਦੇ ਕਾਵਿਕ-ਨਿਆਂ ਦੀ ਦਿਸ਼ਾ ਤੋਂ ਲੱਗਦਾ ਹੈ। ਲੇਖਕ ਦੀ ਕ੍ਰਿਤ ਵਿਚ ਪੇਸ਼ ਵਿਚਾਰਧਾਰਾ ਹਮੇਸ਼ਾਂ ਕਿਸੇ ਨਾ ਕਿਸੇ ਵਰਗ ਦਾ ਹਿੱਤ ਪੂਰਦੀ ਹੋਣ ਕਾਰਨ, ਲੇਖਕ ਅਚੇਤ ਜਾਂ ਸੁਚੇਤ ਰਾਜਨੀਤੀ ਨਾਲ ਜੁੜ ਜਾਂਦਾ ਹੈ। ਪਰ ਇਸ ਆਧਾਰ ਉੱਪਰ ਕਿਸੇ ਲੇਖਕ ਨੂੰ ਰਾਜਸੀ ਕਵੀ ਕਹਿਣਾ ਤਰਕਸੰਗਤ ਨਹੀਂ ਹੈ। ਰਾਜਸੀ ਕਵੀ ਸਿਰਫ਼ ਉਸੇ ਨੂੰ ਕਿਹਾ ਜਾਵੇਗਾ ਜੋ ਆਪਣੇ ਵਿਸ਼ੇ ਅਤੇ ਸਮੱਸਿਆਵਾਂ ਲਈ ਰਾਜਸੀ ਯਥਾਰਥ ਨੂੰ ਪ੍ਰਮੁੱਖ ਬਣਾਉਂਦਾ ਹੈ ਜਾਂ ਫਿਰ ਉਸ ਦਾ ਦ੍ਰਿਸ਼ਟੀਕੋਣ ਸਪੱਸ਼ਟ ਤੌਰ ਤੇ ਰਾਜਸੀ ਸਮਾਚਾਰਾਂ ਤੋਂ ਪ੍ਰਭਾਵਿਤ ਹੋਵੇ। ਪਾਸ਼ ਰਾਜਸੀ ਕਵੀ ਸੀ, ਪਰ ਰਾਜਸੀ ਕਵੀ ਹੋਣਾ ਹੀ ਚੰਗੇ ਮਾੜੇ ਹੋਣ ਦਾ ਪ੍ਰਮਾਣ ਪੱਤਰ ਨਹੀਂ ਹੈ। ਪੰਜਾਬੀ ਕਾਵਿ ਪਰੰਪਰਾ ਵਿਚ ਸਥਾਪਤੀ ਵਿਰੋਧੀ, ਵਿਦਰੋਹੀ ਸੁਰ ਪ੍ਰਧਾਨ ਅਤੇ ਸਥਾਪਤੀ ਪੱਖੀ ਸੁਰ ਦੱਬਵੀਂ ਰਹੀ ਹੈ। ਸੋ ਪੰਜਾਬੀ ਕਾਵਿ-ਸ਼ਾਸਤਰ ਦਾ ਇਕ ਪ੍ਰਮੁੱਖ ਲੱਛਣ ਇਸ ਦਾ ਸਥਾਪਤੀ ਵਿਰੋਧੀ ਹੋਣਾ ਬਣਦਾ ਹੈ। ਮਾਰਕਸਵਾਦੀ ਸਮੀਖਿਆ ਦੀ ਇਹ ਆਮ ਧਾਰਨਾ ਹੈ ਅਤੇ ਪੰਜਾਬੀ ਸਮੀਖਿਆ ਦੀ ਖ਼ਾਸ ਧਾਰਨਾ ਹੈ ਕਿ ਸਥਾਪਤੀ ਵਿਰੋਧੀ ਕਾਵਿ ਚੰਗਾ ਹੁੰਦਾ ਹੈ। ਵਿਦਰੋਹੀ ਕਵੀ ਹੀ ਵਧੀਆ ਰਚਨਾ ਕਰ ਸਕਦਾ ਹੈ। ਮੈਂ ਵਿਚਾਰਵਾਨਾ ਦੀ ਨਜ਼ਰ ਇਸ ਨੁਕਤੇ ਤੇ ਕੇਂਦਰਤ ਕਰਣ ਦੀ ਗੁਸਤਾਖੀ ਕਰ ਰਿਹਾ ਹਾਂ ਕਿ ਕੀ ਸਥਾਪਤੀ ਪੱਖੀ ਕਵੀ ਕਦੇ ਕਦੇ ਵਧੀਆ ਕਵਿਤਾ ਨਹੀਂ ਰਚ ਸਕਦੇ ? ਜਾਂ ਉਸ ਦੇ ਉਲਟ ਰੁਖ਼ ਪ੍ਰਸ਼ਨ ਕਰੀਏ ਤਾਂ ਵਧੇਰੇ ਸਪਸ਼ਟਤਾ ਆਵੇਗੀ ਕਿ ਵਿਦਰੋਹੀ ਕਵੀ ਹਮੇਸ਼ਾਂ ਹੀ ਵਧੀਆ ਕਵਿਤਾ ਰਚਦੇ ਹਨ ? ਮੇਰੀ ਆਪਣੀ ਧਾਰਨਾ ਅਨੁਸਾਰ ਜਦੋਂ ਅਸੀਂ ਸਮਾਜ ਨੂੰ ਵਰਗਾਂ ਵਿਚ ਵੰਡਿਆ ਮੰਨਦੇ ਹਾਂ ਤਾਂ ਸਾਨੂੰ ਸੁਹਜਬੋਧ ਨੂੰ ਵੀ ਵਰਗ ਆਧਾਰਤ ਮੰਨਣਾ ਚਾਹੀਦਾ ਹੈ। ਭਾਵੇਂ ਇਹ ਖੇਤਰ ਅਤਿ-ਸੂਖਮ ਹੋਣ ਕਰਕੇ, ਇਸ ਦੇ ਸਥੂਲ ਨਿਯਮ ਨਿਰਧਾਰਤ ਕਰਨੇ ਮੁਸ਼ਕਲ ਹਨ, ਪਰ ਇਹ ਨਿਯਮਾਂ ਦੀ ਹੋਂਦ ਮਹਿਸੂਸ ਕੀਤੀ ਜਾ ਸਕਦੀ ਹੈ। ਸੋ ਸਥਾਪਤੀ ਪੱਖੀ ਕਵੀ ਜਿਸ ਵਰਗ ਲਈ ਰਚਨਾ ਕਰਦਾ ਹੈ, ਉਸ ਵਰਗ ਨੂੰ ਚੰਗੀ ਜਾਂ ਮਾੜੀ ਲੱਗਦੀ ਹੋਵੇਗੀ। ਸਾਡੇ ਵਰਗ ਵਿਰੋਧੀ ਹੋਣ ਕਾਰਨ ਫਜ਼ੂਲ ਦੀ ਥਾਂ ਹਮੇਸ਼ਾਂ ਹੀ ਨਫ਼ਰਤ ਦੀ ਪਾਤਰ ਰਹੇਗੀ। ਮੈਂ ਇੱਥੇ ਫਿਰ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਪੰਜਾਬੀ ਕਾਵਿ-ਪਰੰਪਰਾ ਦਾ ਗੁਣ ਸਥਾਪਤੀ ਵਿਰੋਧੀ ਰਿਹਾ ਹੈ, ਜਦੋਂ ਕਿ ਨਕਸਲਬਾੜੀ ਲਹਿਰ ਦਾ ਵਿਸ਼ੇਸ਼ ਗੁਣ ਸਥਾਪਤੀ ਵਿਰੋਧੀ ਰਿਹਾ ਹੈ। ਪਾਸ਼ ਦੀਆਂ ਨਜ਼ਮਾਂ ਵੀ ਸਥਾਪਤੀ ਵਿਰੋਧ ਦਾ ਕਲਾਤਮਿਕ ਪ੍ਰਗਟਾ ਸਨ। ਪਰ ਸਿਰਫ਼ ਵਿਦਰੋਹੀ ਹੋਣਾ ਹੀ ਚੰਗੀ ਕਵਿਤਾ ਦੀ ਨਿਸ਼ਾਨੀ ਨਹੀਂ ਹੈ। ਨਕਸਲਬਾੜੀ ਲਹਿਰ ਦੇ ਉਭਾਰ ਨਾਲ ਬਹੁਤ ਸਾਰੇ ਕਵੀਆਂ ਨੇ ਰਚਨਾ ਸ਼ੁਰੂ ਕੀਤੀ ਅਤੇ ਬਾਅਦ ਵਿਚ ਤਾਂ ਨਕਲਚੂ ਕਵਿਤਾ ਦਾ ਹੜ੍ਹ ਆ ਗਿਆ। ਪਰ ਸਾਡੇ ਕੋਲ ਨਕਸਲਬਾੜੀ ਲਹਿਰ ਨਾਲ ਸਬੰਧਤ ਪਾਸ਼, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਓਮ ਪ੍ਰਕਾਸ਼, ਸੁਰਜੀਤ ਪਾਤਰ, ਅਮਰਜੀਤ ਚੰਦਨ, ਮਿੰਦਰ ਪਾਲ ਭੱਠਲ, ਦਰਸ਼ਨ ਖਟਕੜ ਅਤੇ ਜਸਵੰਤ ਖਟਕੜ ਬੱਸ ਉਂਗਲਾਂ ਤੇ ਗਿਣੇ ਜਾਣ ਵਾਲੇ ਹੀ ਨਾਂ ਹਨ। ਬਾਕੀ ਕਵੀ ਵੀ ਤਾਂ ਵਿਦਰੋਹੀ ਕਵੀ ਸਨ। ਪਰ ਉਨ੍ਹਾਂ ਦੀ ਕਵਿਤਾ ਉਸ ਉੱਚਤਾ ਨੂੰ ਕਿਉਂ ਨਾ ਪੁੱਜ ਸਕੀ ? ਸਿਰਫ਼ ਵਿਦਰੋਹੀ ਸੁਰ ਰੱਖ ਕੇ ਹੀ ਚੰਗਾ ਕਵੀ ਨਹੀਂ ਬਣ ਸਕਦਾ। ਸੋ ਪੰਜਾਬੀ ਕਾਵਿ-ਸ਼ਾਸਤਰ ਦੇ ਪ੍ਰਸੰਗ ਵਿਚ ਸਥਾਪਤੀ ਵਿਰੋਧੀ ਹੋਣਾ ਆਮ ਲੱਛਣ ਹੈ, ਪਰ ਪਾਸ਼ ਅਤੇ ਨਕਸਲਬਾੜੀ ਲਹਿਰ ਦੀ ਕਵਿਤਾ ਦੇ ਪ੍ਰਸੰਗ ਵਿਚ ਇਹ ਖ਼ਾਸ ਲੱਛਣ ਹੋ ਨਿਬੜਦਾ ਹੈ।

www.PunjabiLibrary.com

ਸਮਾਜ ਵਿਚ ਪਹਿਲਾਂ ਅਸਲ ਜੀਵਨ ਹਾਲਤਾਂ ਬਦਲਦੀਆਂ ਹਨ, ਫਿਰ ਉਨ੍ਹਾਂ ਤੋਂ ਵਿਚਾਰ ਉਪਜਦੇ ਹਨ, ਉਨ੍ਹਾਂ ਵਿਚਾਰਾਂ ਦੇ ਇਕ ਪ੍ਰਗਟਾ ਰੂਪ ਵਜੋਂ ਕਵਿਤਾ ਹੋਂਦ ਵਿਚ ਆਉਂਦੀ ਹੈ। ਸਮਾਜ ਵਿਚ ਪੈਦਾ ਹੋਏ ਵਿਚਾਰਾਂ ਨੂੰ ਕਵੀ ਆਪਣੇ ਕਾਵਿ-ਬਿੰਬਾਂ ਰਾਹੀਂ ਪੇਸ਼ ਕਰਦਾ ਹੈ। ਕਿਸੇ ਕਵਿਤਾ ਦੀ ਉੱਚੀ ਜਾਂ ਨੀਵੀਂ ਹੋਣ ਦਾ ਕਾਰਨ ਕਵੀ ਦਾ ਸਮਕਾਲੀ ਸਥਿਤੀਆਂ ਤੋਂ ਉਤਪੰਨ ਵਿਚਾਰਾਂ ਨੂੰ ਕਾਵਿ-ਬਿੰਬਾਂ ਵਿਚ ਢਾਲਣ ਦੀ ਸਮਰਥਾ 'ਚ ਨਿਹਿਤ ਹੈ। ਪੰਜਾਬੀ ਕਾਵਿ-ਸ਼ਾਸਤਰ ਦੇ ਪ੍ਰਸੰਗ ਵਿਚ ਸੋਚਿਆਂ ਸਪੱਸ਼ਟ ਹੁੰਦਾ ਹੈ ਕਿ ਪੰਜਾਬੀ ਵਿਚ ਤਕਰੀਬਨ ਹਰ ਰਾਜਨੀਤਿਕ, ਧਾਰਮਿਕ ਜਾਂ ਸਮਾਜਿਕ ਲਹਿਰ ਨੇ ਅਨੁਰੂਪੀ ਆਪਣੀ ਕਵਿਤਾ ਨੂੰ ਜਨਮ ਦਿੱਤਾ। ਨਕਸਲਬਾੜੀ ਲਹਿਰ ਨੇ ਵੀ ਆਪਣੇ ਅਨੁਰੂਪ ਨਕਸਲਬਾੜੀ ਕਾਵਿ ਨੂੰ ਜਨਮ ਦਿੱਤਾ। ਨਕਸਲਬਾੜੀ ਦੀ ਰਾਜਸੀ ਲਹਿਰ ਦੇ ਕਈ ਲੱਛਣਾਂ ਅਤੇ ਵਿਚਾਰਾਂ ਨੂੰ ਨਕਸਲਬਾੜੀ ਕਾਵਿ-ਲਹਿਰ ਨੇ ਵੀ ਅਪ-ਣਾਇਆ। ਨਕਸਲਬਾੜੀ ਰਾਜਸੀ ਲਹਿਰ ਨੇ ਦੇਸ਼ ਭਰ ਵਿਚ ਆਜ਼ਾਦੀ ਉਪਰੰਤ ਪਹਿਲੀ ਵਾਰ ਲੋਕਾਂ ਨੂੰ ਦੇਸ਼ ਦੇ ਬੁਰਜੂਆ ਨੇਤਾਵਾਂ ਵੱਲੋਂ ਦਿੱਤੀ ਜਾਂਦੀ ਅਖੌਤੀ ਦੇਸ਼-ਭਗਤੀ ਦੀ ਲੋਰੀ ਅਧੀਨ 'ਪ੍ਰਗਤੀ ਦੀ ਨੀਂਦ' ਅੰਦਰ ਦਿਖਾਏ ਜਾ ਰਹੇ ਸਮਾਜਵਾਦੀ ਸੁਪਨੇ ਤੋਂ ਜਗਾ ਕੇ, ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦੇ ਸਨਮੁੱਖ ਖੜ੍ਹਾ ਹੋਣ ਲਈ ਵੰਗਾਰਿਆ। ਅਸਲੀ ਸਮਾਜਵਾਦ ਲਈ ਸੰਘਰਸ਼ ਦਾ ਰਾਹ ਦਰਸਾਇਆ। ਨਕਸਲਬਾੜੀ ਲਹਿਰ ਦੀ ਵਿਚਾਰਧਾਰਾ ਵਿਚ ਪਹਿਲੀ ਗੱਲ ਹਥਿਆਰਬੰਦ ਇਨਕਲਾਬ ਦੀ ਸੀ, ਇਸ ਲਈ ਉਸ ਨੇ 'ਪਾਰਲੀਮਾਨੀ ਰਾਹ' ਨੂੰ ਮੁਕੰਮਲ ਬੰਦ ਕਰ ਦਿੱਤਾ। ਲੋਕਾਂ ਪਾਰਲੀਮਾਨੀ ਰਾਹ ਤੇ ਚੱਲਦਿਆਂ ਅੱਕੇ ਪਏ ਸੀ ਕਿਉਂਕਿ ਪਾਰਲੀਮਾਨੀ ਢੰਗ ਨਾਲ ਜ਼ਿੰਦਗੀ ਨਹੀਂ ਬਦਲਦੀ ਸੀ, ਸਿਰਫ਼ ਸਰਕਾਰ ਬਦਲਦੀ ਸੀ। ਅਸਲ ਵਿਚ ਤਾਂ ਸਰਕਾਰ ਵੀ ਨਹੀਂ ਬਦਲਦੀ ਸੀ। ਕਾਂਗਰਸ ਦਾ ਹੀ ਰਾਜ ਰਿਹਾ ਸੀ। ਸਰਕਾਰ ਲੋਕਾਂ ਲਈ ਅਮਨ/ਸ਼ਾਂਤੀ ਦਾ ਰਾਗ ਅਲਾਪਦੀ ਆਪ ਡੰਡੇ ਨਾਲ ਰਾਜ ਕਰ ਰਹੀ ਸੀ। ਦੇਸ਼ ਦੇ ਅਜਿਹੇ ਸਿਆਸੀ ਪ੍ਰਬੰਧ ਨੇ ਬੁਰਜੂਆ ਸੰਕਲਪਾਂ ਪ੍ਰਤੀ ਚਿੜ ਪੈਦਾ ਕਰ ਦਿੱਤੀ। ਪੂਰਵ ਨਕਸਲਬਾੜੀ ਕਾਵਿ ਵਿਚ ਸਮਾਜਵਾਦ, ਸ਼ਾਂਤੀ, ਕੌਮੀ ਏਕਤਾ ਆਦਿ ਹਾਂ-ਪੱਖੀ ਢੰਗ ਨਾਲ ਚਿਤਰਿਤ ਹੋਏ ਸਨ। ਪਰ ਬਦਲੀ ਸਿਆਸੀ ਸਮਾਜਿਕ ਹਾਲਤ ਵਿਚ ਨਕਸਲਬਾੜੀ ਕਾਵਿ-ਲਹਿਰ ਦੇ ਕਵੀਆਂ ਨੇ ਇਨ੍ਹਾਂ ਸੰਕਲਪਾਂ ਦੇ ਮੁੱਢੋਂ ਹੀ ਪਰਖਚੇ ਉੜਾ ਦਿੱਤੇ। ਇਸ ਸਬੰਧੀ ਪਾਸ਼ ਦੀ ਪੂਰੀ ਨਜ਼ਮ ਹੀ ਉਧਰਿਤ ਕਰਨੀ ਯੋਗ ਹੋਵੇਗੀ :

ਮੈਂ ਟਿਕਟ ਖ਼ਰਚ ਕੇ
ਤੁਹਾਡਾ ਜਮਹੂਰੀਕਤ ਦਾ ਨਾਟ ਦੇਖਿਆ
ਹੁਣ ਤਾਂ ਮੇਰਾ ਨਾਟਕ ਹਾਲ ਵਿਚ ਬਹਿ ਕੇ
ਹਾਏ ਹਾਏ ਆਖਣ ਤੇ ਚੀਕਾਂ ਮਾਰਨ ਦਾ
ਹੱਕ ਬਣਦਾ ਹੈ।
ਤੁਸਾਂ ਵੀ ਟਿਕਟ ਦੀ ਵਾਰੀ
ਟਕੇ ਦੀ ਛੋਟ ਨਹੀਂ ਕੀਤੀ
ਤੇ ਮੈਂ ਵੀ ਆਪਣੀ ਪਸੰਦ ਦੀ ਬਾਂਹ ਫੜ ਕੇ
ਗੱਦੇ ਪਾੜ ਸੁੱਟਾਂਗਾ
ਤੇ ਪਰਦੇ ਸਾੜ ਸੁੱਟਾਂਗਾ।

(ਲੋਹ ਕਥਾ, ਪੰਨਾ 26)

www.PunjabiLibrary.com

ਸ਼ਾਂਤੀ ਦੀ ਥਾਂ ਯੁੱਧ ਦੀ ਤਰਜੀਹ ਇਉਂ ਹੈ :

ਸ਼ਾਂਤੀ ਮੰਗਣ ਦਾ ਅਰਥ
ਯੁੱਧ ਨੂੰ ਜ਼ਲੀਲਤਾ ਦੇ ਪੱਧਰ ਤੇ ਲੜਨਾ ਹੈ
ਸ਼ਾਂਤੀ ਕਿਤੇ ਨਹੀਂ ਹੁੰਦੀ ਹੈ………

(ਸਾਡੇ ਸਮਿਆਂ ਵਿਚ)

ਨਕਸਲਬਾੜੀ ਲਹਿਰ ਦੀ ਕਵਿਤਾ ਨੂੰ ਤਿੰਨ ਪੜਾਵਾਂ ਵਿਚ ਵੰਡਿਆ ਜਾ ਸਕਦਾ ਹੈ—ਲੜਾਈ ਤੋਂ ਪਹਿਲਾਂ, ਲੜਾਈ ਦੇ ਦਰਮਿਆਨ ਅਤੇ ਲੜਾਈ ਤੋਂ ਪਿੱਛੋਂ ਦੀ ਕਵਿਤਾ। ਇਹ ਨਕਸਲਬਾੜੀ ਸਿਆਸੀ ਲਹਿਰ ਦੀ ਚੜ੍ਹਾਈ, ਉਤਰਾਈ ਅਤੇ ਸਮਾਪਤੀ ਦੇ ਦੌਰ ਨਾਲ ਸਮਕਾਲੀਨ ਹੈ। ਹਰ ਮਨੁੱਖ ਨੂੰ ਵਸਤੂ-ਯਥਾਰਥ ਵਿਚ ਜੋ ਕੁਝ ਹਿੱਸੇ ਆਉਂਦਾ ਹੈ, ਜਦੋਂ ਹੱਕੀ ਤੌਰ ਤੇ ਪ੍ਰਾਪਤ ਨਹੀਂ ਹੁੰਦਾ ਤਾਂ, ਉਸ ਨੂੰ ਪ੍ਰਾਪਤ ਕਰਨ ਲਈ ਦੋ ਢੰਗ ਹਨ। ਇਕ ਤਾਂ ਅਪ੍ਰਾਪਤ ਨੂੰ ਸੁਪਨ ਯਥਾ-ਰਥ ਵਿਚ ਪ੍ਰਾਪਤ ਕਰਨਾ, ਦੂਜਾ ਅਪ੍ਰਾਪਤ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਕਰਨਾ ਹੈ। ਪਰ ਇਹ ਸੰਘਰਸ਼ ਵੀ ਅੱਗੋਂ ਦੋ ਭਾਗਾਂ ਵਿਚ ਵਿਭਾਜਤ ਹੋ ਜਾਂਦਾ ਹੈ—ਇਕ ਆਪਣੇ ਨਿੱਜ ਲਈ ਕੁਝ ਪ੍ਰਾਪਤ ਕਰਨਾ, ਦੂਸਰਾ ਸਮੂਹ ਲੋਕਾਂ ਵਿਚ ਸ਼ਾਮਲ ਹੋ ਕੇ, ਸਮੂਹ ਲੋਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ। ਪਾਸ਼ ਉਸ ਵਿਚਾਰਧਾਰਾ ਦਾ ਕਵੀ ਸੀ, ਜੋ ਜਮਾਤੀ ਸੰਗਰਾਮ ਦੀ ਧਾਰਨਾ ਨੂੰ ਲੈ ਕੇ ਚਲਦੀ ਸੀ। ਕਵੀ ਸ਼ੋਸ਼ਿਤ ਵਰਗ ਦਾ ਬੁਲਾਰਾ ਬਣ ਕੇ ਪੇਸ਼ ਹੁੰਦਾ ਹੈ। ਸ਼ੋਸ਼ਿਤ ਵਰਗ ਵਿਚ ਹੱਕਾਂ ਦੇ 'ਲੜਨ ਦੀ ਲੋੜ' ਦੀ ਸੋਝੀ ਆਉਣਾ ਪਹਿਲਾ ਪੜਾਅ ਹੈ :

ਉੱਡ ਗਏ ਹਨ, ਬਾਜ਼ ਚੁੰਝਾਂ ਵਿਚ ਲੈ ਕੇ
ਸਾਡੀ ਚੈਨ ਦਾ ਪਲ ਬਿਤਾ ਸਕਣ ਦੀ ਖਾਹਿਸ਼
ਦੋਸਤੋ ਹੁਣ ਚਲਿਆ ਜਾਵੇ
ਉਡਦਿਆਂ ਬਾਜ਼ਾਂ ਮਗਰ………

(ਉਡਦੇ ਬਾਜ਼ਾਂ ਮਗਰ, ਪੰਨਾ-5)

ਇਸ ਤੋਂ ਵੀ ਅੱਗੇ ਜਦੋਂ ਸਥਾਪਤ ਜਮਾਤਾਂ ਹੱਕ ਸੱਚ ਦੇ ਰਾਹ ਤੇ ਚਲਦਿਆਂ ਚੇਤੰਨਸ਼ੀਲ ਲੋਕਾਂ ਤੇ ਅਣਮਨੁੱਖੀ ਤਸ਼ੱਦਦ ਕਰਦੀਆਂ ਹਨ ਤਾਂ ਲੜਨ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਰਹਿ ਜਾਂਦਾ :

ਕਾਨੂੰਨ ਰੱਖਿਆ ਕੇਂਦਰ ਵਿਚ
ਪੁੱਤਰਾਂ ਨੂੰ ਮਾਵਾਂ ਤੇ ਚੜ੍ਹਾਇਆ ਜਾਂਦਾ ਹੈ...

(ਲੋਹ ਕਥਾ, ਪੰਨਾ-11)

ਜ਼ਿੰਦਗੀ ਦੇ ਹਰ ਖੇਤਰ ਵਿਚ (ਕੋੜ) ਦਾ ਪਸਾਰਾ ਹੋ ਜਾਂਦਾ ਹੈ। ਜ਼ਿੰਦਗੀ ਵਿਚ ਕੁਝ ਵੀ ਹੋਰ ਕਰਨ ਤੋਂ ਪਹਿਲਾਂ (ਕੋੜ) ਨਾਲ ਲੜਨਾ ਜ਼ਰੂਰੀ ਹੋ ਜਾਂਦਾ ਹੈ। ਕਵੀ ਜ਼ਿੰਦਗੀ ਦੇ (ਕੋੜ) ਪਖ ਦਾ ਮੂਲ ਲੱਭਦਾ ਹੈ :

ਸ਼ਹਿਰਾਂ ਵਿਚ ਮੈਂ ਥਾਂ ਥਾਂ ਕੋੜ ਦੇਖਿਆ
ਪ੍ਰਕਾਸ਼ਨਾਂ ਵਿਚ, ਕੈਰਿਆਂ ਵਿਚ

www.PunjabiLibrary.com

ਦਫ਼ਤਰਾਂ ਵਿਚ, ਥਾਣਿਆਂ ਵਿਚ
ਅਤੇ ਮੈਂ ਦੇਖਿਆ, ਇਹ ਕੋੜ ਦੀ ਨਦੀ
ਦਿੱਲੀ ਦੇ ਗੋਲ ਪਰਬਤ ਵਿਚੋਂ ਸਿੰਮਦੀ ਹੈ ।

(ਲੋਹ ਕਥਾ, ਪੰਨਾ 14)

ਇਸ ਪ੍ਰਕਾਰ ਦੀਆਂ ਅਣਮਨੁੱਖੀ ਜਿਊਣ ਹਾਲਤਾਂ ਨੂੰ ਬਦਲਣ ਲਈ ਹੋ ਰਹੀ ਲੜਾਈ ਵਿਚ ਕਵੀ ਆਪਣੇ ਸ਼ਾਮਲ ਹੋਣ ਦਾ ਐਲਾਨ ਇਉਂ ਕਰਦਾ ਹੈ :

ਮੈਂ ਹਾਲਾਤ ਨਾਲ ਸਮਝੌਤਾ ਕਰਕੇ
ਸਾਹ ਘੜੀਸਣੇ ਨਹੀਂ ਚਾਹੁੰਦਾ
ਮੇਰੇ ਯਾਰ
ਮੈਨੂੰ ਇਸ ਕਤਲੇਆਮ ਵਿਚ ਸ਼ਰੀਕ ਹੋ ਜਾਣ ਦਿਓ......

(ਲੋਹ ਕਥਾ, ਪੰਨਾ 18)

ਪੰਜਾਬੀ ਕਵਿਤਾ ਵਿਚ ਜ਼ਿੰਦਗੀ ਦੇ ਅਣਮਨੁੱਖੀ ਪੱਖਾਂ ਦਾ ਜ਼ਿਕਰ ਪਹਿਲਾਂ ਵੀ ਹੁੰਦਾ ਸੀ । ਪਰ ਨਕਸਲਬਾੜੀ ਕਾਵਿ ਵਿਚ ਇਨ੍ਹਾਂ ਅਣਮਨੁੱਖੀ ਪੱਖਾਂ ਦਾ ਕਾਰਨ ਸਮਕਾਲੀਨ ਆਰਥਿਕ ਸਿਆਸੀ ਢਾਂਚੇ ਨੂੰ ਮੰਨਿਆ, ਸਿੱਧਾ ਹਥਿਆਰਬੰਦ ਕ੍ਰਾਂਤੀ ਦਾ ਸੱਦਾ ਦਿੱਤਾ । ਪਾਸ਼ ਇਸ ਸਿਆਸੀ ਸੱਦੇ ਦਾ ਕਲਾਤਮਿਕ ਪ੍ਰਗਟਾ ਸੀ । ਇਥੇ ਪਾਸ਼ ਦੀ ਕਵਿਤਾ ਦੂਸਰੇ ਨਕਸਲਬਾੜੀ ਕਾਵਿ ਦੇ ਸਮਾਨਅੰਤਰ ਹੀ ਹੈ । ਪਰ ਦੂਜੇ ਪੜਾਅ ਭਾਵ ਲੜਾਈ ਦੇ ਦਰਮਿਆਨ ਦੀਆਂ ਨਜ਼ਮਾਂ ਵਿਚ ਪੇਸ਼ ਮਨੋਭਾਵ ਪਹਿਲਾਂ ਪੰਜਾਬੀ ਕਵਿਤਾ ਦਾ ਅੰਗ ਨਹੀਂ ਸਨ ਕਿਉਂਕਿ ਜਮਾਤੀ ਆਧਾਰ ਤੇ ਲੜਾਈ ਦਾ ਬਿਗਲ ਹੀ ਪਹਿਲੀ ਵਾਰ ਵੱਜਿਆ ਸੀ । ਲੜਾਈ ਦੇ ਦਰਮਿਆਨ ਦੇ ਅਨੁਭਵ ਨੂੰ ਪ੍ਰਗਟਾਂਦੀਆਂ ਕਵਿਤਾਵਾਂ ਵਿਚ ਪਾਸ਼ ਨੇ ਹਥਿਆਰਬੰਦ ਕ੍ਰਾਂਤੀ ਦੇ ਨਾਲੋ ਨਾਲ ਸਭਿਆਚਾਰਕ-ਸਮਾਜਿਕ ਖੇਤਰਾਂ ਵਿਚ ਤਬਦੀਲੀ ਲਿਆਉਣ ਦੀ ਲੋੜ ਅਭਿਵਿਅਕਤ ਕੀਤੀ ਸੀ । ਪਾਸ਼ ਦੀਆਂ ਕਵਿਤਾਵਾਂ ਵਿਚ ਸਮਕਾਲੀ ਨਕਸਲਬਾੜੀ ਕਵੀਆਂ ਦੀਆਂ ਕਵਿਤਾਵਾਂ ਵਿਚ ਪੇਸ਼ ਸਵੈ-ਕੁਰਬਾਨੀ ਦੇ ਜਜ਼ਬਿਆਂ ਦੀ ਥਾਂ 'ਜ਼ਿੰਦਗੀ ਦਾ ਮੋਹ' ਜ਼ਿਆਦਾ ਅਭਿਵਿਅਕਤ ਹੋਇਆ ਹੈ । ਇਹ ਲੱਛਣ ਉਸ ਨੂੰ ਬਾਕੀ ਸਮਕਾਲੀ ਕਵੀਆਂ ਨਾਲੋਂ ਨਿਖੇੜਦਾ ਹੈ । ਲੜਾਈ ਤੋਂ ਪਿੱਛੋਂ ਦੀਆਂ ਕਵਿਤਾਵਾਂ ਵਿਚ ਕਵੀ ਦੀਆਂ ਸਵੈ-ਪੜਚੋਲ ਦੀਆਂ ਕਵਿਤਾਵਾਂ ਆਉਂਦੀਆਂ ਹਨ, ਜਿਨ੍ਹਾਂ ਵਿਚੋਂ 'ਕਾਮਰੇਡ ਨਾਲ ਗੱਲਬਾਤ' ਪ੍ਰਮੁੱਖ ਹੈ । ਸਵੈ-ਪੜਚੋਲ ਦੀਆਂ ਕਵਿਤਾਵਾਂ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਉਹ ਸੋਚ ਸਮਝ ਕੇ ਲੜਾਈ ਵਿਚ ਕੁੱਦਿਆ ਸੀ ਅਤੇ ਉਸ ਨੂੰ ਆਪਣੀ ਲੜੀ ਲੜਾਈ ਦਾ ਕੋਈ ਅਫ਼ਸੋਸ ਨਹੀਂ । ਕਵੀ ਆਪਣੀ ਹਾਰ ਤੋਂ ਥੋੜ੍ਹਾ ਨਿਰਾਸ਼ ਅਵੱਸ਼ ਹੈ, ਪਰ ਉਹ ਲੜੀ ਲੜਾਈ ਨੂੰ ਗ਼ਲਤ ਕਹਿ ਕੇ ਵਾਅਦਾ ਮੁਆਫ਼ ਗਵਾਹ ਨਹੀਂ ਬਣਦਾ, ਸਗੋਂ ਕਵੀ ਅੰਤਿਮ ਰੂਪ ਵਿਚ ਲੜਾਈ ਲਈ ਹਾਲੇ ਵੀ ਦ੍ਰਿੜ੍ਹ ਹੈ । ਉਹ ਆਪਣੀ ਹਾਰ ਪ੍ਰਤੀ ਚੇਤਨ ਹੈ, ਪਰ ਜਿੱਤ ਪ੍ਰਤੀ ਉਸ ਦਾ ਵਿਸ਼ਵਾਸ ਵੀ ਕਾਇਮ ਰਹਿੰਦਾ ਹੈ ਅਤੇ ਇਹ ਵਿਸ਼ਵਾਸ ਮਾਰਕਸਵਾਦੀ ਦਰਸ਼ਨ ਨਾਲ ਪ੍ਰਤੀਬੱਧਤਾ ਦੇ ਨਾਲ ਨਾਲ 'ਲੜ ਕੇ ਮਰ ਚੁੱਕਿਆਂ ਦੀ ਯਾਦ ਜ਼ਿੰਦਾ' ਰੱਖਣ ਕਾਰਨ ਵੀ ਹੈ ।

www.PunjabiLibrary.com

ਅਸੀਂ ਲੜਾਂਗੇ
ਕਿ ਲੜਨ ਬਾਝੋਂ ਕੁਝ ਵੀ ਨਹੀਂ ਮਿਲਦਾ
ਅਸੀਂ ਲੜਾਂਗੇ
ਕਿ ਹਾਲੇ ਤਕ ਲੜੇ ਕਿਉਂ ਨਹੀਂ
ਅਸੀਂ ਲੜਾਂਗੇ
ਆਪਣੀ ਸਜ਼ਾ ਕਬੂਲਣ ਲਈ
ਲੜ ਕੇ ਮਰ ਚੁੱਕਿਆਂ ਦੀ ਯਾਦ ਜ਼ਿੰਦਾ ਰੱਖਣ ਲਈ
ਅਸੀਂ ਲੜਾਂਗੇ ਸਾਥੀ.

(ਉਡਦੇ ਬਾਜ਼ਾਂ ਮਗਰ, ਪੰਨਾ 27)

ਪਾਸ਼ ਨੇ ਆਪਣੀਆਂ ਕਵਿਤਾਵਾਂ ਵਿਚ 'ਲੜਨ ਦੀ ਲੋੜ' ਨੂੰ ਇਤਿਹਾਸਕ ਗਤੀ ਦੇ ਅਟੱਲ ਹਾਦਸੇ ਵਜੋਂ ਪੇਸ਼ ਕੀਤਾ ਹੈ। ਜਿਸ ਲਈ ਉਹ ਆਪਣੇ ਲੜਾਈ ਦਰਮਿਆਨ ਹੋਣ ਨੂੰ ਇਤਿਹਾਸਕ ਵਿਵੇਕ ਦਾ ਲਾਜ਼ਮੀ ਅਤੇ ਇਕੋ ਇਕ ਸਿੱਟਾ ਮੰਨਦਾ ਹੈ। 'ਯੁੱਧ ਤੋਂ ਬਾਅਦ' ਉਹ ਆਪਣੀ ਲੜਾਈ ਦੀ ਸਵੈ-ਪੜਚੋਲ ਕਰਦਿਆਂ ਇਕ ਵਾਰ ਫਿਰ 'ਲੜਨ ਦੀ ਲੋੜ' ਨੂੰ ਕਾਵਿਕ-ਨਿਆਂ ਵਿਚ ਪੇਸ਼ ਕਰਦਾ ਹੈ :

ਅਸੀਂ ਜਿਨ੍ਹਾਂ ਨੇ ਯੁੱਧ ਨਹੀਂ ਕੀਤਾ
ਤੇਰੇ ਸਾਊ ਪੁੱਤ ਨਹੀਂ ਹਾਂ ਜ਼ਿੰਦਗੀ
ਉਂਜ ਅਸੀਂ ਸਦਾ ਸਾਊ ਬਣਨਾ ਲੋਚਦੇ ਰਹੇ ਹਾਂ।

(ਸਾਡੇ ਸਮਿਆਂ ਵਿਚ, ਪੰਨਾ 21)

ਪਾਸ਼ ਨੇ 'ਲੜਾਈ ਤੋਂ ਪਿਛੋਂ' ਦੀਆਂ ਕਵਿਤਾਵਾਂ ਵਿਚ ਸਮਕਾਲੀ ਯਥਾਰਥ ਦੇ ਸਿਰਫ਼ ਰਾਜਸੀ ਮੁਹਾਵਰੇ ਵਿਚ ਬਿਆਨਣ ਦੀ ਰੁਚੀ ਛੱਡ ਕੇ ਸਮਕਾਲੀ ਯਥਾਰਥ ਨੂੰ ਜਮਾਤੀ ਦ੍ਰਿਸ਼ਟੀਕੋਣ ਤੋਂ ਆਲੋਚਨਾਤਮਿਕ ਢੰਗ ਨਾਲ ਸਭਿਆਚਾਰਕ ਚੌਖਟੇ ਵਿਚ ਰੱਖ ਕੇ ਸਾਹਿਤਕ ਮੁਹਾਵਰੇ ਵਿਚ ਮਾਨਵੀ ਸੰਵੇਦਨਾ ਸਹਿਤ ਅਭਿਵਿਅਕਤ ਕੀਤਾ। ਉਸ ਦੀਆਂ ਇਸ ਕੋਟੀ ਦੀਆਂ ਕਵਿਤਾਵਾਂ 'ਜਿਥੇ ਕਵਿਤਾ ਖ਼ਤਮ ਨਹੀਂ ਹੁੰਦੀ', 'ਮੈਂ ਹੁਣ ਵਿਦਾ ਹੁੰਦਾ ਹਾਂ', 'ਛੰਨੀ', 'ਚਿੜੀਆਂ ਦਾ ਚੰਬਾ', 'ਕਲਾਮ ਮਿਰਜ਼ਾ' ਪ੍ਰਮੁੱਖ ਹਨ। ਉਸ ਨੇ ਸਭਿਆਚਾਰਕ-ਸਮਾਜਿਕ ਸੰਕਲਪਾਂ ਨੂੰ ਪੁਨਰ ਪਰਿਭਾਸ਼ਤ ਹੀ ਨਹੀਂ ਕੀਤਾ ਸਗੋਂ ਰੋਜ਼ਾਨਾ ਜੀਵਨ ਦੀ ਨੀਰਸਤਾ, ਲਾਚਾਰੀ, ਬੇਰੁਖੀ ਨੂੰ ਆਪਣੀ ਸੰਵੇਦਨਸ਼ੀਲ ਅੱਖ ਨਾਲ ਗ੍ਰਹਿਣ ਕਰਕੇ, ਜਮਾਤੀ ਨਜ਼ਰੀਏ ਤੋਂ ਇਸ ਢੰਗ ਨਾਲ ਅਭਿਵਿਅਕਤ ਕੀਤਾ ਹੈ ਕਿ ਪਾਠਕ ਨੂੰ ਆਪਣੀ ਵਰਤਮਾਨ ਸਥਿਤੀ ਦਾ ਬੋਧ ਹੋ ਜਾਂਦਾ ਹੈ :

ਛੰਨੀ ਤਾਂ ਛੰਨੀ ਹੋਦੀ
ਪਰ ਗੁੱਡੀਏ ਤੇਰੇ ਗੀਤਾਂ ਨਾਲ
ਤੇਰੇ ਵੀਰ ਨੂੰ ਬੰਨੀ ਨਹੀਂ ਲੱਭਣੀ
ਉਸ ਨੂੰ ਤਾਂ ਮਾਰ ਜਾਏਗਾ
ਬਾਬਲ ਦੀ ਘੱਟ ਜ਼ਮੀਨ ਦਾ ਪਰਛਾਵਾਂ

(ਸਾਡੇ ਸਮਿਆਂ ਵਿਚ, ਪੰਨਾ 16)

www.PunjabiLibrary.com

ਜਾਂ
ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ
ਐਥੇ ਹੀ ਉਰ੍ਹੇ ਪਰ੍ਹੇ ਬੰਨਿਆਂ ਤੇ ਘਾਹ ਖੋਤੇਗਾ

(ਸਾਡੇ ਸਮਿਆਂ ਵਿਚ, ਪੰਨਾ 19)

ਨਕਸਲਬਾੜੀ ਕਾਵਿ ਦਾ ਵੱਡਾ ਹਿੱਸਾ 'ਲੜਾਈ ਤੋਂ ਪਹਿਲਾਂ' ਅਤੇ 'ਦਰਮਿਆਨ' ਦੇ ਪੜਾਅ ਦੀਆਂ ਕਵਿਤਾਵਾਂ ਤੋਂ ਬਾਅਦ ਸ਼ਾਂਤ ਹੋ ਜਾਂਦਾ ਹੈ ਜਾਂ ਫਿਰ ਪਹਿਲਾਂ ਵਾਲੀ ਪਹਿਚਾਣ ਨੂੰ ਕਾਇਮ ਰੱਖਣ ਲਈ ਸੁਰ ਉੱਚੀ ਹੋ ਜਾਂਦੀ ਹੈ । ਸਥਿਤੀ ਦਾ ਅਜੀਬ ਵਿਰੋਧਾਭਾਸ ਪੈਦਾ ਹੁੰਦਾ ਹੈ ਕਿ ਰਾਜਸੀ ਲਹਿਰ ਤਾਂ ਹਾਰ ਖਾ ਜਾਂਦੀ ਹੈ । ਪਰ ਸਾਹਿਤ ਵਿਚ ਉਸ ਦੀ ਤਿੱਖੀ ਸੁਰ ਵਿਚ ਅਭਿਵਿਅਕਤੀ ਜਾਰੀ ਰਹਿੰਦੀ ਹੈ, ਜਿਸ ਨਾਲ ਕਵਿਤਾ 'ਵਾਧੂ ਨਾਅਰਾ' ਲੱਗਣ ਲੱਗ ਪੈਂਦੀ ਹੈ । ਇਸੇ ਕਾਰਨ ਆਹਿਸਤਾ ਆਹਿਸਤਾ ਸਾਰੇ ਨਕਸਲਬਾੜੀ ਕਵੀਆਂ ਦੀ ਕਾਵਿ-ਪ੍ਰਤਿਭਾ ਖੀਣ ਹੋ ਜਾਂਦੀ ਹੈ । ਪਰ ਪਾਸ਼ ਸਵੈ-ਪੜਚੋਲ ਕਰਦਿਆਂ ਨਵੇਂ ਯਥਾਰਥ ਨੂੰ ਪਕੜਦਿਆਂ ਮੁੜ ਨਵੇਂ ਸਿਰਜਣਾਤਮਿਕ ਪਸਾਰਾਂ ਨੂੰ ਸਾਹਮਣੇ ਲਿਆਉਂਦਾ ਹੈ । ਸਮੇਂ ਦੇ ਗੇੜ ਨਾਲ ਪੰਜਾਬ ਦੀ ਰਾਜਸੀ ਪ੍ਰਸਥਿਤੀ ਬਦਲ ਜਾਂਦੀ ਹੈ । ਪੰਜਾਬ ਦੇ ਲੋਕਾਂ ਅੰਦਰ ਧੁਖਦੀ ਬੇਚੈਨੀ, ਫ਼ਿਰਕੂ ਤਾਕਤਾਂ ਦੀ ਵਾਹਨ ਬਣ ਜਾਂਦੀ ਹੈ । ਇਸ ਸਮੇਂ ਉਸ ਨੇ 'ਧਰਮ ਦੀ ਦਸ਼ਾ ਲਈ ਬਿਨੈ-ਪੱਤਰ' ਵਰਗੀ ਹਾਲਾਤ ਦੀ ਬੇਵੱਸੀ ਵਿਚੋਂ ਕਠੋਰ ਵਿਅੰਗ ਵਾਲੀ ਨਜ਼ਮ, 'ਬੇਦਖ਼ਲੀ ਲਈ ਬਿਨੈ-ਪੱਤਰ' ਵਰਗੀ ਯਥਾਰਥ ਦੇ ਬਹੁ-ਪਾਸਾਰੀ ਵਿਸ਼ੇ ਨੂੰ ਈਮਾਨਦਾਰੀ ਨਾਲ ਪਕੜਨ ਦੀ ਕੋਸ਼ਿਸ਼ ਅਤੇ ਅਜੋਕੇ ਚਣੌਤੀ ਪੂਰਨ ਮਾਹੌਲ ਦੇ ਵਿਚ ਵੰਗਾਰ ਪਾਉਂਦੀ ਨਜ਼ਮ 'ਸਭ ਤੋਂ ਖ਼ਤਰਨਾਕ' ਲਿਖੀ, ਜਿਸ ਦੇ ਹੇਠ ਲਿਖੇ ਅੰਸ਼ ਉਸ ਦੀ ਸ਼ਹਾਦਤ ਤੋਂ ਬਾਅਦ ਹੋਰ ਵੀ ਅਰਥਵਾਨ ਹੋ ਗਏ ਹਨ :

ਸਭ ਤੋਂ ਖ਼ਤਰਨਾਕ ਉਹ ਚੰਨ ਹੁੰਦਾ ਹੈ
ਜੋ ਹਰ ਕਤਲ ਕਾਂਡ ਦੇ ਬਾਅਦ
ਸੁੰਨੇ ਹੋਏ ਵਿਹੜਿਆਂ ਵਿਚ ਚੜ੍ਹਦਾ ਹੈ
ਪਰ ਤੁਹਾਡੀਆਂ ਅੱਖਾਂ ਨੂੰ ਮਿਰਚਾਂ ਵਾਂਗ ਨਹੀਂ
ਲੜਦਾ ਹੈ ।

(ਲਵਾਂਗੇ ਸਾਥੀ, ਪੰਨਾ 97)

ਪਾਸ਼ ਦੀ ਕਵਿਤਾ ਸਮੁੱਚੀ ਪੰਜਾਬੀ ਕਵਿਤਾ ਤੋਂ ਹੀ ਆਪਣੇ ਚੁਣੇ ਵਿਸ਼ੇ ਅਤੇ ਵਿਸ਼ਿਆਂ ਦੇ ਨਿਭਾਅ ਕਾਰਨ ਵੱਖਰੀ ਨਹੀਂ ਹੈ, ਸਗੋਂ ਇਹ ਨਕਸਲਬਾੜੀ ਕਾਵਿ ਤੋਂ ਵੀ ਪਾਰ ਜਾਂਦੀ ਹੈ । ਇਸ ਲਈ ਸ਼ਾਇਦ ਉਸਦਾ ਕਲਾਤਮਿਕ ਸੰਗਠਨ ਜ਼ਿੰਮੇਂਵਾਰ ਹੈ । ਕਵੀ ਦੀ ਕਵਿਤਾ ਦਾ ਮਿਆਰ ਸਮਕਾਲੀ ਯਥਾਰਥ ਦੀ ਸਥਿਤੀ ਦਾ ਅਨੁਭਵ, ਸਮਝ, ਕਾਵਿ-ਪਰੰਪਰਾ ਤੇ ਪਕੜ, ਕਵੀ ਦੇ ਜੀਵਨ ਦ੍ਰਿਸ਼ਟੀਕੋਣ ਦੇ ਸਿਰਜਣਾਤਮਿਕ ਜੋੜਮੇਲ ਤੋਂ ਉਤਪੰਨ ਹੋਏ ਕਲਾਤਮਿਕ ਸੰਗਠਨ ਵਿਚ ਨਿਹਿਤ ਹੈ । ਸੋ ਕਵਿਤਾ ਦੇ ਕਲਾਤਮਿਕ ਸੰਗਠਨ ਦਾ ਅਧਿਐਨ ਲਾਹੇਵੰਦ ਹੋ ਸਕਦਾ ਹੈ । ਪਾਸ਼ ਦੀਆਂ ਕਵਿਤਾਵਾਂ ਦਾ ਰੂਪਾਤਮਿਕ ਗਠਨ ਆਪਣੇ ਪੂਰਵਕਾਲੀ, ਪ੍ਰਗਤੀਵਾਦੀ ਕਵਿਤਾ ਤੋਂ ਨਿਵੇਕਲਾ ਹੈ । ਪਾਸ਼ ਨੇ ਆਪਣੀ ਕਵਿਤਾ ਵਿਚ ਉਸ ਦੇ ਆਪਣੇ ਸ਼ਬਦਾਂ ਵਿਚ ਸੰਦੇਸ਼ਮਈ ਸੰਬੋਧਨ

www.PunjabiLibrary.com

ਬਿਰਤੀ ਦੀ ਜੁਗਤ ਵਰਤੀ ਹੈ। ਕੁਝ ਆਲੋਚਕ ਉਸ ਦੀ ਕਵਿਤਾ ਅਤੇ ਨਕਸਲਬਾੜੀ ਕਵਿਤਾ ਦਾ ਪ੍ਰਮੁੱਖ ਲੱਛਣ ਭਾਸ਼ਨੀ ਸੰਵਾਦ ਨਿਰਧਾਰਤ ਕਰਦੇ ਹਨ। ਪਰ ਮੈਂ ਉਸ ਦੀਆਂ ਕਵਿਤਾਵਾਂ ਦੇ ਗਠਨ ਨੂੰ 'ਥਿਊਰਮੀ ਗਠਨ' ਦਾ ਨਾਂ ਦਿੰਦਾ ਹਾਂ। ਉਹ ਆਪਣੀਆਂ ਕਵਿਤਾਵਾਂ ਵਿਚ ਭਾਸ਼ਨੀ ਸੰਬੋਧਨ ਤੋਂ ਤੁਰੰਤ ਬਾਅਦ ਸਮੱਸਿਆ ਦਰ ਸਮੱਸਿਆ ਪੇਸ਼ ਕਰਦਾ ਹੈ। ਸਮੱਸਿਆਵਾਂ ਦੇ ਤਾਰਕਿਕ ਵਿਵੇਕ ਨੂੰ ਕਾਵਿਕ-ਨਿਆਂ ਵਿਚ ਬਣਾ ਕੇ ਅੰਤਿਮ ਸਤਰਾਂ ਵਿਚ ਸਿੱਧ ਕਰਨ ਦੇ ਅੰਦਾਜ਼ ਵਿਚ ਪੇਸ਼ ਕਰਦਾ ਹੈ। ਉਹ ਸਮੱਸਿਆ ਨੂੰ ਇਸ ਢੰਗ ਨਾਲ ਪੇਸ਼ ਕਰਦਾ ਹੈ ਕਿ ਸਮੱਸਿਆਵਾਂ ਦਾ ਇਕੋ ਇਕ ਹੱਲ ਹੀ ਬਚਦਾ ਹੈ, ਜੋ ਉਸ ਦੀ ਇੱਛਾ ਅਨੁਕੂਲ ਮਿਲਦਾ ਹੈ। ਉਸ ਦੀਆਂ 'ਸੱਚ', 'ਦੋ ਤੇ ਦੋ ਤਿੰਨ', 'ਮੇਰਾ ਹੁਣ ਹੱਕ ਬਣਦਾ', 'ਉਡਦਿਆਂ ਬਾਜ਼ਾਂ ਮਗਰ', 'ਮੈਨੂੰ ਚਾਹੀਦੇ ਹਨ ਕੁਝ ਬੋਲ' ਆਦਿ ਕਵਿਤਾਵਾਂ ਵਿਚ ਇਹ ਥਿਊਰਮੀ ਗਠਨ ਵਧੇਰੇ ਉਜਾਗਰ ਹੁੰਦਾ ਹੈ।

ਕਵਿਤਾ ਦੀ ਕਲਾਤਮਿਕ ਸਮਰੱਥਾ ਬਿੰਬ ਸਿਰਜਣਾ ਵਿਚ ਹੁੰਦੀ ਹੈ। ਬਿੰਬਾਂ ਵਿਚ ਸੋਚਣਾ ਹੀ ਕਵਿਤਾ ਹੈ। ਆਧੁਨਿਕ ਪੰਜਾਬੀ ਕਵਿਤਾ ਨੇ ਮੱਧਕਾਲੀਨ ਜੀਵਨ ਜਾਚ ਦੇ ਅਨੁਭਵ ਨਾਲ ਸਬੰਧਤ ਬਿੰਬਾਂ ਨੂੰ ਤਿਆਗਣਾ ਸ਼ੁਰੂ ਕਰ ਦਿੱਤਾ ਸੀ। ਪ੍ਰਯੋਗਵਾਦੀ ਕਵਿਤਾ ਤਾਂ ਸੁਚੇਤ ਪੱਧਰ ਤੇ ਸ਼ਹਿਰੀ, ਖਾਸ ਕਰਕੇ ਮਸ਼ੀਨੀ ਜ਼ਿੰਦਗੀ ਨਾਲ ਸਬੰਧਿਤ ਬਿੰਬਾਂ ਦੀ ਚੋਣ ਕਰਦੀ ਸੀ। ਪਰੰਤੂ ਨਕਸਲਬਾੜੀ ਕਾਵਿ ਦਾ ਪ੍ਰਮੁੱਖ ਲੱਛਣ ਪੇਂਡੂ ਪਿਛੋਕੜ ਅਤੇ ਖਾਸ ਕਰਕੇ ਕਿਸਾਨੀ ਅਨੁਭਵ ਹੋਣ ਕਾਰਣ ਉਸ ਦੇ ਬਿੰਬ ਵੀ ਕਿਸਾਨੀ ਜੀਵਨ ਜਾਂਚ ਨਾਲ ਸਬੰਧਤ ਸਨ। ਇਹ ਕਹਿਣਾ ਅਤਿ-ਕਥਨੀ ਨਹੀਂ ਹੋਵੇਗਾ ਕਿ ਪਾਸ਼ ਦੀ ਕਾਵਿਕ ਸਮਰੱਥਾ ਦਾ ਭੇਦ ਉਸ ਦੇ ਮੌਲਿਕ ਬਿੰਬ ਸਿਰਜਣ ਵਿਚ ਹੈ। ਪਾਸ਼ ਨੇ ਪਰੰਪਰਿਕ ਬਿੰਬ ਵਿਧਾਨ ਦੀ ਥਾਂ ਕਿਸਾਨ ਦੇ ਰੋਜ਼ਾਨਾ ਜਨਜੀਵਨ ਵਿਚੋਂ ਬਿੰਬ ਚੁਣੇ ਸਨ। ਉਸ ਦੀ ਬਿੰਬ ਸਿਰਜਣਾ ਦਾ ਵਿਸ਼ੇਸ਼ ਲੱਛਣ ਬਿੰਬਾਂ ਨੂੰ ਵਿਰੋਧ ਜੁੱਟਾਂ ਵਿਚ ਸਿਰਜਣਾ ਹੈ:

ਕਾਮਰੇਡ ਬੁਰਜੁਆਜੀ ਜਾਣਦੇਂ
ਸ਼ਰਾਬ ਵਾਂਗ ਪੁਰਾਣੀ ਹੋ ਗਈ
ਤੇ ਅਸੀਂ ਮਾਸ ਦੇ ਟੁਕੜੇ ਵਾਂਗ

(ਸਾਡੇ ਸਮਿਆਂ ਵਿਚ, ਪੰਨਾ 69)

ਇਸ ਕਾਵਿ ਟੋਟੇ ਵਿਚ ਵਰਤੇ ਗਏ ਦੋਨੋਂ ਬਿੰਬ ਸਾਡੇ ਚਿਰਾਂ ਤੋਂ ਅਨੁਭਵ ਅਧੀਨ ਆਉਂਦੇ ਹਨ ਪਰ ਇਸ ਕਾਵਿ ਟੋਟੇ ਵਿਚ ਸ਼ਰਾਬ ਅਤੇ ਮਾਸ ਨੂੰ ਇਕ ਦੂਜੇ ਦੇ ਤਣਾਓ ਵਿਚ ਇਸ ਮੌਲਿਕ ਢੰਗ ਨਾਲ ਬੀੜਿਆ ਗਿਆ ਹੈ ਕਿ ਇਸ ਕਾਵਿ ਤਕਨੀਕ ਤੋਂ ਨਵਾਂ ਅਰਥ ਸੰਚਾਰ ਹੁੰਦਾ ਹੈ। ਪਾਸ਼ ਦੇ ਕਿਸਾਨੀ ਜੀਵਨ ਵਿਚੋਂ ਲਏ ਗਏ ਕੁਝ ਹੋਰ ਬਿੰਬਾਂ ਦੀ ਖੂਬਸੂਰਤੀ ਇਉਂ ਹੈ:

ਰੋਜ਼ ਹੀ ਬਲਦਾਂ ਦਿਆਂ ਬੂਟਾਂ 'ਚ ਤਰਦਾ ਹੈ
ਤੂੜੀ ਦੇ ਮੋਟੇ ਟੰਡਲਾਂ ਦਾ ਸਹਿਮਿਆ ਸੁਆਦ
ਜਿਵੇਂ ਬੀਮਾਰੀ ਨਾਲ ਮਰੀ ਹੋਈ
ਪਾਲਤੂ ਕੁਕੜੀ ਦੀ ਦਾਲ ਸੰਘ 'ਚ ਫਸਦੀ ਹੈ।...

(ਉੱਡਦੇ ਬਾਜ਼ਾਂ ਮਗਰ, ਪੰਨਾ...)

www.PunjabiLibrary.com

ਬਹੁਤ ਛੇਤੀ ਭੁੱਲ ਜਾਏਗਾ, ਪੁਰਾਣੇ ਢਾਬੇ ਦਾ ਨਵਾਂ ਨੌਕਰ
ਆਪਣੀ ਮਾਂ ਦੇ ਸਦਾ ਹੀ ਧੁਤ ਮੈਲੇ ਰਹਿਣ ਵਾਲੇ
ਪੋਣੇ ਦੀ ਮਿੱਠੀ ਮਹਿਕ।

(ਸਾਡੇ ਸਮਿਆਂ ਵਿਚ, ਪੰਨਾ 31)

ਪਾਸ਼ ਦੇ ਬਿੰਬ ਸਿਰਫ ਬਿੰਬ ਹੀ ਨਹੀਂ ਹੁੰਦੇ ਸਗੋਂ ਕਈ ਵਾਰ ਬਿੰਬ ਅੱਗੇ ਹੋਰ ਮਨੋਭਾਵਾਂ ਨੂੰ ਸਪੱਸ਼ਟ ਕਰਦੇ ਹੋਏ, ਮੁੱਢਲੀ ਗੱਲ ਨੂੰ ਪੁਸ਼ਟ ਕਰਦੇ ਹਨ। ਪਾਸ਼ ਨੇ ਪੰਜ ਗਿਆਨ ਇੰਦਰੀਆਂ ਆਧਾਰਿਤ ਦ੍ਰਿਸ਼ ਬਿੰਬ, ਸ੍ਰਵਣ ਬਿੰਬ, ਸੁਆਦ ਬਿੰਬ, ਗੰਧ ਬਿੰਬ ਅਤੇ ਸਪਰਸ਼ ਬਿੰਬ ਤੋਂ ਇਲਾਵਾ ਮਾਨਸਿਕ ਬਿੰਬਾਂ ਦਾ ਨਿਰਮਾਣ ਕੀਤਾ।

ਅਸੀਂ ਉਸ ਤਰ੍ਹਾਂ ਦਾ ਕੁਝ ਵੀ ਨਹੀਂ ਚਾਹੁੰਦੇ
ਜਿਵੇਂ ਸ਼ਰਾਬ ਦੇ ਮੁਕੱਦਮੇ 'ਚੋਂ
ਕਿਸੇ ਟਾਊਟ ਦੀ ਗਵਾਹੀ ਹੁੰਦੀ ਹੈ
ਜਿਵੇਂ ਪਟਵਾਰੀ ਦਾ ਈਮਾਨ ਹੁੰਦਾ ਹੈ
ਜਾਂ ਜਿਵੇਂ ਆੜਤੀਏ ਦੀ ਕਸਮ ਹੁੰਦੀ ਹੈ
ਅਸੀਂ ਚਾਹੁੰਦੇ ਹਾਂ ਆਪਣੀ ਤਲੀ ਤੇ ਕੋਈ ਇਸ ਤਰ੍ਹਾਂ ਦਾ ਸੱਚ
ਜਿਵੇਂ ਗੁੜ ਦੀ ਪੱਤ 'ਚ ਕਣ ਹੁੰਦਾ ਹੈ।
ਜਿਵੇਂ ਹੁੱਕੇ 'ਚ ਨਿਕੋਟਨ ਹੁੰਦੀ ਹੈ
ਜਿਵੇਂ ਮਿਲਣੀ ਸਮੇਂ ਮਹਿਬੂਬ ਦੇ ਹੋਠਾਂ ਤੇ
ਕੋਈ ਮਲਾਈ ਵਰਗੀ ਚੀਜ਼ ਹੁੰਦੀ ਹੈ।

(ਸਾਡੇ ਸਮਿਆਂ ਵਿਚ, ਪੰਨਾ 10)

ਪਾਸ਼ ਵਲੋਂ ਵਰਤੇ ਗਏ ਤਕਰੀਬਨ ਸਾਰੇ ਬਿੰਬਾਂ ਤੋਂ ਇਕ ਗੱਲ ਸਪੱਸ਼ਟ ਰੂਪ ਵਿਚ ਉਜਾਗਰ ਹੁੰਦੀ ਹੈ ਕਿ ਉਸ ਨੇ ਜੋ ਬਿੰਬ ਚੁਣੇ ਹਨ, ਉਹ ਉੱਚ ਸ੍ਰੇਣੀ ਦੇ ਅਨੁਭਵ ਅਧੀਨ ਆਉਂਦੇ ਹੀ ਨਹੀਂ ਹਨ। ਉਹ ਕਿਸਾਨੀ ਜਾਂ ਮਜ਼ਦੂਰ ਸ੍ਰੇਣੀ ਦੇ ਖੇਤਰਾਂ ਦੀ ਵਸਤ ਹਨ। ਹੋਟਲਾਂ/ਰੈਸਟੋਰੈਂਟਾਂ ਵਿਚ ਰੋਸਟਡ ਮੁਰਗੇ ਖਾਣ ਵਾਲੇ, ਘਰਾਂ ਦਿਆਂ ਖੁੱਡਿਆਂ ਨਾਲ ਮਰ ਗਈ ਮੁਰਗੀ ਦੀ ਦਾਲ ਨੂੰ ਅਣਚਾਹਿਆਂ ਖਾਣ ਬਾਰੇ ਕੀ ਅਨੁਭਵ ਕਰ ਸਕਦੇ ਹਨ। ਪੋਣੇ ਦੀ 'ਮਿੱਠੀ ਮਹਿਕ' ਤਾਂ ਮੱਧ-ਵਰਗ ਦੇ ਟਿਫਨਾਂ ਵਿਚ ਰੋਟੀ ਖਾਣ ਵਾਲੇ ਵੀ ਮਾਨਣ ਤੋਂ ਅਸਮਰਥ ਰਹਿਣਗੇ। ਪਾਸ਼ ਕਿਸਾਨੀ ਜੀਵਨ ਦੇ ਅਨੁਭਵਾਂ ਨੂੰ ਆਪਣੀ ਮੌਲਿਕ ਬਿੰਬ ਵਿਧਾਨ ਨਾਲ ਅਭਿਵਿਅਕਤੀ ਦਿੰਦਾ ਹੈ। ਆਧੁਨਿਕ ਪੰਜਾਬੀ ਕਵਿਤਾ ਦੇ ਮੁਕਾਬਲੇ ਨਕਸਲਬਾੜੀ ਕਾਵਿ ਵਿਚ ਕਿਸਾਨੀ ਜੀਵਨ ਦੇ ਬਿੰਬਾਂ ਦੀ ਬਹੁਤਾਤ ਸੀ। ਪਰ ਪਾਸ਼ ਨੇ ਤਾਂ ਮੌਲਿਕ ਬਿੰਬ-ਵਿਧਾਨ ਸਿਰਜਦਿਆਂ ਸਮੁੱਚੀ ਪੰਜਾਬੀ ਕਵਿਤਾ ਨੂੰ ਨਵੀਂ ਸੰਵੇਦਨਾ ਦਾ ਅਹਿਸਾਸ ਕਰਵਾ ਦਿੱਤਾ ਹੈ।

ਪਾਸ਼ ਦੀ ਕਾਵਿ-ਸ਼ੈਲੀ ਦਾ ਖਰ੍ਹਵਾਪਣ ਵੀ ਨਿਵੇਕਲਾਪਨ ਰਖਦਾ ਹੈ। ਇਹ ਖਰਵਾਪਣ ਉਸ ਦੇ ਪ੍ਰਚੰਡ ਜਮਾਤੀ ਨਫ਼ਰਤ ਵਿਚੋਂ ਉਗਮਦਾ ਹੈ। ਕਵਿਤਾ ਦਾ ਆਮ ਲੱਛਣ ਮਧੁਰਤਾ ਮੰਨਿਆ ਜਾਂਦਾ ਹੈ। ਪਰ ਨਕਸਲਬਾੜੀ ਕਾਵਿ ਨੇ ਪ੍ਰਚੰਡ ਗੁੱਸੇ ਅਧੀਨ ਖਰਵੇਪਣ ਨੂੰ ਅਪਣਾਇਆ। ਇਹੀ

www.PunjabiLibrary.com

ਸ਼ੈਲੀ ਉਸ ਨੂੰ ਬਾਕੀ ਕਾਵਿ ਤੋਂ ਨਿਖੇੜ ਦੇਂਦੀ ਹੈ। ਸਥਾਪਤ ਪ੍ਰਤੀਮਾਨਾਂ ਤੋਂ ਵਿਪਥਨ ਕਾਰਣ ਹੀ ਪਾਸ਼ ਦੀ ਸ਼ੈਲੀ ਪਰੰਪਰਿਕ ਪ੍ਰਗਤੀਵਾਦੀ ਕਵੀਆਂ ਤੋਂ ਭਿੰਨ ਹੋ ਜਾਂਦੀ ਹੈ। ਪਾਸ਼ ਨੇ ਨਵੇਂ ਸ਼ਬਦਾਂ ਦੀ ਰਚਨਾ ਕੀਤੀ ਜਾਂ ਘੱਟੋ ਘੱਟ ਸਾਹਿਤਕ ਭਾਸ਼ਾ ਵਿਚ ਪਹਿਲਾਂ ਨਾ ਵਰਤੇ ਗਏ ਸ਼ਬਦਾਂ ਦੀ ਨਵੇਂ ਢੰਗ ਨਾਲ ਵਰਤੋਂ ਕੀਤੀ ਹੈ। ਭ੍ਰਿਸ਼ਟ ਪ੍ਰਬੰਧ ਦੇ ਪੁਰਜ਼ਿਆਂ ਪ੍ਰਤੀ ਕਵੀ ਦੀ ਜਮਾਤੀ ਨਫਰਤ, ਉਨ੍ਹਾਂ ਪੁਰਜ਼ਿਆਂ ਲਈ ਵਿਸ਼ੇਸ਼ਣੀ ਸ਼ਬਦਾਂ ਦੀ ਨਵੀਂ ਘਾੜਤ ਘੜਦੀ ਹੈ। ਜਿਵੇਂ ਲਾਲ ਪਗੜੀਆਂ ਵਾਲੇ ਆਲੋਚਕ, ਕਿਰਚ ਮੂੰਹੇ ਮੁਨਸ਼ੀ, ਹੁਕਮਰਾਨ ਔਰਤ, ਮੀਸਣਾ ਪਾਇਲਟ ਆਦਿ।

ਪੰਜਾਬੀ ਕਵਿਤਾ ਦੇ ਪ੍ਰਸੰਗ ਵਿਚ ਨਕਸਲਬਾੜੀ ਕਾਵਿ ਦੇ ਪ੍ਰਮੁੱਖ ਲੱਛਣ, ਕਿਸਾਨੀ ਅਨੁਭਵ, ਰਾਜਸੀ ਵਿਸ਼ਾ, ਸਥਾਪਤੀ ਵਿਰੋਧੀ, ਅਮਨ ਦੀ ਥਾਂ ਹਿੰਸਾ, ਸਮਝੌਤੇ ਦੀ ਥਾਂ ਸੰਘਰਸ਼ ਆਦਿ ਨਿਖੇੜੇ ਜਾ ਸਕਦੇ ਹਨ। ਪਾਸ਼ ਨੇ ਸਥਾਪਤੀ ਵਿਰੋਧ ਨੂੰ ਕਿਸਾਨੀ ਪਿਛੋਕੜ ਵਿਚ ਇਸ ਢੰਗ ਨਾਲ ਪ੍ਰਸਤੁਤ ਕੀਤਾ ਹੈ ਕਿ ਉਸ ਦੇ ਕਾਵਿ-ਬਿੰਬਾਂ ਵਿਚ ਅਹਿੰਸਾ ਗਲਾਜ਼ਤ ਅਤੇ ਹਿੰਸਾ ਕੋਮਲ ਲਗਦੀ ਹੈ। ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਨਕਸਲਬਾੜੀ ਕਾਵਿ ਖ਼ਾਸ ਕਰਕੇ ਪਾਸ਼ ਦੀ ਕਵਿਤਾ ਨਾਲ, ਪੰਜਾਬੀ ਕਵਿਤਾ ਵਿਚ ਸੁਹਜ ਦੇ ਨਵੇਂ ਮਿਆਰ ਸਥਾਪਤ ਹੁੰਦੇ ਹਨ, ਜਿਨ੍ਹਾਂ ਨੂੰ ਮਿਲਣ ਲਈ ਆਧੁਨਿਕ ਪੰਜਾਬੀ ਕਵਿਤਾ ਦੇ ਪਰੰਪਰਿਕ ਕਾਵਿ-ਸ਼ਾਸਤਰ ਦੇ ਪੁਰਾਣੇ ਗਜ਼ ਛੋਟੇ ਰਹਿ ਜਾਂਦੇ ਹਨ।

www.PunjabiLibrary.com

5. ਪਾਤਰ ਦੀ ਕਾਵਿ-ਯਾਤਰਾ

ਸੁਰਜੀਤ ਪਾਤਰ ਸਮਕਾਲੀ ਸਾਹਿਤਕਾਰਾਂ ਵਿਚੋਂ ਉਭਰਿਆ ਹੋਇਆ ਨਾਂ ਹੈ। ਉਸ ਦਾ ਗ਼ਜ਼ਲ ਸੰਗ੍ਰਹਿ 'ਹਵਾ ਵਿਚ ਲਿਖੇ ਹਰਫ' 1979 ਵਿਚ ਪਹਿਲੀ ਵਾਰ ਲੋਕਾਂ ਸਾਹਮਣੇ ਆਇਆ। ਇਸ ਸੰਗ੍ਰਹਿ ਦੀ ਆਮਦ ਨਾਲ ਹੀ ਸੁਰਜੀਤ ਪਾਤਰ ਦੀ ਕਾਵਿ-ਸੰਵੇਦਨਾ ਦਾ ਚਰਚਾ ਸਾਹਿਤਕ ਖੇਤਰ ਵਿਚ ਹੋਣ ਲੱਗ ਪਿਆ। ਗ਼ਜ਼ਲ ਸੰਗ੍ਰਹਿ ਤੋਂ ਪਹਿਲਾਂ ਕੋਲਾਜ਼ ਨਾਂ ਦੇ ਸੰਪਾਦਿਤ ਕਾਵਿ ਸੰਗ੍ਰਹਿ ਵਿਚ ਉਸ ਦੀਆਂ ਨੌ ਖੁੱਲ੍ਹੀਆਂ ਨਜ਼ਮਾਂ ਛਪ ਚੁੱਕੀਆਂ ਸਨ। ਪਾਤਰ ਦੀ ਕਾਵਿ-ਯਾਤਰਾ ਨੂੰ ਸਮਝਣ ਲਈ ਇਨ੍ਹਾਂ ਨਜ਼ਮਾਂ ਦਾ ਵਿਸ਼ੇਸ਼ ਮਹੱਤਵ ਹੈ।

ਪਾਤਰ ਇਨ੍ਹਾਂ ਨੌਂ ਨਜ਼ਮਾਂ ਵਿਚ ਸਮਕਾਲੀ ਯਥਾਰਥ ਦੇ ਇਕ ਵਿਸ਼ੇਸ਼ ਅੰਗ ਰਾਜਸੀ ਯਥਾਰਥ ਨੂੰ ਸਿੱਧੇ ਤੌਰ ਤੇ ਮੁਖ਼ਾਤਿਬ ਹੈ। ਇਨ੍ਹਾਂ ਨਜ਼ਮਾਂ ਵਿਚ ਉਹ ਆਪਣੀ ਹੁਣ ਦੇ ਦੌਰ ਦੀ ਗਜ਼ਲ ਰਚਨਾ ਦੇ ਉਲਟ ਜ਼ਿਆਦਾਤਰ ਸਮੂੰਹ ਨੂੰ ਸੰਬੋਧਤ ਹੁੰਦਾ ਹੈ। ਸਮੂੰਹ ਨੂੰ ਸੰਬੋਧਨ ਕਰਨਾ, ਪਾਤਰ ਦੀ ਪੀੜ੍ਹੀ ਦੇ ਕਵੀਆਂ ਦੀ ਇਕ ਵਿਸ਼ੇਸ਼ਤਾ ਕਹੀ ਜਾ ਸਕਦੀ ਹੈ। ਅਸਲ ਵਿਚ ਕਵੀ ਜਦੋਂ ਸਿੱਧੇ ਤੌਰ ਤੇ ਰਾਜਸੀ ਯਥਾਰਥ ਨੂੰ ਅਭਿਵਿਅਕਤੀ ਕਰਦਾ ਹੈ ਤਾਂ ਉਸ ਨੇ ਆਪਣੇ ਪੈਗਾਮ ਨੂੰ ਲੋਕਾਂ ਤਕ ਪਹੁੰਚਾਉਣਾ ਹੁੰਦਾ ਹੈ। ਇਸ ਲਈ ਉਸ ਦਾ ਮੂਲ ਸੁਰ ਸਮੂੰਹ ਸੰਬੋਧਨੀ ਹੋ ਜਾਂਦਾ ਹੈ। ਉਸ ਦੀ ਸਮੂੰਹ ਨੂੰ ਸੰਬੋਧਨ ਕਰਨ ਦੀ ਪ੍ਰਵਿਰਤੀ ਉਸ ਨੂੰ ਥੋੜ੍ਹਾ ਲਾਊਡ ਵੀ ਕਰ ਦਿੰਦੀ ਹੈ। ਪਰ ਸਮੂੰਹ ਨੂੰ ਸੰਬੋਧਨ ਕਰਨ ਨਾਲ ਸ਼ਾਇਰ ਅਤੇ ਨਜ਼ਮ ਦੇ ਪਾਠਕ ਵਿਚ ਇਕ ਤਰ੍ਹਾਂ ਦਾ ਭਾਵੁਕ ਜਿਹਾ ਰਿਸ਼ਤਾ ਸਥਾਪਿਤ ਹੋ ਜਾਂਦਾ ਹੈ। ਇਸ ਰਿਸ਼ਤੇ ਕਾਰਨ ਪਾਠਕ ਅਚੇਤੇ ਹੀ ਕਵੀ ਦੇ ਭਾਵ-ਮੰਡਲ ਨਾਲ ਇਕ ਸੁਰ ਹੋ ਜਾਂਦਾ ਹੈ। ਸੁਰਜੀਤ ਪਾਤਰ ਦੀ 'ਕੋਲਾਜ਼' ਵਿਚ ਛਪੀ ਪਹਿਲੀ ਹੀ ਨਜ਼ਮ 'ਪੱਛੋ ਤੇ ਪੁਰਵਈਆ' ਵਿਚ ਪਹਿਲੀ ਸਤਰ ਹੀ ਇਉਂ ਸੰਬੋਧਨੀ ਉਚਾਰ ਕਰਦੀ ਹੈ:

ਮੇਰੇ ਮੁਰਸ਼ਦ, ਮੇਰੇ ਮਕਤਬ, ਮੇਰੇ ਮਹਿਰਮ, ਮੇਰੇ ਯਾਰੋ
ਮੈਂ ਇਸ ਸ਼ਗਨਾਂ ਭਰੀ ਪਰਭਾਤ
ਆਪਣੇ ਮਾਤਮੀ ਸੰਧਿਆ ਜਿਹੇ ਚਿਹਰੇ ਸਣੇ ਹੀ
ਆਣ ਪਹੁੰਚਾ ਹਾਂ।

ਚਲੋ ਯਾਰੋ ਕਿ ਹੁਣ ਇਹ ਚੌਕ ਛੱਡੀਏ
ਕਿ ਹੁਣ ਇਹ ਚੌਕ ਚੁਰੱਸਤਾ ਨਹੀਂ ਹੈ।

ਉਪਰਲੇ ਕਾਵਿ-ਟੋਟਿਆਂ ਵਿਚ ਸ਼ਾਇਰ ਆਪਣੇ ਮਿੱਤਰ ਟੋਲੇ ਨੂੰ ਸੰਬੋਧਤ ਹੁੰਦਾ ਹੈ। ਉਸ ਦੇ

www.PunjabiLibrary.com

ਸੰਬੋਧਨ ਲਈ ਵਰਤੇ ਗਏ ਸ਼ਬਦਾਂ ਵਿਚ ਅਪਣੱਤ ਹੈ। ਵੈਸੇ ਆਮ ਤਾਂ ਇਹੀ ਕਿਹਾ ਜਾਂਦਾ ਹੈ ਕਿ ਆਤਮ-ਅਭਿਵਿਅਕਤੀ ਕਰਨ ਲੱਗਿਆਂ ਮਨੁੱਖ ਸਵੈ-ਸੰਬੋਧਨ ਕਰਦਾ ਹੈ। ਜਦੋਂ ਕਵੀ ਵਸਤੂ ਜਗਤ ਦੀ ਅਭਿਵਿਅਕਤੀ ਕਰਦਾ ਹੈ ਤਾਂ ਉਸ ਦਾ ਸੁਰ ਸਮੂੰਹ ਸੰਬੋਧਨੀ ਹੁੰਦਾ ਹੈ, ਪਰ ਅਸਲ ਵਿਚ ਕਵੀ ਸਵੈ-ਸੰਬੋਧਨ ਕਰਦਾ ਹੈ ਜਾਂ ਸਮੂੰਹ ਸੰਬੋਧਨ ਕਰਦਾ ਹੈ, ਇਸ ਦਾ ਸੰਬੰਧ ਕਵੀ ਦੇ ਕਲਾ ਪ੍ਰਤੀ ਦ੍ਰਿਸ਼ਟੀਕੋਣ ਤੋਂ ਉਪਜਦਾ ਹੈ ਜਿਹੜਾ ਕਿ ਕਵੀ ਦੇ ਸੰਸਾਰ ਪ੍ਰਤੀ ਦ੍ਰਿਸ਼ਟੀਕੋਣ ਤੋਂ ਉਪਜਦਾ ਹੈ। ਪ੍ਰਤੀਬਧ ਸ਼ਾਇਰ ਆਮ ਕਰਕੇ ਹੀ ਸਮੂੰਹ ਸੰਬੋਧਨੀ ਹੁੰਦੇ ਹਨ। ਜਦੋਂ ਕਿ ਰਹੱਸਵਾਦੀ ਕਵੀ ਜ਼ਿਆਦਾਤਰ ਆਤਮ ਸੰਬੋਧਨੀ ਰੁੱਚੀ ਅਪਨਾਉਂਦੇ ਹਨ। ਪ੍ਰਤੀਬੱਧ ਸ਼ਾਇਰ ਜੇ ਸਵੈ-ਸੰਬੋਧਨ ਦੀ ਜੁਗਤ ਵਰਤੇ ਵੀ ਤਾਂ ਅਖਰੀ ਤੌਰ ਤੇ ਉਹ ਆਪਣੇ ਆਪ ਨੂੰ ਸਮੂੰਹ ਲੋਕਾਂ ਅੱਗੇ ਇਕਬਾਲੀਆ ਅੰਦਾਜ਼ ਵਿਚ ਪੇਸ਼ ਕਰਦਾ ਹੈ। ਅਜਿਹੀਆਂ ਇਕਬਾਲੀਆ ਅੰਦਾਜ਼ ਵਾਲੀਆਂ ਨਜ਼ਮਾਂ 'ਪੁਲ' ਤੇ 'ਘਰਰ ਘਰਰ' ਹਨ। ਸੁਰਜੀਤ ਪਾਤਰ ਆਪਣੀਆਂ ਇਨ੍ਹਾਂ ਨਜ਼ਮਾਂ ਦੇ ਰਚਨਕਾਲ ਸਮੇਂ ਪ੍ਰਤੀਬਧ ਸ਼ਾਇਰ ਸੀ। ਇਸ ਕਰਕੇ ਵੀ ਅਤੇ ਉਸ ਦੀਆਂ ਨਜ਼ਮਾਂ ਦੇ ਪਾਠ ਤੋਂ ਵੀ ਉਸ ਦੇ ਸਮੂੰਹ ਸੰਬੋਧਨੀ ਹੋਣ ਦੇ ਪ੍ਰਮਾਣ ਮਿਲਦੇ ਹਨ।

ਸੁਰਜੀਤ ਪਾਤਰ ਇਨ੍ਹਾਂ 'ਨੋਆਂ' ਨਜ਼ਮਾਂ ਵਿਚ ਰਾਜਸੀ ਯਥਾਰਥ ਨੂੰ ਸਿੱਧੇ ਤੌਰ ਤੇ ਮੁਖ਼ਾਤਿਬ ਹੁੰਦਾ ਹੈ। ਸਮਕਾਲੀ ਰਾਜਸੀ ਯਥਾਰਥ ਵਿਚ ਦੇਸ਼ ਦੇ ਰਾਜਸੀ ਰੰਗ-ਮੰਚ ਤੇ ਘਟੀ ਘਟਨਾ 'ਨਵੇਂ ਪੰਜਾਬ' ਦੇ ਹੋਂਦ ਵਿਚ ਆਉਣ ਤੇ 'ਰੇਸ਼ਮਾ' ਦੇ ਨਾਂ ਕੀਤੀ ਨਜ਼ਮ 'ਪੱਛੋ ਅਤੇ ਪੁਰਵਈਆ' ਵਿਚ ਆਪਣੇ ਪ੍ਰਤੀਕਰਮ ਨੂੰ ਕਾਵਿਮਈ ਅੰਦਾਜ਼ ਵਿਚ ਅਭਿਵਿਅਕਤ ਕੀਤਾ ਹੈ। ਕਵੀ ਨੇ ਇਸ ਨਜ਼ਮ ਵਿਚ 'ਰਾਜਸੀ ਨੇਤਾਵਾਂ' ਵਲੋਂ ਆਪਣੇ ਹਿੱਤਾਂ ਦੀ ਪੂਰਤੀ ਲਈ ਬਣਾਏ ਗਏ 'ਨਵੇਂ ਪੰਜਾਬ' ਨੂੰ 'ਢਾਈ ਨਦੀਆਂ' ਦਾ ਪੰਜਾਬ ਐਲਾਨਿਆ ਹੈ। ਕਵੀ ਨੇ ਪੁਰਾਣੇ ਪੰਜਾਬ ਜਿਸ ਵਿਚ 'ਪੰਜ ਆਬ' ਵਗਦੇ ਸਨ, ਦੀ ਗੱਲ ਕਰਕੇ ਹੁਣ ਦੇ 'ਢਾਈ ਆਬ' ਵਾਲੇ ਪੰਜਾਬ ਨੂੰ ਅਸਵੀਕਾਰਿਆ ਹੈ। ਉਸ ਨੇ ਆਪਣੀ ਨਜ਼ਮ ਵਿਚ ਪੰਜਾਬ ਦੇ ਸੰਨ ਸੰਤਾਲੀ ਵਿਚ ਵੰਡੇ ਜਾਣ ਦੇ ਦੁਖਾਂਤ ਨੂੰ ਇਉਂ ਲਿਖਿਆ ਹੈ :

> ਮੇਰਾ ਕਾਤਲ ਨਹੀਂ ਕੋਈ
> ਮੇਰੀ ਹੱਤਿਆ ਕਿਸੇ ਹੱਥੋਂ ਨਹੀਂ ਹੋਈ
> ਮੈਂ ਆਤਮਘਾਤ ਕੀਤਾ ਹੈ।

ਇਉਂ ਇਸ ਨਜ਼ਮ ਵਿਚ 'ਪਾਤਰ' ਨੇ 'ਨਵੇਂ' ਪੰਜਾਬ ਨੂੰ ਨੇਤਾਵਾਂ ਦਾ ਪੰਜਾਬ ਦੱਸਿਆ ਹੈ। ਆਪਣੇ ਪੁਰਾਣੇ ਪੰਜਾਬ ਜਿਸ ਵਿਚ ਪਾਕਿਸਤਾਨੀ ਪੰਜਾਬ ਵੀ ਸ਼ਾਮਿਲ ਸੀ, ਦੀ ਗੱਲ ਕਰਕੇ ਪਾਠਕ ਨੂੰ ਪੁਰਾਣੇ ਮੋਹ ਭਿੱਜੇ ਭਾਵ-ਮੰਡਲ ਨਾਲ ਬੰਨ੍ਹਿਆ ਹੈ। ਦੋ ਭਾਗਾਂ ਵਿਚ ਵੰਡੇ ਗਏ ਪੰਜਾਬੀਆਂ ਨੂੰ ਜਦੋਂ ਸਮੇਂ ਦੀਆਂ ਹਕੂਮਤਾਂ ਆਪਸ ਵਿਚ ਲੜਨ ਮਰਨ ਲਈ ਉਕਸਾਉਂਦੀਆਂ ਹਨ ਤਾਂ ਸ਼ਾਇਰ ਇਸ ਦੁਬਿਧਾ ਨੂੰ ਇਉਂ ਪ੍ਰਗਟਾਉਂਦਾ ਹੈ :

> ਕਦੀ ਜਦ ਦੇਸ਼ ਦੇ ਰਖਵਾਲਿਆਂ ਨੂੰ ਵਾਜ ਪੈਂਦੀ ਹੈ
> ਵਤਨ ਦੇ ਗਾਜ਼ੀਆਂ ਨੂੰ ਕੂਕ ਪੈਂਦੀ ਹੈ
> ਤਾਂ ਮੈਨੂੰ ਸਮਝ ਨਹੀਂ ਮੈਂ ਗਾਜ਼ੀ ਹਾਂ ਕਿ ਰਖਵਾਲਾ।

www.PunjabiLibrary.com

ਮੈਂ ਕਿਸ ਦੇ ਬੋਲ ਨੂੰ ਮੰਨਾਂ
ਦੋਹਾਂ ਦੇ ਬੋਲ ਮੇਰੀ ਮਾਤ ਬੋਲੀ ਦੇ

'ਨਵੇਂ ਪੰਜਾਬ' ਤੇ ਲਿਖੀ ਗਈ ਇਹ ਕਵਿਤਾ ਅੱਜ ਹੋਰ ਵੀ ਸਾਰਥਕਤਾ ਰੱਖਦੀ ਹੈ ਜਦੋਂ 'ਨਵਾਂ ਪੰਜਾਬ' ਮੁੜ ਵੰਡਿਆ ਜਾਣ ਵਾਲੀ ਆਪਸੀ ਤਣਾਉ ਵਿਚੋਂ ਦੀ ਲੰਘ ਰਿਹਾ ਹੈ। ਸ਼ਾਇਰ ਹੁਣ ਵੀ ਚੁੱਪ ਨਹੀਂ ਰਿਹਾ। ਉਸ ਦਾ ਪੰਜਾਬ ਦੀ ਵਰਤਮਾਨ ਤ੍ਰਾਸਦਿਤ ਸਥਿਤੀ ਤੇ ਲਿਖਿਆ 'ਸਰੋਦੀ ਗੀਤ' ਇਸੇ ਨਜ਼ਮ ਦਾ ਅਗਲਾ ਪੜਾਅ ਹੈ :

ਉਦੋਂ ਵਾਰਸ ਸ਼ਾਹ ਨੂੰ ਵੰਡਿਆ ਸੀ
ਹੁਣ ਸ਼ਿਵ ਕੁਮਾਰ ਦੀ ਵਾਰੀ ਏ
ਉਹ ਜ਼ਖ਼ਮ ਤੁਹਾਨੂੰ ਭੁੱਲ ਵੀ ਗਏ
ਨਵਿਆਂ ਦੀ ਜੋ ਫੇਰ ਤਿਆਰੀ ਏ

ਇਸੇ ਪ੍ਰਕਾਰ 'ਬੁੱਢੀ ਜਾਦੂਗਰਨੀ ਆਖਦੀ ਹੈ' ਨਜ਼ਮ ਵਿਚ ਪਾਤਰ ਨੇ ਰਾਜਸੀ ਯਥਾਰਥ ਦੀ ਅਤਿ ਕਰੂਰਤਾ ਨੂੰ ਪਾਠਕਾਂ ਦੇ ਸਾਹਵੇਂ ਅਭਿਵਿਅਕਤ ਕੀਤਾ ਹੈ। ਨਜ਼ਮ ਦੀ 'ਬੁੱਢੀ ਜਾਦੂਗਰਨੀ' ਨੂੰ ਇਕ ਵਿਸ਼ੇਸ਼ ਰਾਜਸੀ ਚਿਹਰਾ ਵੀ ਮੰਨਿਆ ਜਾ ਸਕਦਾ ਹੈ। ਪਰ ਅਜਿਹਾ ਕਰਨਾ ਨਜ਼ਮ ਦੀ ਅਰਥ ਵਿਸਥਾਰ ਕਰਨ ਦੀ ਸੀਮਾ ਤੇ ਰੋਕ ਲਾਉਣ ਦੇ ਬਰਾਬਰ ਹੈ। ਅਸੀਂ ਬੁੱਢੀ ਜਾਦੂਗਰਨੀ ਨੂੰ ਬੁਰਜੂਆ ਸਿਆਸਤ ਦਾ ਪ੍ਰਤੀਕ ਮੰਨਾਂਗੇ। ਸਿਆਸਤ ਵਿਚ ਜਿਹੜਾ ਵੀ ਸਥਾਪਤੀ ਵਿਰੁੱਧ ਆਵਾਜ਼ ਉਠਾਉਂਦਾ ਹੈ, ਉਸੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਹਿਲਾਂ ਦਬਾਉਣ ਲਈ 'ਬੁਰਕੀ' ਸੁੱਟੀ ਜਾਂਦੀ ਹੈ, ਜੇ 'ਬੁਰਕੀ' ਨਾਲ ਆਵਾਜ਼ ਨਾ ਦਬੇ ਤਾਂ ਖੰਜਰ ਖੋਭਿਆ ਜਾਂਦਾ ਹੈ।

ਤੇਰੀ ਛਾਤੀ ਤੇ ਵੀ ਖੰਜਰ ਜਾਂ ਤਗ਼ਮਾ ਧਰ ਦਿਆਂਗੇ
ਜੀਣ ਜੋਗਾ ਤਾਂ ਹੋ
ਤੇਰੀ ਵੀ ਹੱਤਿਆ ਕਰ ਦਿਆਂਗੇ।

ਸਪੱਸ਼ਟ ਹੈ ਕਿ ਸਥਾਪਤੀ ਆਪਣੀ ਵਿਰੋਧੀ ਆਵਾਜ਼ ਨੂੰ ਹਰ ਹੀਲੇ ਕੁਚਲਦੀ ਹੈ। ਉਹ ਖੰਜਰ ਨਾਲ ਵੀ ਕਤਲ ਕਰਦੀ ਹੈ, ਉਹ ਤਗ਼ਮੇ ਨਾਲ ਵੀ ਕਤਲ ਕਰਦੀ ਹੈ, ਕਿਉਂਕਿ ਜਿਸ ਹਿੱਕ ਤੇ ਤਗ਼ਮਾ ਸਜਾਇਆ ਜਾਂਦਾ ਹੈ, ਉਹ 'ਹਿੱਕ ਘੜੀ' ਬਣ ਕੇ ਰਹਿ ਜਾਂਦੀ ਹੈ।

'ਘਰਰ ਘਰਰ' ਨਜ਼ਮ ਵਿਚ ਕਵੀ ਨੇ ਆਤਮ ਇਕਬਾਲੀਆ ਬਿਆਨ ਵਿਚ ਅਖੌਤੀ '8-ਬੈਂਡ ਦੇ ਸ਼ਕਤੀਸ਼ਾਲੀ ਬੁੱਧੀਜੀਵੀਆਂ' ਤੇ ਤਿੱਖਾ ਵਿਅੰਗ ਕਸਿਆ ਹੈ। ਅਜੋਕੇ ਹੋਣੀਆਂ ਭਰਪੂਰ ਸਮੇਂ ਵਿਚ ਜਦੋਂ ਸਾਡੇ ਬੁਧੀਜੀਵੀਆਂ ਨੂੰ ਕੁਝ ਸੋਚਣਾ ਚਾਹੀਦਾ ਹੈ, ਉਦੋਂ ਉਹ ਬੱਸ ਏਧਰੋਂ ਓਧਰੋਂ ਮੰਗ ਪਿਨ ਕੇ ਗੁਜ਼ਾਰਾ ਕਰ ਰਹੇ ਹਨ। ਬੁੱਧੀਜੀਵੀ ਵਰਗ ਆਪਣੇ ਵਲੋਂ ਸੁਤੰਤਰ ਸੋਚਣ ਦੀ ਥਾਂ ਬੁਰਜੂਆ ਸੰਚਾਰ ਸਾਧਨਾਂ ਦਾ ਗੁਲਾਮ ਬਣਦਾ ਜਾ ਰਿਹਾ ਹੈ। ਬੁਧੀਜੀਵੀ ਆਪਣੇ ਇਕਬਾਲੀਆ ਬਿਆਨ ਵਿਚ ਆਪਣੇ ਸੰਚਾਰ ਸਾਧਨਾਂ ਦੇ ਗ਼ੁਲਾਮ ਹੋ ਜਾਣ ਨੂੰ ਇਉਂ ਮੰਨਦਾ ਹੈ :

ਮੇਰੇ 'ਚੋਂ ਨਹਿਰੂ ਵੀ ਬੋਲਦਾ ਹੈ ਮਾਓ ਵੀ
ਕ੍ਰਿਸ਼ਨ ਵੀ ਬੋਲਦਾ ਹੈ ਕਾਮੂ ਵੀ

www.PunjabiLibrary.com

ਵਾਇਰ ਆਫ ਅਮੇਰਿਕਾ ਵੀ
ਬੀ. ਬੀ. ਸੀ. ਵੀ
ਮੇਰੇ 'ਚ ਬਹੁਤ ਕੁਝ ਬੋਲਦਾ ਹੈ
ਨਹੀਂ ਬੋਲਦਾ ਤਾਂ ਬੱਸ ਮੈਂ ਨਹੀਂ ਬੋਲਦਾ

ਪਾਤਰ ਨੇ ਇਸ ਨਜ਼ਮ ਵਿਚ ਬੁਧੀਜੀਵੀਆਂ ਵਲੋਂ ਹਾਲਤਾਂ ਦਾ ਸਹੀ ਵਿਸ਼ਲੇਸ਼ਣ ਕਰ ਕੇ ਸੋਧ ਦੇਣ ਵਿਚ ਅਸਫਲ ਰਹਿਣ ਉੱਪਰ ਥਾਂ ਪੁਰ ਥਾਂ ਵਿਅੰਗ ਕੀਤਾ ਹੈ। ਇਹ ਅਖੌਤੀ ਬੁਧੀਜੀਵੀ 'ਬੇ-ਹਮਲ' ਤੀਵੀਂ ਸਰ੍ਹਾਣੇ ਲਿਖ ਕੇ ਰੱਖਦੇ ਹਨ :

ਜੇ ਪੁੱਤਰ ਜੰਮਿਆ ਤਾਂ ਉਸ ਦਾ ਨਾਂ ਰਾਹੁਲ ਰੱਖੀਂ
ਜੇ ਧੀ ਜੰਮੀ ਤਾਂ 'ਮੈਨਾਵਤੀ'

ਅਖੌਤੀ ਬੁੱਧੀਜੀਵੀਆਂ ਤੇ ਇਸ ਤੋਂ ਵੱਡਾ ਵਿਅੰਗ ਹੋਰ ਕੀ ਹੋ ਸਕਦਾ ਹੈ। ਆਪਣੇ ਵਲੋਂ ਕੋਈ ਸੇਧ ਨਾ ਹੋਣ ਕਰ ਕੇ ਬੁੱਧੀਜੀਵੀ ਕਈ ਫਲਸਫਿਆਂ ਦਾ 'ਕੋਲਾਜ਼' ਭਾਵ ਮਿਲਗੋਭਾ ਬਣ ਗਿਆ ਹੈ। ਇਸੇ ਲਈ ਉਸ ਨੂੰ ਕੁਝ ਸੁੱਝਦਾ ਨਹੀਂ। ਉਹ ਲੋਕਾਂ ਨੂੰ ਸੱਚ ਦੱਸਣ ਦੀ ਬਜਾਏ ਹਵਾ ਵਿਚ ਤਲਵਾਰਾਂ ਮਾਰਦੇ ਫਿਰਦੇ ਹਨ :

ਸਹੀ ਦੁਸ਼ਮਣ ਦੀ ਤਲਾਸ਼ ਕਰੋ
ਹਰੇਕ ਆਲਮਗੀਰ ਔਰੰਗਜ਼ੇਬ ਨਹੀਂ ਹੁੰਦਾ

'ਇਕ ਦਰਿਆ' ਨਾਮੀ ਨਜ਼ਮ ਜੋ 'ਭਾਰਤ ਸਰਕਾਰ ਸੇਵਾ ਹਿਤ' ਹੈ, ਵਿਚ ਸ਼ਾਇਰ ਨੇ ਸ਼ਾਇਰ, ਹਵਾ ਅਤੇ ਦਰਿਆ ਨੂੰ ਕਾਰਜਾਂ ਦੀ ਸਮਾਨਤਾ ਕਾਰਨ ਇਕ ਰੂਪ ਦਰਸਾਇਆ ਹੈ। ਦੇਸ਼ ਦੀ ਰੱਖਿਆ ਦੇ ਚੀਕ ਚਿਹਾੜੇ ਨੂੰ ਰਾਜਸੀ ਤੌਰ ਤੇ ਭੰਡਿਆ ਹੈ। ਬੁਰਜੂਆ ਲੋਕਾਂ ਦੀ ਗਾਂਧੀਵਾਦੀ ਸ਼ਾਂਤੀ ਦੇ ਅਰਥ ਦੱਸੇ ਹਨ। ਅਮਨ ਸ਼ਾਂਤੀ ਅਸਲ ਵਿਚ ਕਾਬਜ਼ ਜਮਾਤ ਵਲੋਂ ਆਪਣੇ ਰਾਜ ਨੂੰ ਬਿਨਾਂ ਕਿਸੇ ਵਿਰੋਧ ਦੇ ਚਲਾਉਣ ਦਾ ਨਾਂ ਹੈ। ਕਾਬਜ਼ ਜਮਾਤਾਂ ਵਲੋਂ ਆਪਣੇ ਵਿਰੋਧ ਵਿਚ ਉਠਦੀ ਹਰ ਆਵਾਜ਼ ਨੂੰ ਅਮਨ ਸ਼ਾਂਤੀ ਲਈ ਖ਼ਤਰਾ ਐਲਾਨਿਆ ਜਾਂਦਾ ਹੈ। ਅਮਨ ਸ਼ਾਂਤੀ ਕਾਇਮ ਰੱਖਣ ਲਈ ਕਾਬਜ਼ ਜਮਾਤਾਂ ਆਪਣੀ ਲੱਠਮਾਰ ਸ਼ਕਤੀ ਰਾਜ ਮਸ਼ੀਮਰੀ ਦੁਆਰਾ 'ਹਿੰਸਾ' ਨੂੰ 'ਅਹਿੰਸਾਵਾਦੀ' ਹੁੰਦੇ ਹੋਏ ਵੀ ਹਿੰਸਾਮਈ ਢੰਗ ਦੁਆਰਾ ਦਬਾਉਂਦੇ ਹਨ। ਸਥਾਪਤੀ ਵਿਚ ਭਾਈਵਾਲ 'ਅਹਿੰਸਾ-ਵਾਦੀ' ਲੋਕਾਂ ਦੀ ਅਮਨ ਸ਼ਾਂਤੀ ਦੇ ਅਸਲ ਅਰਥਾਂ ਨੂੰ ਸ਼ਾਇਰ ਨੇ ਅਨੇਕ ਵਿਰੋਧ ਬਿੰਬਾਂ ਦੁਆਰਾ ਇਉਂ ਉਜਾਗਰ ਕੀਤਾ ਹੈ :

ਅਮਨ ਸ਼ਾਂਤੀ ਸ਼ਾਇਦ ਆਤਮਾ ਦਾ ਸੌਣਾ ਹੈ
ਜਜ਼ਬਿਆਂ ਦਾ ਮਰਨਾ ਹੈ
ਆਦਮੀ ਦੀ ਥਾਂ ਉਤੇ
ਬੁੱਤ ਦਾ ਉਸਰਨਾ ਹੈ
ਕੋਕੋ ਵਾਲੇ ਬੂਟਾਂ ਦਾ
ਲਾਸ਼ਾਂ ਉਤੇ ਤੁਰਨਾ ਹੈ
ਤਾਂ ਜੋ ਖੜਕ ਨਾ ਹੋਵੇ

www.PunjabiLibrary.com

ਕਾਵਿ ਦੇ ਉੱਪਰਲੇ ਕਾਵਿ-ਟੋਟੇ ਵਿਚ ਸ਼ਾਇਰ ਨੇ ਅਖੌਤੀ 'ਅਹਿੰਸਾਵਾਦੀਆਂ' ਦੀ 'ਅਮਨ ਸ਼ਾਂਤੀ' ਦੇ ਨਕਾਬ ਨੂੰ ਲੀਰੋ-ਲੀਰ ਕੀਤਾ ਹੈ। ਸ਼ਾਇਰ ਨੇ ਨਿਤ ਵਾਪਰਦੇ ਕਰੂਰ ਯਥਾਰਥ ਦਾ ਪ੍ਰਤੱਖਣ ਕਰਵਾਇਆ ਹੈ। 'ਕੋਕੇ ਵਾਲੇ ਬੂਟ ਪਾ ਕੇ ਲਾਸ਼ਾਂ ਤੇ ਤੁਰਨਾ' ਆਦਮੀ ਦੀ ਥਾਂ ਬੁੱਤ ਦਾ ਉਸਰਨਾ' ਗੋਲੀ ਵਿੰਨੀ ਹਿੱਕ ਵਿਚ ਲਹੂ ਵਾਂਗ ਚੁੱਪ ਦਾ ਸਿੰਮਣਾ' ਅਸਲੋਂ ਨਵੇਂ ਬਿੰਬ ਹਨ, ਜਿਨ੍ਹਾਂ ਦੀ ਵਰਤੋਂ ਦੁਆਰਾ ਪਾਤਰ ਨੇ ਯਥਾਰਥ ਨੂੰ ਅਭਿਵਿਅਕਤ ਕੀਤਾ ਹੈ। ਇਸ ਨਜ਼ਮ ਦੀ ਬਿੰਬ ਸਿਰਜਣਾ ਨੂੰ ਮੁੜ ਪਾਠ ਸਿਰਜਣ ਵੇਲੇ ਪੜ੍ਹਨ ਸਮੇਂ ਕਰੁਣਾ ਉਪਜਦੀ ਹੈ।

ਆਧੁਨਿਕ ਯਥਾਰਥ ਨੂੰ ਗ੍ਰਹਿਣ ਕਰ ਕੇ ਮੁੜ ਪ੍ਰਗਟਾਉਣ ਲਈ ਸੁਰਜੀਤ ਪਾਤਰ ਨਿਰੇ ਨਵੇਂ ਬਿੰਬ/ਪ੍ਰਤੀਕਾਂ ਦੀ ਓਟ ਹੀ ਨਹੀਂ ਲੈਂਦਾ ਸਗੋਂ ਉਹ ਇਤਿਹਾਸਕ-ਮਿਥਿਹਾਸਕ ਘਟਨਾਵਾਂ ਨੂੰ ਨਵੇਂ ਅਰਥਾਂ ਵਿਚ ਪੇਸ਼ ਕਰਦਾ ਹੈ। ਸਮਕਾਲੀ ਯਥਾਰਥ ਦੀ ਕਰੂਰਤਾ ਨੂੰ ਸਾਹਮਣੇ ਖੜਾ ਕਰਦਾ ਹੈ। ਇਤਿਹਾਸ ਦੀ ਰੂੜ੍ਹ ਹੋ ਚੁੱਕੀਆਂ ਰੂੜ੍ਹੀਆਂ ਤੋਂ ਨਵੇਂ ਅਰਥ ਲੈਣ ਦੀ, ਇਸ ਦਹਾਕੇ ਦੀ ਸਮੂੰਹ ਸੰਬੋਧਨ ਬਿਰਤੀ ਵਾਂਗ ਹੀ ਇਕ ਪ੍ਰਵਿਰਤੀ ਹੈ। ਸੁਰਜੀਤ ਪਾਤਰ ਨੇ ਇਤਿਹਾਸ-ਮਿਥਿਹਾਸ ਵਿਚੋਂ ਪ੍ਰਾਪਤ ਰੂੜ੍ਹੀਆਂ ਨੂੰ ਆਧੁਨਿਕ ਯਥਾਰਥ ਬੋਧ ਨੂੰ ਪ੍ਰਪੱਕ ਕਰਨ ਹਿੱਤ ਵਰਤੋਂ ਵਿਚ ਲਿਆਂਦਾ ਹੈ।

ਮੈਂ ਕੁਰਸੀ ਵਿਚ ਚਿਣ ਹੋਇਆ ਹਾਂ
ਕੁਰਸੀ ਵਿਚ ਚਿਣਿਆਂ ਪੁੱਤਰਾਂ ਨੂੰ ਸਾਹਿਬਜ਼ਾਦੇ ਕੌਣ ਕਹੇਗਾ

ਇਤਿਹਾਸ/ਮਿਥਿਹਾਸ ਨੂੰ ਪ੍ਰਚੱਲਤ ਅਰਥਾਂ ਤੋਂ ਅਰਥ ਉਲਟਾ ਕੇ ਨਵੇਂ ਅਰਥਾਂ ਵਿਚ ਵਰਤਣ ਲਈ ਸਾਹਸ ਦੀ ਲੋੜ ਤਾਂ ਪੈਂਦੀ ਹੀ ਪੈਂਦੀ ਹੈ, ਇਸ ਨਾਲ ਇਤਿਹਾਸ/ਮਿਥਿਹਾਸ ਦੀ ਸੋਝੀ ਹੋਣਾ ਵੀ ਬਹੁਤ ਜ਼ਰੂਰੀ ਹੈ, ਨਹੀਂ ਤਾਂ ਅਨਰਥ ਹੋਣ ਦਾ ਖ਼ਤਰਾ ਬਣ ਜਾਂਦਾ ਹੈ। ਪਰ ਸੁਰਜੀਤ ਪਾਤਰ ਇਤਿਹਾਸਕ-ਮਿਥਿਹਾਸਕ ਹਵਾਲਿਆਂ ਨੂੰ ਨਵੇਂ ਅਰਥਾਂ ਵਿਚ ਵਰਤਣ ਵਿਚ ਸਫਲ ਰਿਹਾ ਹੈ :

ਹੁਣ ਤਾਂ ਪਤਾ ਹੈ ਕਿ ਜੰਡ ਤੇ ਤਰਕਸ਼
ਸਾਹਿਬਾਂ ਨੇ ਨਹੀਂ ਸਮਿਆਂ ਨੇ ਟੰਗਿਆ ਸੀ

ਇਤਿਹਾਸ/ਮਿਥਿਹਾਸ ਵਿਚ ਵਾਪਰੀਆਂ ਘਟਨਾਵਾਂ ਨੂੰ ਸਮਕਾਲੀ ਸਮੇਂ ਨਾਲ ਮੇਚ ਦੇਣ ਦੀ ਕਾਵਿਕ ਜੁਗਤ ਪਾਤਰ ਨੇ ਬਾਖ਼ੂਬੀ ਵਰਤੀ ਹੈ। ਉਹ ਆਪਣੀ ਇਸ ਜੁਗਤ ਦੁਆਰਾ ਸਮਕਾਲੀ ਘਟਨਾ ਦੀ ਸ਼ਿਦਤ ਨੂੰ ਵਧਾਉਂਦਾ ਅਤੇ ਇਸ ਸ਼ਿਦਤ ਉੱਤੇ ਇਤਿਹਾਸ/ਮਿਥਿਹਾਸ ਤੋਂ ਮੋਹਰ ਲੁਆਉਂਦਾ ਹੈ।

ਤੇ ਜਦੋਂ ਈਡੀਪਸ ਨੂੰ ਉਸ ਦੀ ਮਾਂ ਦੇ ਸੰਗ
ਕਿਸੇ ਹੋਣੀ ਦੇ ਭਾਣੇ ਨੇ ਸੁਲਾਇਆ ਸੀ
ਕਿਸੇ ਹਾਕਮ ਦੇ ਠਾਣੇ ਨੇ ਨਹੀਂ
ਉਦੋਂ ਇਹ ਚੌਕ ਚੌਰਸਤਾ ਹੀ ਹੁੰਦਾ ਸੀ—

ਆਧੁਨਿਕ ਸਮੇਂ ਵਿਚ ਉਪਜੀਆਂ ਨਜ਼ਮਾਂ ਵਿਚ ਵਿਸ਼ਾਲ ਅਰਥ ਵਿਸਤਾਰ ਦੀ ਸੰਭਾਵਨਾ ਹੁੰਦੀ ਹੈ। ਪਾਤਰ ਦੀਆਂ ਅਨੇਕ ਅਰਥੀ ਨਜ਼ਮਾਂ ਵਿਚ ਇਕ ਨਜ਼ਮ ਚੌਕ ਸ਼ਹੀਦਾਂ 'ਚ ਉਸ ਦੀ ਆਖ਼ਰੀ ਭਰਸਨਾ ਵੀ ਹੈ। ਇਸ ਨਜ਼ਮ ਦਾ ਆਰੰਭ ਹੀ ਸਮੂੰਹ ਸੰਬੋਧਨੀ ਸ਼ਬਦਾਂ ਦੁਆਰਾ ਹੁੰਦਾ ਹੈ :

www.PunjabiLibrary.com

ਚਲੋ ਯਾਰੋ ਕਿ ਹੁਣ ਇਹ ਚੌਕ ਛੱਡੀਏ
ਕਿ ਹੁਣ ਇਹ ਚੌਕ ਚੌਰਸਤਾ ਨਹੀਂ ਹੈ

ਸਾਡੀ ਆਮ ਬੋਲ-ਚਾਲ ਦੀ ਭਾਸ਼ਾ ਵਿਚ ਚੌਕ ਅਤੇ ਚੌਰਸਤੇ ਨੂੰ ਇਕੋ ਅਰਥਾਂ ਵਿਚ ਵਰਤਿਆ ਜਾਂਦਾ ਹੈ। ਪਰ ਇਸ ਨਜ਼ਮ ਵਿਚ ਕਵੀ ਨੇ ਚੌਕ ਅਤੇ ਚੌਰਸਤੇ ਸ਼ਬਦਾਂ ਨੂੰ ਅੱਡ-ਅੱਡ ਅਰਥਾਂ ਵਿਚ ਹੀ ਨਹੀਂ ਵਰਤਿਆ ਸਗੋਂ ਦੋਵੇਂ ਅਰਥਾਂ ਵਿਚ ਬੁਨਿਆਦੀ ਕਿਸਮ ਦਾ ਫ਼ਰਕ ਹੈ। ਉਹ ਇਸ ਚੌਕ ਨੂੰ ਛੱਡਣ ਦੀ ਸਲਾਹ ਦਿੰਦਾ ਹੈ, ਕਿਉਂਕਿ ਹੁਣ ਇਹ ਚੌਕ ਚੌਰਸਤਾ ਨਹੀਂ ਰਿਹਾ, ਪਹਿਲਾਂ ਇਹ ਚੌਕ ਚੌਰਸਤਾ ਹੁੰਦਾ ਸੀ। ਨਜ਼ਮ ਦੇ ਪਾਠ ਤੋਂ ਸਾਨੂੰ ਚੌਕ ਅਤੇ ਚੌਰਸਤੇ ਵਿਚ ਫ਼ਰਕ ਦਾ ਪਤਾ ਚੱਲਦਾ ਹੈ :

ਚਲੋ ਇਹ ਚੌਕ ਛੱਡੀਏ
ਕਿਸੇ ਚੌਰਸਤੇ ਤੇ ਪੁੱਜੀਏ
ਤੇ ਉਥੇ ਜਾ ਕੇ ਫਿਰ ਦੁਬਿਧਾ 'ਚ ਪਈਏ
ਏਥੇ ਦੁਬਿਧਾ 'ਚ ਪੈਣਾ ਫੇਰ ਮੁੜ ਕੇ ਕੁੱਖ 'ਚ ਪੈਣਾ ਹੈ।

ਉੱਪਰਲੀਆਂ ਸੱਤਰਾਂ ਸਪੱਸ਼ਟ ਕਰਦੀਆਂ ਹਨ ਕਿ ਚੌਰਸਤੇ ਵਿਚੋਂ ਕਈ ਰਸਤੇ ਨਿਕਲਦੇ ਹਨ। ਮਨੁੱਖ ਕਿਧਰ ਨੂੰ ਜਾਵੇ, ਕਿਹੜਾ ਰਸਤਾ ਠੀਕ ਹੈ ? ਇਸ ਦੀ ਚੋਣ ਕਰਨ ਸਮੇਂ ਮਨੁੱਖ ਦੁਬਿਧਾ ਵਿਚ ਗ੍ਰਸਤ ਹੋ ਜਾਂਦਾ ਹੈ। ਚੌਰਸਤੇ ਵਿਚ ਜਾ ਕੇ ਦੁਬਿਧਾ ਗ੍ਰਸਤ ਹੋਣਾ ਸੁਭਾਵਿਕ ਹੈ, ਪਰ ਜਦ ਚੌਰਸਤੇ ਵਿਚੋਂ ਨਿਕਲੇ ਰਸਤਿਆਂ 'ਚੋਂ ਠੀਕ ਰਸਤੇ ਦਾ ਨਿਰਣਾ ਹੋ ਚੁਕਿਆ ਹੋਵੇ ਤਾਂ ਉਹ ਚੌਰਸਤਾ ਚੌਕ ਬਣ ਜਾਂਦਾ ਹੈ। ਇਸ ਪ੍ਰਕਾਰ ਚੌਰਸਤੇ ਨੂੰ ਚੌਕ ਵਿਚ ਵਟਣ ਲਈ 'ਹਾਣੀਆਂ ਦੇ ਲਹੂ' ਦੀ ਲੋੜ ਪੈਂਦੀ ਹੈ। ਪਰ ਇਕ ਵਾਰ ਰਸਤੇ ਦਾ ਸਹੀ ਨਿਰਣਾ ਹੋ ਜਾਣ ਤੇ ਅੱਗੇ ਵੱਧ ਜਾਣਾ ਚਾਹੀਦਾ ਹੈ। ਸ਼ਾਇਰ ਉਨ੍ਹਾਂ ਲੋਕਾਂ ਨੂੰ ਵੀ ਸੰਬੋਧਿਤ ਹੁੰਦਾ ਹੈ, ਜਿਹੜੇ ਇਸ ਚੌਕ ਵਿਚ ਖੜੇ ਹੋ ਕੇ ਠੀਕ ਰਸਤੇ ਦੀ ਚੋਣ ਕਰਨ ਹਿੱਤ ਦੁਬਿਧਾ ਵਿਚ ਪੈਂਦੇ ਹਨ। ਉਹ ਉਹਨਾਂ ਨੂੰ ਸੰਬੋਧਿਤ ਹੁੰਦਾ ਹੈ, ਜਿਹੜੇ 'ਅਣਜਾਣਪੁਣੇ' ਵਿਚ ਹੀ ਕੋਈ ਰਾਹ ਚੁਣ ਲੈਂਦੇ ਹਨ। ਸ਼ਾਇਰ ਆਖਦਾ ਹੈ ਕਿ ਜਦੋਂ ਹਾਲੇ ਰਸਤੇ ਦਾ ਨਿਰਣਾ ਨਹੀਂ ਹੋਇਆ ਤਾਂ ਮਾਸੂਮੀਅਤ ਵਿਚ ਕਿਸੇ ਵੀ ਰਸਤੇ ਚੱਲ ਪੈਣਾ ਠੀਕ ਸੀ। ਪਰ ਜਦੋਂ ਸਹੀ ਰਸਤੇ ਦਾ ਨਿਰਣਾ ਹੋ ਜਾਵੇ ਤਾਂ ਉਦੋਂ ਸਾਨੂੰ 'ਮਾਸੂਮੀਅਤ' ਦਾ ਢੋਂਗ ਨਹੀਂ ਕਰਨਾ ਚਾਹੀਦਾ :

ਹੁਣ ਮਾਸੂਮੀਅਤ ਕੀ ਹੈ ?
ਸਾਈਡ ਪੋਜ਼ ਹੈ ਗੋਲ ਕਬੂਤਰ ਦਾ

ਕਿਉਂਕਿ ਹੁਣ ਤਾਂ ਸਹੀ ਰਸਤੇ ਦਾ ਨਿਰਣਾ ਹੋ ਗਿਆ ਹੈ। ਸ਼ਾਇਰ ਆਪਣੇ ਸਹੀ ਰਸਤੇ ਦੀ ਚੋਣ ਨੂੰ ਵਾਜਿਬ ਠਹਿਰਾਉਣ ਲਈ ਆਲੇ-ਦੁਆਲੇ ਨੂੰ ਜਾਣ ਲੈਣ ਦਾ ਦਾਅਵਾ ਕਰਦਾ ਹੈ। ਉਹ ਆਪਣੇ ਇਸ ਦਾਅਵੇ ਨੂੰ ਇਉਂ ਬਿਆਨਦਾ ਹੈ :

ਹੁਣ ਤਾਂ ਪਤਾ ਹੈ ਕਿ ਆਤਮਾ ਵੀ ਮਾਸ ਖਾਂਦੀ ਹੈ
ਹੁਣ ਤਾਂ ਪਤਾ ਹੈ ਕਿ ਮਹਿਕ ਨੂੰ ਵੀ ਦੰਦ ਹੁੰਦੇ ਹਨ।

www.PunjabiLibrary.com

ਇਸ ਪ੍ਰਕਾਰ ਕਵੀ ਵਿਰੋਧ ਬਿੰਬਾਂ ਰਾਹੀਂ ਆਪਣੇ ਆਲੇ-ਦੁਆਲੇ ਨੂੰ ਪੇਸ਼ ਕਰਦਾ ਹੈ । ਸਾਡੀ ਅਜੋਕੀ ਜ਼ਿੰਦਗੀ ਵਿਚ ਯਥਾਰਥ ਦਾ ਪ੍ਰਤੱਖਣ ਖ਼ਤਮ ਹੋ ਚੁਕਿਆ ਹੈ । ਕਾਵਿਕ ਰੂੜ੍ਹੀਆਂ ਵੀ ਏਨੀਆਂ ਰੂੜ੍ਹ ਹੋ ਚੁੱਕੀਆਂ ਹਨ ਕਿ ਉਨ੍ਹਾਂ ਵਿਚੋਂ ਅਰਥ ਸੰਚਾਰ ਰੂੜ੍ਹ ਹੋ ਚੁਕਿਆ ਹੈ । ਕਾਵਿਕ ਰੂੜ੍ਹੀਆਂ ਦੀ ਨਵੇਂ ਅਰਥ ਸੰਚਾਰ ਕਰਨ ਦੀ ਸੀਮਾ ਵਿਚ ਖੜੋਤ ਆਉਣ ਕਰ ਕੇ ਆਧੁਨਿਕ ਕਵੀ ਕਾਵਿਕ ਰੂੜ੍ਹੀਆਂ ਨੂੰ ਉਲਟਾ-ਪੁਲਟਾ ਕਰ ਕੇ ਨਵੇਂ ਅਰਥ ਸਿਰਜਣ ਵੱਲ ਰੁਚਿਤ ਹੋ ਰਹੇ ਹਨ । ਇਤਿਹਾਸ-ਮਿਥਿਹਾਸ ਵਿਚੋਂ ਪ੍ਰਾਪਤ ਘਟਨਾਵਾਂ/ਮਿੱਥਾਂ ਨੂੰ ਨਵੇਂ ਅਰਥ ਵਿਚ ਯਥਾਰਥ ਨਾਲ ਮੇਚ ਕੇ ਵਰਤਿਆ ਜਾ ਰਿਹਾ ਹੈ :

ਬਹੁਤ ਬਰਸ ਪਵਿਲਾਂ ਦਾ ਮੈਨੂੰ ਬਿਲੇ ਲਗਾ ਚੁੱਕਾ ਏ
ਪਰ ਮੈਂ, ਬੇਕਿਰਕ ਜਲਾਦਾਂ ਦੇ ਮਨ ਅੰਦਰ
ਉਸ ਮੋਹ ਸਦਕਾ, ਜੋ ਕਤਲ ਤੋਂ ਪਿੱਛੇ ਜਾਗੇ
ਜਿਵੇਂ ਕਿਵੇਂ ਅਜੇ ਤੱਕ ਸਾਸ ਵਿਰੋਲ ਰਿਹਾ ਹਾਂ—

ਉੱਪਰ ਲਿਖਤ ਕਾਵਿ-ਟੋਟੇ ਵਿਚ ਸਾਡੇ ਪ੍ਰਾਚੀਨ ਮਿਥਿਹਾਸ ਵਿਚ ਪੂਰਨ ਭਗਤਾ ਨੂੰ ਜਲਾਦਾਂ ਵਲੋਂ ਛੱਡ ਦੇਣ ਦੀ ਮਿੱਥ ਨੂੰ ਮੁੜ ਸਿਰਜਿਤ ਕੀਤਾ ਗਿਆ ਹੈ । ਪਰ ਇਸ ਮੁੜ ਸਿਰਜਿਤ ਕਰਨ ਵੇਲੇ ਮਿੱਥ ਨੂੰ ਆਧੁਨਿਕਤਾ ਦੀ ਹਾਣੀ ਬਣਾਉਣ ਲਈ ਥੋੜ੍ਹਾ ਉਲਟਾ ਦਿੱਤਾ ਹੈ । 'ਮਰਨ ਤੋਂ ਬਾਅਦ' ਜਲਾਦਾਂ ਦੇ ਮਨ ਵਿਚ ਮੋਹ ਉਪਜਾਇਆ ਹੈ । 'ਕਤਲ ਹੋ ਜਾਣ ਪਿੱਛੋਂ' ਵੀ 'ਅਜੇ ਤੱਕ ਸਾਸ ਵਿਰੋਲਣਾ' ਕੋਈ ਪਰਾਭੌਤਿਕੀ ਗੱਲ ਨਹੀਂ ਹੈ, ਸਗੋਂ ਪਾਤਰ ਦੀ ਸਮਕਾਲੀ ਯਥਾਰਥ ਨੂੰ ਮਿਥਿਹਾਸ ਦੀ ਅੱਖ ਰਾਹੀਂ ਮੁੜ ਫੜ ਕੇ ਅਭਿਵਿਅਕਤ ਕਰਨ ਦੀ ਕਾਵਿਕ ਜੁਗਤ ਹੈ । ਇਸੇ ਪ੍ਰਕਾਰ ਆਧੁਨਿਕ ਕਵੀਆਂ ਵਾਂਗ ਪਾਤਰ ਨੇ ਪ੍ਰਚੱਲਤ ਮੁਹਾਵਰਿਆਂ ਦੇ ਉਲਟ ਨਵੇਂ ਯੁੱਗ ਅਨੁਕੂਲ ਮੁਹਾਵਰੇ ਸਿਰਜਣ ਦੀ ਪ੍ਰਪਾਟੀ ਵਿਚ ਹਿੱਸਾ ਪਾਇਆ । ਉਸ ਨੇ ਲਿਖਿਆ ਹੈ :

ਕੰਧਾਂ ਦੇ ਕੰਨ ਚਾਹੁੰਦੇ ਨੇ
ਅਸੀਂ ਜੀਭ ਦੀ ਜਨ ਆਈਏ

ਲੋਕ ਮੁਹਾਵਰੇ ਅਨੁਸਾਰ ਕੰਧਾਂ ਦੇ ਵੀ ਕੰਨ ਹੁੰਦੇ ਹਨ । ਇਸ ਦਾ ਸਿੱਧਾ ਅਰਥ ਨਿਕਲਦਾ ਹੈ ਕਿ ਕੰਧਾਂ ਦੇ ਕੰਨ ਹੋਣ ਕਰਕੇ ਪਰਦੇ ਵਾਲੀ ਗੱਲ ਕਰਦਿਆਂ ਬਹੁਤ ਜ਼ਿਆਦਾ ਸਾਵਧਾਨ ਰਹਿਣਾ ਚਾਹੀਦਾ ਹੈ । ਪਰ ਸ਼ਾਇਰ ਇਥੇ ਇਨ੍ਹਾਂ ਅਰਥਾਂ ਨੂੰ ਹੀ ਵਿਸਥਾਰਦਾ ਹੈ ਕਿ 'ਕੰਧਾਂ ਦੇ ਕੰਨ' ਤਾਂ ਹੁੰਦੇ ਹਨ, ਪਰ ਜੀਭ ਨਹੀਂ ਅਤੇ ਜੇ ਉਹ ਗੱਲ ਉਗਲ ਦੇਣ ਤਾਂ ਸਾਡੇ ਸਾਹਮਣੇ ਅਸਲੀਅਤ ਆ ਜਾਵੇ । ਇਹ ਅਸਲੀਅਤ ਸਾਡੇ ਹੁਣ ਦੇ ਮਾਪਦੰਡਾਂ ਨੂੰ ਪੂਰਨ ਰੂਪ ਵਿਚ ਉਲਟਾ ਪੁਲਟਾ ਦੇਵੇਗੀ ਕਿਉਂ ਜੋ ਅਸੀਂ ਹਾਕਮਾਂ ਦੇ ਨਾਇਕ ਜਾਂ ਨਿਆਂਪਾਲਕਾਂ ਨੂੰ ਵੀ ਆਪਣੇ ਨਾਇਕ ਜਾਂ ਨਿਆਂ-ਪਾਲਕ ਮੰਨੀ ਬੈਠੇ ਹਾਂ । ਪਰ 'ਕੰਧਾਂ' ਜਿਨ੍ਹਾਂ ਨੂੰ ਅਸਲੀ ਇਤਿਹਾਸ ਦਾ ਪਤਾ ਹੈ, ਜਾਣਦੀਆਂ ਹਨ ਕਿ :

ਸ਼ਰਮਸਾਰ ਸਿਰ ਝੁਕੇ ਕਟਹਿਰੇ ਚੜ੍ਹਨ
ਸ਼ਹਿਨਸ਼ਾਹ ਰਾਜੇ ਅਦਲੀ
ਤੇ ਪਰੇਤ ਜੂਨ ਵਿਚ ਪੈ ਕੇ ਭਟਕਣ ਸੁਰਗ ਨਿਵਾਸੀ

www.PunjabiLibrary.com

ਹਰ ਚਿੱਟੀ ਦਸਤਾਰ ਤੇ ਲੱਗਿਆ
ਖ਼ੂਨ ਦਿਸੇਗਾ ਰੰਗ ਬਿਰੰਗਾ

'ਪਾਤਰ' ਦੀਆਂ ਨਜ਼ਮਾਂ ਵਿਚ ਵਿਰੋਧਾ ਭਾਸੀ ਸੱਤਰਾਂ ਦੀ ਵਰਤੋਂ ਕੀਤੀ ਆਮ ਮਿਲਦੀ ਹੈ, ਜਿਨ੍ਹਾਂ ਵਿਚ ਦੋ ਘਟਨਾਵਾਂ ਜਾਂ ਵਰਤਾਰਿਆਂ ਦਾ, ਜਿਨ੍ਹਾਂ ਵਿਚ ਆਪਸੀ ਤੌਰ ਤੇ ਵਿਰੋਧ ਜੁੱਟਾਂ ਨੂੰ ਇਕ ਦੂਜੇ ਦੇ ਸਾਹਵੇਂ ਖੜ੍ਹਾ ਕਰ ਕੇ ਅਰਥਾਂ ਨੂੰ ਸਪੱਸ਼ਟ ਕੀਤਾ ਜਾਂਦਾ ਹੈ। ਜਿਵੇਂ—

ਮੈਂ ਇਸ ਸ਼ਗਨਾਂ ਭਰੀ ਪਰਭਾਤ
ਆਪਣੇ ਮਾਤਮੀ ਸੰਧਿਆ ਜਿਹੇ ਚਿਹਰੇ ਸਣੇ
ਆਣ ਪਹੁੰਚਾ ਹਾਂ।

ਵਰਨਾ ਤਿਉਹਾਰ ਤੇ ਮੇਲੇ ਜਿਹੇ ਬਸਤਰ
ਪਹਿਨ ਕੇ ਕੌਣ ਆਉਂਦਾ ਹੈ।

ਉਪਰਲੇ ਦੋਹਾਂ ਕਾਵਿਕ-ਟੋਟਿਆਂ ਵਿਚ ਦੋ ਵਿਰੋਧੀ ਵਰਤਾਰਿਆਂ ਨੂੰ ਇਕੱਠੇ ਵਾਪਰਦੇ ਦਿਖਾਇਆ ਹੈ। ਇਸ ਨਾਲ ਦੋਹਾਂ ਵਿਰੋਧੀ ਵਰਤਾਰਿਆਂ ਪਿੱਛੇ ਛੁਪੇ ਯਥਾਰਥ ਦੀ ਸੋਝੀ ਆਉਂਦੀ ਹੈ :

ਜਦੋਂ ਮਾਂ ਨੂੰ ਖ਼ੂਨ ਦੀ ਲੋੜ ਸੀ
ਮੈਂ ਕਿਤਾਬ ਬਣ ਗਿਆ

ਇਸੇ ਪ੍ਰਕਾਰ ਬੇ-ਹਮਲ ਤੀਵੀਂ ਦੇ ਸਰ੍ਹਾਣੇ 'ਬੁੱਧੀਜੀਵੀ' ਪੱਤਰ ਰੱਖ ਦਿੰਦਾ ਹੈ :

ਜੇ ਪੁੱਤਰ ਜੰਮਿਆ ਤਾਂ ਉਸਦਾ ਨਾਂ ਰਾਹੁਲ ਰੱਖੀਂ
ਜੇ ਧੀ ਜੰਮੀ ਤਾਂ ਮੈਨਾਵਤੀ

ਇਕ ਹੋਰ ਵਿਸੰਗਤੀ ਨੂੰ ਪਾਤਰ ਨੇ ਇਉਂ ਦਰਸਾਇਆ ਹੈ :

ਤੇ ਜਾਂ ਲੂੰਬੜ ਨੂੰ ਚੋਣ ਨਿਸ਼ਾਨ ਲੇਲਾ ਮਿਲ ਗਿਆ—

ਇਸ ਪ੍ਰਕਾਰ ਅਸੀਂ ਆਖ ਸਕਦੇ ਹਾਂ ਕਿ 'ਸੁਰਜੀਤ ਪਾਤਰ' ਨੇ ਆਪਣੀਆਂ ਖੁਲ੍ਹੀਆਂ ਨਜ਼ਮਾਂ ਵਿਚ ਸਮਕਾਲੀ ਯਥਾਰਥ ਦੇ ਅੰਗ ਰਾਜਸੀ ਯਥਾਰਥ ਨੂੰ ਗ੍ਰਹਿਣ ਕਰਦਿਆਂ ਸਮੂੰਹ ਸੰਬੋਧਨੀ ਸੁਰ ਵਿਚ ਮਿਥਿਹਾਸਕ/ਇਤਿਹਾਸਕ ਵਰਤਾਰਿਆਂ ਨਾਲ ਸਬੰਧ ਜੋੜਦਿਆਂ ਵਿਰੋਧਭਾਸੀ ਵਿਅੰਗ-ਆਤਮਿਕ ਕਾਵਿਕ ਜੁਗਤਾਂ ਦੁਆਰਾ ਕਲਾਤਮਿਕ ਅਭਿਵਿਅਕਤੀ ਪ੍ਰਦਾਨ ਕੀਤੀ ਹੈ। ਉਸ ਦੇ ਇਹੀ ਕਾਵਿ-ਵਿਸ਼ੇ ਬਦਲੀ ਰਾਜਸੀ ਯਥਾਰਥ ਦੇ ਸਨਮੁੱਖ ਗ਼ਜ਼ਲ ਕਾਵਿ-ਰੂਪ ਰਾਹੀਂ ਕੁਝ ਬਦਲੇ ਰੂਪ ਵਿਚ ਉਜਾਗਰ ਹੁੰਦੇ ਹਨ।

ਸੁਰਜੀਤ ਪਾਤਰ ਨੇ ਖੁਲ੍ਹੀਆਂ ਨਜ਼ਮਾਂ ਤੋਂ ਬਾਅਦ ਗ਼ਜ਼ਲਾਂ ਲਿਖੀਆਂ। ਇਥੇਉਸ ਦੀ ਕਾਵਿ-ਯਾਤਰਾ ਵਿਚ ਇਕ ਮੋੜ ਆਉਂਦਾ ਜਾਪਦਾ ਹੈ, ਪਹਿਲਾਂ ਦੀਆਂ ਖੁਲ੍ਹੀਆਂ ਨਜ਼ਮਾਂ ਦਾ ਵਿਸ਼ਾ ਅਤੇ ਵਿਸ਼ੇ ਨੂੰ ਨਿਭਾਉਣ ਦੀ ਤਕਨੀਕ ਨਾਲ ਸਾਂਝੀ ਹੀ ਨਹੀਂ ਹੈ, ਸਗੋਂ ਅਰੇਤ ਨਕਸਲਬਾੜੀ ਕਾਵਿ-ਲਹਿਰ ਦੇ ਸਾਰੇ ਸਾਹਿਤਕ ਲੱਛਣਾਂ ਨੂੰ ਤਿਆਗਣਾ ਸ਼ੁਰੂ ਕਰ ਦਿੱਤਾ ਅਤੇ ਆਪਣੀ ਸਮਕਾਲੀ ਪੀੜ੍ਹੀ

www.PunjabiLibrary.com

ਨਾਲ, ਆਪਣੇ ਆਪ ਨੂੰ ਇਕ ਸੁਰ ਕਰਨਾ ਸ਼ੁਰੂ ਕਰ ਦਿੱਤਾ। ਕਾਵਿ-ਰੂਪ ਦੇ ਪੱਧਰ ਤੇ 'ਪਾਤਰ' ਨੇ ਆਪਣੇ ਵਿਚਾਰਾਂ/ਭਾਵਾਂ ਦੀ ਕਲਾਤਮਿਕ ਅਭਿਵਿਅਕਤੀ ਲਈ ਗ਼ਜ਼ਲ ਕਾਵਿ-ਰੂਪ ਨੂੰ ਚੁਣਿਆ ਹੈ। ਨਕਸਲਬਾੜੀ ਰਾਜਸੀ ਯਥਾਰਥ ਅਤੇ ਨਕਸਲਬਾੜੀ ਕਾਵਿ-ਲਹਿਰ ਦਾ ਪਿਛੋਕੜ, ਉਸ ਦੀਆਂ ਗ਼ਜ਼ਲਾਂ ਦੇ ਸ਼ੇਅਰਾਂ ਵਿਚ ਸਮਾਇਆ ਰਹਿੰਦਾ ਹੈ, ਪਰ ਇਸ ਦੇ ਨਾਲ ਹੀ ਸਮਕਾਲੀ ਯਥਾਰਥ ਦੀਆਂ ਵਿਭਿੰਨ ਪਰਤਾਂ ਨੂੰ ਇਕ ਵਿਸ਼ੇਸ਼ ਜੀਵਨ ਦ੍ਰਿਸ਼ਟੀਕੋਣ ਤੋਂ ਕਲਾਤਮਿਕ ਅਭਿਵਿਅਕਤੀ ਦੇਣ ਲੱਗਿਆ।

ਲੇਖਕ ਆਪਣੀਆਂ ਰਚਨਾਵਾਂ ਵਿਚ ਅਚੇਤ ਜਾਂ ਸੁਚੇਤ ਤੌਰ ਤੇ ਸਮਕਾਲੀ ਯਥਾਰਥ ਨੂੰ ਅਨੁਭਵ ਕਰਕੇ ਉਸ ਦੀ ਕਲਾਤਮਿਕ ਅਭਿਵਿਅਕਤੀ ਕਰਦਾ ਹੈ। ਸਮਕਾਲੀ ਯਥਾਰਥ ਨੂੰ ਚਿਤਰਦੇ 'ਹਵਾ ਵਿਚ ਲਿਖੇ ਹਰਫ਼' ਦੇ ਕੁਝ ਸ਼ੇਅਰ ਤਾਂ ਸਮਕਾਲੀ ਇਤਿਹਾਸ ਦੇ ਵਰਕੇ ਜਾਪਦੇ ਹਨ। ਕਠੋਰ ਸਮਕਾਲੀ ਯਥਾਰਥ ਦਾ ਮਾਨਵ ਮਨ ਉੱਤੇ ਪੈ ਰਹੇ ਪ੍ਰਭਾਵ ਨੂੰ ਮਾਨਵੀ ਸੰਵੇਦਨਾ ਸਹਿਤ ਪ੍ਰਗਟਾਉਣ ਵਿਚ ਸੁਰਜੀਤ ਪਾਤਰ ਸਫ਼ਲ ਰਿਹਾ ਹੈ। ਇਸ ਕਠੋਰ ਯਥਾਰਥ ਦੇ ਕਟੂਰ ਅਨੁਭਵ ਨੂੰ 'ਪਾਤਰ' ਇਉਂ ਰੂਪਮਾਨ ਕਰਦਾ ਹੈ :

ਅਸਾਡੇ ਖ਼ੂਨ 'ਚੋਂ ਕਰਕੇ ਕਸ਼ੀਦ ਸਭ ਖ਼ੁਸ਼ੀਆਂ
ਅਸਾਡੇ ਸ਼ਹਿਰ 'ਚ ਹੀ ਵੇਚਦਾ ਕਲਾਲ ਰਿਹਾ

ਉੱਪਰ ਲਿਖਤ ਸ਼ੇਅਰ ਵਿਚ ਸਥਿਤੀਆਂ ਅਧੀਨ ਬੇਵੱਸੀ ਵਿਚ ਫਸੇ ਮਨੁੱਖ ਦੀ ਦੁਖਾਂਤਕ ਸਥਿਤੀ ਦੀ ਭਾਵ-ਪੂਰਤ ਢੰਗ ਨਾਲ ਅਭਿਵਿਅਕਤੀ ਹੋਈ ਹੈ। ਖ਼ੂਨ ਵਿਚੋਂ ਖ਼ੁਸ਼ੀਆਂ ਨੂੰ ਕਸ਼ੀਦ ਕਰ ਲੈਣਾ ਅਤੇ ਉਸੇ ਦੇ ਸ਼ਹਿਰ ਵਿਚ ਵੇਚਣਾ ਬਹੁਤ ਤ੍ਰਾਸਦਿਕ ਹੈ। ਖ਼ੂਨ ਵਿਚੋਂ ਖ਼ੁਸ਼ੀਆਂ ਨੂੰ ਕਸ਼ੀਦਣ ਦੀ ਪ੍ਰਕਿਰਿਆ ਹੀ ਦੁਖਦਾਈ ਹੈ, ਪਰ ਫਿਰ ਇਨ੍ਹਾਂ ਖ਼ੁਸ਼ੀਆਂ ਨੂੰ ਸ਼ਹਿਰ ਵਿਚ ਵੇਚਣਾ ਅਤਿ-ਦੁਖਦਾਈ ਹੈ। ਇਹ ਸ਼ੇਅਰ ਵਿਚ ਵਿਸ਼ਾਲ ਅਰਥ ਸੰਚਾਰ ਦੀ ਸੰਭਾਵਨਾ ਹੈ। ਸ਼ਬਦ ਆਪਣੇ ਅਰਥ ਵਿਚ ਵਿਸਥਾਰ ਗ੍ਰਹਿਣ ਕਰਦੇ ਹਨ। ਸ਼ਾਇਰ ਨੇ ਸਮਕਾਲੀ ਯਥਾਰਥ ਦੀ ਅਸਹਿ ਕਠੋਰਤਾ, ਅਮਾਨਵੀਪਣ ਨੂੰ ਇਕੋ ਸ਼ੇਅਰ ਵਿਚ ਬੰਨ੍ਹ ਦਿੱਤਾ ਹੈ। ਜਿਸ ਸਮਾਜ ਵਿਚ ਅਸੀਂ ਰਹਿ ਰਹੇ ਹਾਂ, ਇਸ ਵਿਚ ਪੈਸੇ ਦੀ ਪੂਰਨ ਪ੍ਰਧਾਨਤਾ ਹੈ। ਮਾਨਵੀ ਗੁਣਾਂ ਦੀ ਥਾਂ ਪੈਸੇ ਦੇ ਮਾਪ-ਦੰਡ ਵਧੇਰੇ ਪ੍ਰਭਾਵੀ ਹਨ। ਵਰਗਾਂ ਵਿਚ ਵੰਡੇ ਸਮਾਜ ਵਿਚ ਮਨੁੱਖ ਦੀ ਚੰਗੀ ਬੁੱਧੀ, ਸਰੀਰਕ ਸ਼ਕਤੀ ਜਾਂ ਦਿਲੋਂ ਚੰਗੇ ਹੋਣ ਦੀ ਕੋਈ ਕਦਰ ਨਹੀਂ ਪੈਂਦੀ ਸਗੋਂ ਪੈਸੇ ਵਾਲੇ ਮਨੁੱਖ ਦੀ ਹੀ ਵੁੱਕਤ ਪੈਂਦੀ ਹੈ। ਇਸ ਕਰਕੇ ਮਨੁੱਖ ਅੰਦਰ ਪੈਸੇ ਦੀ ਅੰਨ੍ਹੀ ਭੁੱਖ ਪੈਦਾ ਹੋ ਜਾਂਦੀ ਹੈ। ਪੈਸੇ ਦੀ ਅੰਨ੍ਹੀ ਭੁੱਖ ਮਨੁੱਖ ਨੂੰ ਮਾਨਵੀ ਗੁਣਾਂ ਤੋਂ ਅਭਿੱਜ ਅਤੇ ਕਲਾ ਤੋਂ ਕੋਰਾ ਬਣਾ ਦਿੰਦੀ ਹੈ। ਇਸ ਸਥਿਤੀ ਨੂੰ ਪਾਤਰ ਨੇ ਇਉਂ ਰੂਪਮਾਨ ਕੀਤਾ ਹੈ :

ਕੁਝ ਸਮਝਦੇ ਨੇ ਬੱਸ ਏਨਾ ਕੁ ਰਾਗ ਨੂੰ
ਸੋਨੇ ਦੀ ਜੇ ਹੈ ਬੰਸਰੀ ਤਾਂ ਬੇਸੁਰੀ ਨਹੀਂ

ਇਨ੍ਹਾਂ ਕਠੋਰ ਹਾਲਤਾਂ ਵਿਚ ਮਨੁੱਖ ਪ੍ਰਤੀਕੂਲ ਸਥਿਤੀਆਂ ਨਾਲ ਕਈ ਵਾਰ ਸਮਝੌਤਾ ਕਰ ਲੈਂਦਾ ਹੈ। ਅਸਾਡੇ ਉਸ ਨਾਇਕ ਦੀ ਹਾਲਤ ਬੇਹੱਦ ਤ੍ਰਾਸਦਿਕ ਹੁੰਦੀ ਹੈ, ਜਿਸ ਦਾ ਪਹਿਲਾ ਦਾਅਵਾ ਹੁੰਦਾ ਹੈ ਕਿ ਅਸੀਂ ਉਹ ਤਲਵਾਰ ਹਾਂ, ਜਿਹੜੀ ਟੁੱਟ ਸਕਦੀ ਹੈ, ਪਰ ਝੁਕ ਨਹੀਂ ਸਕਦੀ।

www.PunjabiLibrary.com

ਜਦੋਂ ਪ੍ਰਤੀਕੂਲ ਸਥਿਤੀਆਂ ਪਹਿਲਾਂ ਉਸ ਨੂੰ ਝੁਕਾਉਂਦੀਆਂ ਹਨ ਅਤੇ ਫੇਰ ਉਹ ਤੋੜ ਵੀ ਦਿੰਦੀਆਂ ਹਨ। ਸਮਝੌਤਾ ਕਰ ਲੈਣਾ ਤੇ 'ਲੂਣ ਦੀ ਖਾਣ ਵਿਚ ਲੂਣ ਹੋ ਜਾਣਾ' ਯਥਾਰਥਕ ਜੀਵਨ ਵਿਚ ਨਿੱਤ ਵਾਪਰਦਾ ਹੈ। ਪਾਤਰ ਨੇ ਇਸ ਸਮਕਾਲੀ ਯਥਾਰਥ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਹੈ :

ਉਹ ਫੇਰ ਕਦੀ ਹੋ ਕੇ ਹਰੇ ਝੂਮ ਸਕੇ ਨਾ
ਉਹ ਬਿਰਖ਼ ਜੋ ਕੁਰਸੀਆਂ ਦੀ ਜੂਨ ਪਏ ਨੇ

ਬਣ ਕੇ ਜ਼ੰਜੀਰ ਲਈ ਮੌਤ ਜੁ ਉਠਦਾ ਲੋਹਾ
ਉਹ ਜ਼ੰਜੀਰ 'ਚ ਢਲ ਜਾਂਦਾ ਹੌਲੀ ਹੌਲੀ

ਭਾਵੇਂ ਕੁਰਸੀਆਂ ਦੀ ਜੂਨ ਪੈ ਜਾਣਾ ਤੇ ਮਜਬੂਰੀ ਅਧੀਨ ਸਮਕਾਲੀ ਪ੍ਰਤੀਕੂਲ ਪ੍ਰਸਥਿਤੀਆਂ ਨਾਲ ਸਮਝੌਤਾ ਕਰਕੇ ਕਾਬਜ਼ ਜਮਾਤੀ ਪ੍ਰਬੰਧ ਦੇ ਪੁਰਜ਼ੇ ਬਣ ਜਾਣਾ ਸੰਭਵ ਹੈ। ਉਨ੍ਹਾਂ ਨੂੰ ਬਿਰਖਾਂ ਵਾਂਗ ਲਹਿਰਾਉਣਾ ਮੁਸ਼ਕਲ ਹੋ ਜਾਂਦਾ ਹੈ, ਪਰ ਫੇਰ ਵੀ :

ਲੱਤਾਂ ਨੇ ਜਦੋਂ ਚਾਰ ਕਿਉਂ ਦੌੜ ਨਾ ਜਾਈਏ
ਦਫ਼ਤਰ 'ਚ ਪਏ ਮੇਜ਼ ਇਹ ਸੋਚ ਰਹੇ ਨੇ

'ਮੇਜ਼' ਬਣ ਚੁੱਕੇ ਮਨੁੱਖ ਦੇ ਮਨ ਵਿਚ ਵੀ ਆਪਣੇ ਤੇ ਥੋਪੀ ਗਈ ਗ਼ੁਲਾਮੀ ਦਾ ਤੀਬਰ ਅਹਿਸਾਸ ਹੁੰਦਾ ਹੈ। ਇਸ ਅਹਿਸਾਸ ਤੋਂ ਵਿਦਰੋਹ ਦਾ ਜਨਮ ਹੁੰਦਾ ਹੈ। ਪਰ ਅਜਿਹੇ ਸਮੇਂ ਜਦੋਂ ਮਨੁੱਖ ਦੇ ਬਹੁਤ ਸਾਰਾ ਕੁਝ ਕਰਨ ਗੋਚਰਾ ਪਿਆ ਹੋਵੇ, ਪਰ ਉਹ ਮਜਬੂਰੀ ਵੱਸ ਸਥਿਤੀ ਦੇ ਹੱਥਾਂ ਵਿਚ ਛਟਪਟਾ ਰਿਹਾ ਹੋਵੇ, ਉਹ ਆਪਣੀ ਬੇਵੱਸੀ ਦੇ ਮਨੋਭਾਵਾਂ ਨੂੰ ਛੁਪਾ ਕੇ ਆਪਣੀ ਹੀ ਜ਼ਮੀਰ ਨੂੰ ਸੁਰੱਖਿਅਤ ਰੱਖਣਾ ਚਾਹੁੰਦਾ ਹੈ। ਇਸ ਕਮਜ਼ੋਰੀ ਦਾ ਵਰਣਨ 'ਪਾਤਰ' ਦੇ ਸ਼ੇਅਰਾਂ ਵਿਚ ਇਉਂ ਮਿਲਦਾ ਹੈ :

ਸੀ ਬਹੁਤ ਗਹਿਰੀ ਉਦਾਸੀ ਜੇ ਮੈਂ ਦਿਲ ਵਿਚ ਦੇਖਦਾ
ਇਸ ਲਈ ਮੈਂ ਸੱਖਣੇ ਅਸਮਾਨ ਵੱਲ ਤੱਕਦਾ ਰਿਹਾ

ਪਰ ਜਦੋਂ 'ਮੇਜ਼' ਬਣਿਆ ਮਨੁੱਖ ਮਜ਼ਬੂਤ ਹੋ ਕੇ ਪ੍ਰਸਥਿਤੀਆਂ ਵਿਰੁੱਧ ਟੱਕਰ ਲੈਂਦਾ ਹੈ ਤਾਂ ਕਾਬਜ਼ ਜਮਾਤਾਂ ਉਸ ਨੂੰ ਦਬਾਉਣ ਲਈ ਹਰ ਹੀਲਾ ਵਰਤੀਆਂ ਹਨ :

ਮਾਪਣ ਨੂੰ ਗਹਿਰਾਈ ਮੇਰੀਆਂ ਸੋਚਾਂ ਦੀ
ਮੇਰੀ ਹਿੱਕ ਵਿਚ ਤੇਗ ਉਨ੍ਹਾਂ ਨੇ ਡੋਬ ਲਈ

ਇਕ ਪਾਸੇ ਸਥਿਤੀ ਨੂੰ ਬਦਲਣ ਲਈ ਲੋਕ ਜੂਝਦੇ ਹਨ। ਆਪਣੇ ਆਦਰਸ਼ਾਂ ਖ਼ਾਤਰ ਜਾਨ ਕੁਰਬਾਨ ਕਰ ਦਿੰਦੇ ਹਨ, ਪਰ ਇਸ ਜਬਰ ਜ਼ੁਲਮ ਜਾਂ ਤਸ਼ੱਦਦ ਦੂਸਰੇ ਪਾਸੇ ਜੂਝਦੇ ਲੋਕਾਂ ਦਾ ਹੌਂਸਲਾ ਪਸਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਮਨੁੱਖ ਵਿਚ 'ਆਪਾ ਬਚਾਓ' ਦੀ ਮੂਲ ਪ੍ਰਵਿਰਤੀ ਹੁੰਦੀ ਹੈ। ਇਸ ਪ੍ਰਵਿਰਤੀ ਅਧੀਨ ਲਹਿਰਾਂ ਵਿਚ ਗ਼ੱਦਾਰ ਪੈਦਾ ਹੁੰਦੇ ਹਨ। ਲਹਿਰ ਦੀ ਕਮਜ਼ੋਰੀ ਆਪਾ ਬਚਾਉਣ ਦੀ ਪ੍ਰਵਿਰਤੀ ਨੂੰ ਤੇਜ਼ ਕਰਦੀ ਹੈ। ਸਥਾਪਤ ਸਮਾਜਿਕ ਰਾਜਨੀਤਕ ਪ੍ਰਬੰਧ ਤੋਂ ਬਾਕੀ ਲੋਕਾਂ ਵਿਚ ਹਕੂਮਤੀ ਤਸ਼ੱਦਦ ਦਾ ਭੈਅ ਵੀ ਬਣਿਆ ਰਹਿੰਦਾ ਹੈ। ਆਪਣੇ ਆਪ ਨੂੰ

www.PunjabiLibrary.com

ਨਿਰਦੇਸ਼ ਜਾਂ ਜੋ ਬੀਤੇ ਸਮੇਂ ਵਿਚ ਕੁਝ ਕੀਤਾ ਹੈ, ਤਾਂ ਉਸ ਤੋਂ ਆਪ ਨੂੰ ਮੁਕਤ ਕਰਨ ਪਿੱਛੇ ਕਿਹੜੇ ਰਾਜਨੀਤਕ ਜਾਂ ਮਾਨਸਿਕ ਕਾਰਨ ਸਨ। ਅਸੀਂ ਇਸ ਬਹਿਸ ਵਿਚ ਨਾ ਪੈ ਕੇ ਇਸ 'ਆਪਾ ਬਚਾਉਣ ਦੀ ਸਮੱਸਿਆ' ਦੀ ਸਾਹਿਤ ਵਿਚ ਹੋਈ ਪੇਸ਼ਕਾਰੀ ਤੇ ਗੱਲ ਕਰਨ ਦਾ ਯਤਨ ਕਰਾਂਗੇ। 'ਪਾਤਰ' ਦੇ ਗ਼ਜ਼ਲ ਸੰਗ੍ਰਹਿ 'ਹਵਾ ਵਿਚ ਲਿਖੇ ਹਰਫ਼' ਦੇ ਪਠਨ ਤੋਂ ਇਕ ਗੱਲ ਭਲੀ-ਭਾਂਤ ਸਾਹਮਣੇ ਆਉਂਦੀ ਹੈ ਕਿ ਸ਼ਾਇਰ ਨੂੰ ਪ੍ਰਾਪਤ ਯਥਾਰਥ ਦੀਆਂ ਕਠੋਰ ਪ੍ਰਸਥਿਤੀਆਂ ਦਾ ਭਲੀ-ਭਾਂਤ ਗਿਆਨ ਹੈ। ਉਹ ਇਸ ਸਥਿਤੀ ਨੂੰ ਬਦਲਣ ਦਾ ਵੀ ਚਾਹਵਾਨ ਹੈ। ਕਾਬਜ਼ ਧਿਰ ਵਲੋਂ ਆਪਣੇ ਇਸ ਵਿਰੋਧ ਦਾ ਦਮਨ ਕਰਨਾ ਵੀ ਸੁਭਾਵਿਕ ਹੈ। ਸ਼ਾਇਰ ਨੇ ਇਸ ਦਮਨ ਨੂੰ ਨਿਰਾਸ਼ਮਈ ਸੁਰ ਵਿਚ ਰੂਪਮਾਨ ਕੀਤਾ ਹੈ। ਉਹ ਆਪਣੇ ਆਪ ਨੂੰ ਨਿਰਦੋਸ਼ ਸਿੱਧ ਕਰਨ ਲਈ ਲਿਖਦਾ ਜਾਪਦਾ ਹੈ:

ਮੈਂ ਕਦ ਸੂਹੇ ਬੋਲ ਉਗਾਏ, ਮੈਂ ਕਦ ਰੋਸ਼ਨ ਬਾਤ ਕਹੀ
ਮੇਰੇ ਪੇਸ਼ ਤਾਂ ਐਵੇਂ ਪੈ ਗਏ, ਇਸ ਬੇਨੂਰ ਨਗਰ ਦੇ ਲੋਕ

...

ਹਵਾ ਵੀ ਵਗਦੀ ਹੈ ਅੱਜਕਲ ਤਾਂ ਮੁਹਮਤਾਂ ਵਰਗੀ
ਤੂੰ ਹਾਦਸੇ ਤੋਂ ਜ਼ਰਾ ਫ਼ਰਕ ਤੇ ਖੜੋਣਾ ਸੀ

ਇਸੇ ਤਰ੍ਹਾਂ ਇਕ ਹੋਰ ਸ਼ੇਅਰ ਹੈ:

ਮੇਰੇ ਤੋਂ ਕੀ ਪੁੱਛਦੇ ਹੋ ਮੈਂ ਕੇਵਲ ਗੂੰਜ
ਗੋਲੀ ਵੀ ਕਿਸੇ ਹੋਰ ਮਾਰੀ ਮਰਿਆ ਵੀ ਕੋਈ ਹੋਰ

ਇਹਨਾਂ ਉੱਪਰ ਲਿਖਤ ਸ਼ੇਅਰਾਂ ਵਿਚ ਸਪੱਸ਼ਟ ਜਾਪਦਾ ਹੈ ਕਿ ਸ਼ਾਇਰ ਦੀ ਮਰਜ਼ੀ ਹਾਦਸੇ ਤੋਂ ਫ਼ਰਕ ਤੇ ਖੜੋਣ ਦੀ ਸੀ। ਉਸ ਨੂੰ ਤੁਹਮਤਾਂ ਵਰਗੀ ਹਵਾ ਤੋਂ ਡਰ ਲੱਗਦਾ ਹੈ। 'ਸਿਰ ਧਰ ਤਲੀ ਗਲੀ ਮੇਰੀ ਆਓ' ਦੀ ਥਾਂ ਇੱਥੇ ਸ਼ਾਇਰ ਆਪਾ ਬਚਾਉਂਦਾ ਜਾਪਦਾ ਹੈ। ਆਪਣੀਆਂ ਵਕਤੀ ਹਾਰਾਂ ਤੋਂ ਬਾਅਦ ਆਪਣੇ ਆਪ ਦੇ ਕੀਤੇ ਨੂੰ ਜਾਇਜ਼ ਠਹਿਰਾ ਕੇ, ਆਪਣੇ ਆਪ ਨੂੰ ਨਿਰਦੋਸ਼ ਆਖਣਾ ਸੁਭਾਵਿਕ ਹੈ। ਪਰ 'ਪਾਤਰ' ਦੀਆਂ ਗ਼ਜ਼ਲਾਂ ਵਿਚ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨਾ ਤਾਂ ਜ਼ਾਹਰ ਹੁੰਦਾ ਹੈ। ਪਰ ਇਹ 'ਆਪਾ ਬਚਾਓ' ਉਹ ਆਪਣੇ ਲੋਕਾਂ ਤੋਂ ਨਹੀਂ ਕਰਦਾ ਸਗੋਂ ਉਹ ਤਾਂ ਕੂੜ ਦੀ ਕਚਹਿਰੀ ਵਿਚ ਦੁਸ਼ਮਨਾਂ ਤੋਂ ਨਿਰਦੋਸ਼ ਹੋਣ ਦਾ ਪ੍ਰਮਾਣ-ਪੱਤਰ (ਸਰਟੀਫਿਕੇਟ) ਲੈਣਾ ਚਾਹੁੰਦਾ ਜਾਪਦਾ ਹੈ। ਉਸ ਦੇ ਉਪਰ ਲਿਖਤ ਸ਼ੇਅਰ ਤਾਂ ਇਸੇ ਕੋਟੀ ਵਿਚ ਆਉਂਦੇ ਜਾਪਦੇ ਹਨ, ਪਰ ਉਸ ਦੇ ਆਪਣੇ ਲੋਕਾਂ ਮੂਹਰੇ ਇਕਬਾਲੀਆ ਅੰਦਾਜ਼ ਵਿਚ 'ਨਿਰਦੋਸ਼ਤਾ' ਸਿੱਧ ਕਰਦੇ ਸ਼ੇਅਰ ਵੀ ਹਨ:

ਬੇ-ਰਹਿਮਾਂ ਦੀ ਚਾਕਰੀ, ਮੁੜਕੇ ਭਿਜਿਆ ਟੁੱਕ
ਜੇ ਕੋਈ ਸਾਡਾ ਮਿਲ ਪਿਆ, ਦੱਸ ਨਾ ਦੇਣਾ ਹਾਲ

...

ਦਿਲ ਦੀ ਧੂਣੀ ਫੋਲ ਨਾ ਯਾਰਾ ਨਾਜ਼ੁਕ ਤੇਰੇ ਪੋਟੇ
ਗੀਤਾਂ ਜੋਗੀ ਉਮਰਾ ਤੇਰੀ ਪੁੱਛ ਨਾ ਸਾਡਾ ਹਾਲ

www.PunjabiLibrary.com

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸੁਰਜੀਤ ਪਾਤਰ ਦੀਆਂ ਗ਼ਜ਼ਲਾਂ ਵਿਚ ਉਸ ਦੇ 'ਲੋਕਾਂ ਦੀ ਕਚਹਿਰੀ' ਅਤੇ 'ਜੋਕਾਂ ਦੀ ਕਚਹਿਰੀ' ਵਿਚ ਆਪਣੇ ਆਪ ਨੂੰ ਬਚਾ ਕੇ 'ਨਿਰਦੋਸ਼ੀ' ਸਿੱਧ ਕਰਨ ਵਾਲੇ ਸ਼ੇਅਰ ਮਿਲ ਜਾਂਦੇ ਹਨ। ਜਿੱਥੇ 'ਲੋਕਾਂ ਦੀ ਕਚਹਿਰੀ' ਵਿਚ ਉਸ ਨੂੰ ਉਸ ਦੀ ਜ਼ਮੀਰ ਖੜ੍ਹਾ ਕਰਦੀ ਹੈ ਉਥੇ 'ਜੋਕਾਂ ਦੀ ਕਚਹਿਰੀ' ਵਿਚ ਉਸ ਨੂੰ ਆਲੇ-ਦੁਆਲੇ ਦੀਆਂ ਹਾਲਤਾਂ ਖੜ੍ਹਾ ਕਰਦੀਆਂ ਹਨ, ਜਿਨ੍ਹਾਂ ਵਿਚ ਸ਼ਾਇਰ ਦਾ ਨਿੱਤ ਦਾ ਜੀਵਨ ਬੀਤਦਾ ਹੈ। ਸ਼ਾਇਰ ਦੋਹੀਂ ਪਾਸੀਂ ਸੱਚਾ ਹੋਣ ਦੇ ਯਤਨ ਵਿਚ ਜਾਪਦਾ ਹੈ। ਇਸ ਦਵੰਦ ਨੂੰ ਪ੍ਰੇਮ-ਪ੍ਰਕਾਸ਼ ਨੇ ਆਪਣੀ ਇਕ ਕਹਾਣੀ ਵਿਚ 'ਸ਼ਹੀਦ ਵੀ ਮੇਰੇ ਸਰਕਾਰ ਵੀ ਮੇਰੀ' ਵਾਲੀ ਗੱਲ ਰਾਹੀਂ ਉਜਾਗਰ ਕੀਤਾ ਸੀ।

ਉਸ ਦੀਆਂ ਗ਼ਜ਼ਲਾਂ ਦੇ ਕੁਝ ਸ਼ੇਅਰਾਂ ਵਿਚ ਤੀਖਣ 'ਵਿਅੰਗ' ਵੀ ਮਿਲਦਾ ਹੈ। ਸਮਕਾਲੀ ਯਥਾਰਥ ਦੀ ਕਰੂਰਤਾ ਨੂੰ ਪਾਤਰ ਨੇ ਬੜੀ ਵਿਅੰਗਆਤਮਿਕ ਦ੍ਰਿਸ਼ਟੀ ਤੋਂ ਬਿਆਨ ਕੀਤਾ ਹੈ। ਉਸ ਦਾ ਇਹ 'ਵਿਅੰਗ' ਹਲਕਾ ਹਾਸਾ ਜਾਂ ਮਨੋਰੰਜਨ ਤਨਜ਼ ਹੋਣ ਦੀ ਥਾਂ ਉਨ੍ਹਾਂ ਸਚਾਈਆਂ ਨੂੰ ਦਵੰਦੀ ਰੂਪ ਵਿਚ ਪ੍ਰਸਤੁਤ ਕਰਦਾ ਹੈ, ਜਿਨ੍ਹਾਂ ਹੇਠ ਕਠੋਰ ਯਥਾਰਥ ਛੁਪਿਆ ਹੋਇਆ ਹੈ। ਵਿਅੰਗ ਨੂੰ ਅਮਰੀਕੀ ਕਾਵਿ ਆਲੋਚਕਾਂ ਨੇ ਕਾਵਿ ਦਾ ਜ਼ਰੂਰੀ ਅੰਗ ਮੰਨਿਆ ਹੈ। ਨਵ-ਆਲੋਚਕ 'ਕਲਿੰਥਬਰੁਕਸ' ਅਨੁਸਾਰ ਕਥਨ ਨੂੰ ਪ੍ਰਸੰਗ ਰਾਹੀਂ ਅਸਿੱਧਾ ਕਰਨਾ ਹੀ ਵਿਅੰਗ ਹੈ। ਇਸੇ ਪ੍ਰਕਾਰ ਉਸ ਨੇ ਵਿਅੰਗ-ਕਥਨ ਨੂੰ ਆਪਣੇ ਪ੍ਰਤੀਤ ਹੋਣ ਵਾਲੇ ਪ੍ਰਗਟ ਅਰਥ ਤੋਂ ਉਲਟ ਅਰਥਾਂ ਦਾ ਸੰਕੇਤ ਕਰਨ ਵਾਲਾ ਕਥਨ ਕਿਹਾ ਹੈ। ਯਥਾਰਥ ਦਾ ਸਾਡੇ ਚਾਰੇ ਪਾਸੇ ਪਸਾਰਾ ਹੈ, ਅਸੀਂ ਇਸ ਨੂੰ ਅਚੇਤ/ਸੁਚੇਤ ਹਰ ਵੇਲੇ ਗ੍ਰਹਿਣ ਕਰਦੇ ਰਹਿੰਦੇ ਹਾਂ। ਇਸ ਯਥਾਰਥ ਗ੍ਰਹਿਣ ਦੇ ਅਨੁਭਵ ਨੂੰ ਜੇ ਕਲਾ-ਕਿਰਤ ਵਿਚ ਹੂਬਹੂ ਪ੍ਰਗਟਾ ਦਿੱਤਾ ਜਾਵੇ ਤਾਂ ਕੋਈ ਕਾਵਿ ਚਮਤਕਾਰ ਨਹੀਂ ਵਾਪਰਦਾ, ਸਾਡੇ ਨਿੱਤ ਅਨੁਭਵ ਹੇਠ ਆਉਂਦੇ ਯਥਾਰਥ ਦਾ ਹੀ ਦੂਹਰਾ ਸਾਹਮਣੇ ਆਉਂਦਾ ਹੈ। ਇਸ ਪ੍ਰਕਾਰ ਯਥਾਰਥ ਦੀ ਇਕ ਪਛਾਣ ਨਿਸ਼ਚਿਤ ਹੋ ਜਾਂਦੀ ਹੈ। ਯਥਾਰਥ ਦਾ ਦੂਹਰਾ ਅਤੇ ਕਾਵਿ-ਬਿੰਬਾਂ ਦੀ ਮੁੜ ਮੁੜ ਵਰਤੋਂ ਤੋਂ ਕਾਵਿਕ ਰੂੜੀਆਂ ਨੂੰ ਜਨਮ ਮਿਲਦਾ ਹੈ। ਅਖ਼ੀਰ ਵਿਚ ਇਹ ਰੂੜੀਆਂ ਹੀ ਰੜ੍ਹ ਹੋ ਜਾਂਦੀਆਂ ਹਨ। ਇਸ ਪ੍ਰਕਾਰ ਯਥਾਰਥ ਨੂੰ ਗ੍ਰਹਿਣ ਕਰਦੇ ਅਸੀਂ ਉਕਾਈ ਮਹਿਸੂਸ ਕਰਦੇ ਹਾਂ। ਲੇਖਕ ਕਾਵਿਕ ਵਿਅੰਗ ਰਾਹੀਂ ਸਾਡੇ ਅਨੁਭਵੀ ਯਥਾਰਥ ਨੂੰ ਹੀ ਦੁਬਾਰਾ ਜਦ ਸਾਡੀਆਂ ਅੱਖਾਂ ਸਾਹਮਣੇ ਪ੍ਰਤੱਖਣ ਦਾ ਕੇਂਦਰ ਬਣਾਉਂਦਾ ਹੈ ਤਾਂ ਸਾਡੀ ਚੇਤਨਾ ਦੇ ਚਿੱਤਰਪਟ ਤੇ ਯਥਾਰਥ ਦੀ ਤਸਵੀਰ ਸਦੀਵੀ ਤੌਰ ਤੇ ਅੰਕਿਤ ਹੋ ਜਾਂਦੀ ਹੈ। ਇਸ ਪ੍ਰਕਾਰ ਕਾਵਿਕ ਵਿਅੰਗ ਦਾ ਹਥਿਆਰ ਸ਼ਾਇਰ ਵਰਤੋਂ ਵਿਚ ਲਿਆਉਂਦਾ ਹੈ :

ਉਨ੍ਹਾਂ ਨੇ ਡੋਬ ਕੇ ਉਸ ਨੂੰ ਇਹ ਨਸ਼ਰ ਕੀਤੀ ਖ਼ਬਰ
ਅਜੀਬ ਆਦਮੀ ਡੁੱਬਿਆ ਏ ਮਨ ਦੀ ਲਹਿਰ ਅੰਦਰ
ਹੁਣ ਇਸ ਦੀ ਕਬਰ ਬਣਾਇਓ ਘਣੀ ਛਾਵੇਂ
ਵਿਚਾਰਾ ਮਰ ਤਾਂ ਗਿਆ ਝੁਲਸ ਕੇ ਦੁਪਹਿਰ ਅੰਦਰ

ਉਪਰ ਲਿਖਤ ਸ਼ੇਅਰਾਂ ਵਿਚ ਕਹਿਰ ਦਾ ਵਿਅੰਗ ਮਿਲਦਾ ਹੈ। ਉਨ੍ਹਾਂ ਭਾਵ ਜਾਬਰ ਸ਼ਕਤੀਆਂ ਨੇ ਪਹਿਲਾਂ ਤਾਂ ਉਸ ਨੂੰ ਡੋਬਿਆ ਤੇ ਬਾਅਦ ਵਿਚ ਕੀ ਕੀ ਸਟੰਟ ਰਚੇ ? ਅਜੀਬ ਆਦਮੀ ਡੁੱਬਿਆ ਮਨ ਦੀ ਲਹਿਰ ਅੰਦਰ। ਸਮੁੱਚੇ ਸ਼ੇਅਰ ਵਿਚ ਸੰਖਿਪਤ ਦਾ ਕਠੋਰ ਵਿਅੰਗ ਚਿੱਤਰ ਮਿਲਦਾ ਹੈ।

www.PunjabiLibrary.com

ਸਮੁੱਚੀ ਸਥਿਤੀ ਦੀ ਇਹ ਵੀ ਇਕ ਤ੍ਰਾਸਦੀ ਹੈ ਕਿ ਸਾਨੂੰ ਸੱਚੀਆਂ ਘਟਨਾਵਾਂ ਵੀ ਇਕ ਵਿਅੰਗ ਜਾਪਦੀਆਂ ਹਨ। ਹਾਕਮ ਜਮਾਤਾਂ ਆਧੁਨਿਕ ਮਨੁੱਖ ਨੂੰ ਸਥਿਤੀ ਦੇ ਮਜਬੂਤ ਪੰਜੇ ਵਿਚ ਛਟਪਟਾਉਨ ਤੇ ਮਜਬੂਰ ਕਰਦੀਆਂ ਹਨ। ਹਾਕਮ ਜਮਾਤਾਂ ਆਪਣੀ ਹਰ ਵਿਰੋਧੀ ਜ਼ੁਬਾਨ ਨੂੰ ਕੁਚਲ ਦਿੰਦੀਆਂ ਹਨ। ਪਰ ਇਹ ਜ਼ੁਬਾਨ ਜਦ ਲੋਕਾਂ ਦੀ ਜ਼ੁਬਾਨ ਬਣ ਜਾਵੇ ਤਾਂ ਉਹ ਛਲ-ਕਪਟ ਖੇਡ ਕੇ ਉਸ ਕੁਚਲੀ ਜ਼ੁਬਾਨ ਨੂੰ ਆਪਣੀ ਜ਼ੁਬਾਨ ਪ੍ਰਚਾਰਨ ਦਾ ਘਟੀਆਪਣ ਕਰਦੀਆਂ ਹਨ। ਇਸਦੀ ਸਪੱਸ਼ਟ ਮਿਸਾਲ ਸਾਡੇ ਨਿਕਟ ਭੂਤ ਦੇ ਸ਼ਹੀਦ ਭਗਤ ਸਿੰਘ ਦੀ ਹੈ, ਜਿਸ ਨੂੰ ਜਿਉਂਦੇ ਜੀਅ ਮਾਰਨ ਦੀਆਂ ਕੋਸ਼ਿਸ਼ਾਂ ਅੰਗਰੇਜ਼ ਸਾਮਰਾਜ ਨੇ ਤਾਂ ਕਰਨੀਆਂ ਹੀ ਸਨ, ਇਥੋਂ ਦੀ ਸਰਮਾਏਦਾਰੀ ਵੀ ਪਿਛੇ ਨਹੀਂ ਸੀ। ਪਰ ਉਸ ਦੀ ਸ਼ਹੀਦੀ ਤੋਂ ਬਾਅਦ ਇਥੋਂ ਦੀ ਸਰਮਾਏਦਾਰੀ ਨੇ ਉਸ ਨੂੰ ਅਪਨਾ ਲਿਆ, ਜਿਹੜੀ ਆਜ਼ਾਦੀ ਤੋਂ ਪਹਿਲਾਂ ਉਸ ਦੀ ਵਿਰੋਧੀ ਸੀ। ਇਸੇ ਤਰ੍ਹਾਂ ਦੀ ਕਠੋਰ ਹਾਲਤ ਦਾ ਵਰਨਣ ਹੈ :

ਪਹਿਲਾਂ ਸਾਡੀ ਧੌਣ ਤੋਂ ਸੀਸ ਉੜਾ ਦਿੱਤਾ
ਪਿੱਛੋਂ ਉਸ ਦੀ ਖ਼ਾਤਰ ਹਾਰ ਪਰੋਇਆ ਸੀ

ਉਸ ਦੀ ਵਿਅੰਗ ਦ੍ਰਿਸ਼ਟੀ ਇਤਿਹਾਸ ਵਿਚੋਂ ਪ੍ਰਾਪਤ ਵਿਵੇਕ ਨਾਲ ਸੁਮੇਲ ਰੂਪ ਵਿਚ ਮਿਲਦੀ ਹੈ। ਉਸ ਨੇ ਸਮਕਾਲੀ ਸੱਚ ਦੀ ਕਠੋਰਤਾ ਨੂੰ ਪੇਸ਼ ਕਰਦਿਆਂ 'ਸੂਰਜ' ਨੂੰ ਵੀ ਵਿਅੰਗ ਦਾ ਨਿਸ਼ਾਨਾ ਬਣਾਇਆ ਹੈ :

ਸੀ ਸਮਝਦਾਰ ਬੜਾ ਸਾਡੇ ਦੌਰ ਦਾ ਸੂਰਜ
ਕਿ ਦਿਨ ਚੜ੍ਹੇ ਤਾਂ ਚੜ੍ਹਾਂ ਇੰਤਜ਼ਾਰ ਕਰਦਾ ਰਿਹਾ

ਉਸ ਦੇ ਵਿਅੰਗ ਅਤੇ ਵਿਵੇਕ ਦੀ ਦ੍ਰਿਸ਼ਟੀ ਸਤਹੀ ਹੋਣ ਦੀ ਥਾਂ ਮਾਨਵੀ ਮਨ ਦੀ ਧੁਰ ਡੂੰਘਾਈ ਵਿਚ ਉਤਰ ਕੇ ਆਧੁਨਿਕ ਮਨੁੱਖ ਦੇ ਦੋਹਰੇ ਮਖੌਟੇ ਨੂੰ ਵੀ ਬੇਨਕਾਬ ਕਰਦੀ ਹੈ :

ਕੁੰਡਾ ਜਿੰਦਾ ਮਾਰ ਕੇ ਬੂਹਾ ਢੋਇਆ ਸੀ
ਉਤੇ ਜੀ ਆਇਆਂ ਨੂੰ ਲਿਖਿਆ ਹੋਇਆ ਸੀ

ਪਰ ਇਸ ਦੇ ਨਾਲ ਹੀ 'ਪਾਤਰ' ਦੀਆਂ ਗ਼ਜ਼ਲਾਂ ਵਿਚ ਸਥਾਪਤੀ ਵਲੋਂ ਲੋਕ-ਹਿਤੂ ਅਗਾਂਹ-ਵਧੂ ਸ਼ਕਤੀਆਂ ਉਤੇ ਕੀਤੇ ਜਾਂਦੇ ਮਾਨਸਿਕ ਅਤੇ ਸਰੀਰਕ ਤਸ਼ੱਦਦ ਨੂੰ ਚਿਤਰਿਆ ਹੈ। ਸਪੱਸ਼ਟ ਤੌਰ ਤੇ ਸਮਾਜ ਦੋ ਜਮਾਤਾਂ ਵਿਚ ਵੰਡਿਆ ਹੋਇਆ ਹੈ। ਇਕ ਜਮਾਤ ਆਰਥਿਕ ਸਾਧਨਾਂ ਉਤੇ ਕਾਬਜ਼ ਹੋਣ ਕਰਕੇ ਸਮੁੱਚੇ ਜੀਵਨ ਵਿਚ ਆਪਣਾ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਰੱਖਦੀ ਹੈ। ਇਸ ਜੀਵਨ ਦ੍ਰਿਸ਼ਟੀਕੋਣ ਨੂੰ ਅਸੀਂ ਸਥਾਪਤੀ ਦਾ ਦ੍ਰਿਸ਼ਟੀਕੋਣ ਕਹਿ ਸਕਦੇ ਹਾਂ। ਉਸ ਜਮਾਤ ਦਾ ਇਹ ਜੀਵਨ ਦ੍ਰਿਸ਼ਟੀਕੋਣ ਆਰਥਿਕ, ਰਾਜਨੀਤਿਕ, ਸਮਾਜਿਕ, ਸਾਹਿਤਕ, ਸਭਿਆਚਾਰਕ, ਧਾਰਮਿਕ ਗੱਲ ਕੀ ਹਰ ਖੇਤਰ ਵਿਚ ਕੰਮ ਕਰਦਾ ਦਿਖਾਈ ਦਿੰਦਾ ਹੈ। ਦੂਜੇ ਪਾਸੇ ਆਰਥਿਕ ਤੌਰ ਤੇ ਲੁੱਟੇ ਜਾ ਰਹੇ ਲੋਕ ਹਨ। ਉਨ੍ਹਾਂ ਦਾ ਜੋ ਜੀਵਨ ਦ੍ਰਿਸ਼ਟੀਕੋਣ ਹੈ, ਉਹ ਪਹਿਲੀ ਜਮਾਤ ਦੇ ਵਿਰੋਧ ਵਿਚ ਜਾਂਦਾ ਹੈ। ਪਹਿਲੀ ਲੁੱਟ ਰਹੀ ਜਮਾਤ ਦੇ ਹੱਥ ਵਿਚ ਤਾਕਤ ਹੋਣ ਕਰਕੇ ਉਹ ਵਿਰੋਧੀ ਜੀਵਨ ਦ੍ਰਿਸ਼ਟੀਕੋਣ ਨੂੰ ਦਬਾਉਣ ਦੀ ਕੋਸ਼ਿਸ਼ ਕਰਦੀ ਹੈ।

www.PunjabiLibrary.com

ਲੁੱਟੀਆਂ ਜਾ ਰਹੀਆਂ ਜਮਾਤਾਂ ਜਦੋਂ ਆਪਣੇ ਹਿੱਤ ਦੀ ਗੱਲ ਕਰਦੀਆਂ ਹਨ ਤਾਂ ਕਾਬਜ਼ ਸ਼ਕਤੀਆਂ ਉਸਦਾ ਪ੍ਰਬਲ ਵਿਰੋਧ ਕਰਦੀਆਂ ਹਨ। ਇਸ ਪ੍ਰਕਾਰ ਦੋਹਾਂ ਜੀਵਨ ਦ੍ਰਿਸ਼ਟੀਕੋਣਾਂ ਵਿਚ ਨਿਰੰਤਰ ਸੰਘਰਸ਼ ਚਲਿਆ ਆ ਰਿਹਾ ਹੈ। ਇਸੇ ਦੋ ਵਿਰੋਧੀ ਵਿਚਾਰਾਂ ਦੇ ਆਪਸੀ ਸੰਘਰਸ਼ ਨੂੰ ਪਾਤਰ ਨੇ ਆਪਣੀਆਂ ਗ਼ਜ਼ਲਾਂ ਦੇ ਸ਼ੇਅਰਾਂ ਵਿਚ ਅਭਿਵਿਅਕਤ ਕੀਤਾ ਹੈ।

ਹਰ ਸਾਹਿਤਕ ਕਿਰਤ ਵਿਚ ਕੋਈ ਨਾ ਕੋਈ ਵਿਚਾਰ ਹਮੇਸ਼ਾ ਲੁਪਤ ਰਹਿੰਦਾ ਹੈ। ਅਚੇਤ ਜਾਂ ਸੁਚੇਤ ਹਰੇਕ ਵਿਅਕਤੀ ਦਾ ਜੀਵਨ ਪ੍ਰਤੀ ਇਕ ਵਿਸ਼ੇਸ਼ ਨਜ਼ਰੀਆ ਹੁੰਦਾ ਹੈ। ਇਸ ਨਜ਼ਰੀਏ ਜਾਂ ਦ੍ਰਿਸ਼ਟੀਕੋਣ ਨੂੰ ਅਸੀਂ ਉਸ ਵਿਅਕਤੀ ਦੀ ਵਿਚਾਰਧਾਰਾ ਆਖ ਸਕਦੇ ਹਾਂ, ਜਿਸ ਦਾ ਪ੍ਰਗਟਾ ਸਾਹਿਤਕ ਕਿਰਤਾਂ ਵਿਚ ਹੁੰਦਾ ਹੈ। ਭਾਵੇਂ ਮਾਰਕਸਵਾਦੀ ਦਰਸ਼ਨ ਅਨੁਸਾਰ ਵਿਚਾਰਧਾਰਾ ਉਸਾਰ ਦਾ ਅੰਗ ਹੋਣ ਕਰਕੇ ਹਮੇਸ਼ਾ ਆਧਾਰ ਦੀ ਅਨੁਸਾਰੀ ਹੁੰਦੀ ਹੈ। ਪਰ ਇਹ ਜ਼ਰੂਰੀ ਨਹੀਂ ਹੈ ਕਿ ਸਾਹਿਤਕ ਕਿਰਤਾਂ ਵਿਚ ਪੇਸ਼ ਵਿਚਾਰ ਲਾਜ਼ਮੀ ਤੌਰ ਤੇ ਕਾਬਜ਼ ਜਮਾਤਾਂ ਦੇ ਅਨੁਸਾਰ ਹੋਣ ਸਗੋਂ ਅਜਿਹਾ ਬਹੁਤ ਘੱਟ ਹੁੰਦਾ ਹੈ। ਮਹਾਨ ਸਾਹਿਤ ਹਮੇਸ਼ਾਂ ਹੀ ਵਿਚਾਰਧਾਰਾ ਦੀ ਲਛਮਣ ਰੇਖਾ ਤੋਂ ਪਾਰ ਜਾਂਦਾ ਹੈ। ਅਰਨੈਸਟ ਫਿਸ਼ਰ ਅਨੁਸਾਰ ਕਲਾ ਹਮੇਸ਼ਾ ਹੀ ਵਿਚਾਰਧਾਰਾ ਦੇ ਵਿਰੁੱਧ ਹੁੰਦੀ ਹੈ। ਇਥੇ ਵਿਚਾਰਧਾਰਾ ਤੋਂ ਭਾਵ ਉਸਾਰ ਦਾ ਅੰਗ ਉਨ੍ਹਾਂ ਵਿਚਾਰਾਂ ਤੋਂ ਹੈ, ਜੋ ਬੁਰਜੂਆ ਸਮਾਜ ਵਿਚ ਪ੍ਰਚਲਤ ਰਹਿੰਦੇ ਹਨ। ਇਸ ਵਿਚਾਰਧਾਰਾ ਵਿਚ ਝੂਠੀ ਚੇਤਨਾ ਹੁੰਦੀ ਹੈ।

ਸ਼ਾਇਰ ਜੋ ਕੁਝ ਲਿਖਦਾ ਹੈ ਉਹ ਜ਼ਰੂਰੀ ਨਹੀਂ ਸਥਾਪਤੀ ਦੇ ਹੱਕੀ ਹੋਵੇ, ਸਗੋਂ ਸਾਡੀ ਸ਼ਾਇਰੀ ਦਾ ਇਤਿਹਾਸ ਤਾਂ ਹਮੇਸ਼ਾ ਹੀ ਸਥਾਪਤ ਕਦਰਾਂ ਕੀਮਤਾਂ ਨੂੰ ਠੁਕਰਾਉਣਾ ਹੀ ਰਿਹਾ ਹੈ। ਪਰ ਜੇ ਸ਼ਾਇਰ ਦੇ ਵਿਚਾਰ ਕਾਬਜ਼ ਜਮਾਤ ਦੇ ਹੱਕੀ ਨਹੀਂ ਤਾਂ ਉਨ੍ਹਾਂ ਵਿਚਾਰਾਂ ਨੂੰ ਦਬਾਉਣਾ ਕਾਬਜ਼ ਜਮਾਤ ਦੀ ਲੋੜ ਹੁੰਦੀ ਹੈ। ਸਮਾਜ ਦੇ ਵਿਕਾਸ ਨਾਲ ਨਿਜ਼ਾਮ ਬਦਲਦੇ ਹਨ। ਪਰ ਇਸ ਨਿਜ਼ਾਮ ਬਦਲਣ ਵਿਚ ਰਾਜ ਦੀ ਬੁਨਿਆਦੀ ਖਸਲਤ ਨਹੀਂ ਬਦਲਦੀ। ਭਾਵ ਹੁਣ ਤਕ ਦੇ ਢਹਿ ਢੇਰੀ ਹੋ ਚੁੱਕੇ ਰਾਜ ਪ੍ਰਬੰਧ ਵਿਚੋਂ ਆਰੰਭਕ ਕਬੀਲਾ ਯੁੱਗ ਨੂੰ ਛੱਡ ਕੇ ਗ਼ੁਲਾਮਕਾਰੀ ਜਾਗੀਰਦਾਰੀ ਅਤੇ ਸਮਕਾਲੀ ਸਰਮਾਏਦਾਰੀ ਨਿਜ਼ਾਮ ਸਾਰਿਆਂ ਵਿਚ ਵਰਗ ਵੰਡ ਬਰਕਰਾਰ ਰਹਿੰਦੀ ਹੈ। ਇਸ ਵਰਗ ਵੰਡ ਕਾਰਣ ਆਰਥਿਕ ਅਸਾਂਵੇਂਪਣ ਕਾਰਣ ਵਰਗਾਂ ਵਿਚ ਵਰਗ ਸੰਘਰਸ਼ ਚਲਦਾ ਰਹਿੰਦਾ ਹੈ। ਕਾਬਜ਼ ਸਮਾਜਿਕ ਸ਼ਕਤੀਆਂ ਵਿਰੋਧੀਆਂ ਨੂੰ ਕੁਚਲਦੀਆਂ ਰਹਿੰਦੀਆਂ ਹਨ। ਇਸ ਵਰਤਾਰੇ ਨੂੰ ਸੁਰਜੀਤ ਪਾਤਰ ਇਉਂ ਪ੍ਰਗਟਾਉਂਦਾ ਹੈ :

ਜਿਸ 'ਚ ਸੂਲੀ ਦਾ ਇੰਤਜ਼ਾਮ ਨਹੀਂ
ਯਾਰੋ ਐਸਾ ਕਿਤੇ ਨਿਜ਼ਾਮ ਨਹੀਂ

ਪਰ ਕਵੀ ਦਾ ਧਰਮ ਸਥਾਪਤ ਜਮਾਤਾਂ ਦੀ ਸਰਦਾਰੀ ਨੂੰ ਵੰਗਾਰਨਾ ਹੁੰਦਾ ਹੈ। ਸ਼ਾਇਰ ਨੂੰ ਇਸ ਗੱਲ ਦਾ ਤੀਬਰ ਅਹਿਸਾਸ ਰਹਿੰਦਾ ਹੈ ਕਿ ਜੇ ਉਸ ਨੇ ਹਾਕਮ ਜਮਾਤਾਂ ਦੀ ਕਾਲਖ ਨੂੰ ਦਰਸਾਇਆ ਤਾਂ ਹਾਕਮ ਜਮਾਤਾਂ ਉਸ ਦੇ ਬੋਲਾਂ ਨੂੰ ਜਰ ਨਹੀਂ ਸਕਣਗੀਆਂ, ਉਸ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰਨਗੀਆਂ। ਪਰ ਜੇ ਉਹ ਜਬਰ ਜ਼ੁਲਮ ਤੋਂ ਡਰ ਕੇ ਸਥਾਪਤ ਹਾਕਮ ਜਮਾਤਾਂ ਵਿਰੁੱਧ ਕੁਝ ਨਹੀਂ ਕਹਿੰਦਾ ਤਾਂ ਉਸ ਦੀ ਆਪਣੀ ਜ਼ਮੀਰ ਉਸ ਨੂੰ ਤੰਗ ਕਰਦੀ ਹੈ। ਇਹ ਇਸ ਦੁਬਿਧਾਮਈ ਸਥਿਤੀ ਨੂੰ ਇਉਂ ਰੂਪਮਾਨ ਕਰਦਾ ਹੈ :

www.PunjabiLibrary.com

ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ
ਗੀਤ ਦੀ ਮੌਤ ਇਸ ਰਾਤ ਜੇ ਹੋ ਗਈ
ਮੇਰਾ ਜ਼ੀਣਾ ਮੇਰੇ ਯਾਰ ਕਿੰਝ ਸਹਿਣਗੇ

ਵੈਸੇ ਤਾਂ ਕਾਬਜ਼ ਜਮਾਤਾਂ ਆਪਣੀ ਲੁੱਟ ਨੂੰ ਕਾਇਮ ਰੱਖਣ ਲਈ ਆਪਣੇ ਵਿਚਾਰਾਂ ਦੇ ਹਰ ਵਿਰੋਧੀ ਲਈ 'ਸੂਲੀ ਦਾ ਇੰਤਜ਼ਾਮ' ਕਰਕੇ ਰੱਖਦੀਆਂ, ਪਰ ਇਸ ਦੇ ਨਾਲ ਹੀ ਕਾਬਜ਼ ਜਮਾਤਾਂ ਆਪਣੇ ਵਿਚਾਰਾਂ ਦੇ ਦਮਨ ਨੂੰ ਜਾਇਜ਼ ਠਹਿਰਾਉਣ ਲਈ ਨਿਆਂ ਦੇਣ ਦਾ ਢੌਂਗ ਰਚਣ ਹਿੱਤ ਕਚਹਿਰੀਆਂ ਬਣਾਉਂਦੀਆਂ ਹਨ। ਕਾਨੂੰਨ ਦੇ ਹੱਥ ਬਹੁਤ ਲੰਬੇ ਹੋਣ ਕਰਕੇ ਕਦੇ ਵੀ ਕਾਨੂੰਨ ਬਣਾਉਣ ਵਾਲਿਆਂ ਦੇ ਗਲ ਨੂੰ ਨਹੀਂ ਪੈਂਦੇ ਸਗੋਂ ਹਮੇਸ਼ਾ ਹੀ ਲੋਕਾਂ ਨੂੰ ਚੇਤਨ ਕਰ ਰਹੇ ਅਗਾਂਹ-ਵਧੂ ਲੋਕਾਂ ਦੇ ਗਲ ਨੂੰ ਹੀ ਪੈਂਦੇ ਹਨ। ਅਖੌਤੀ ਕਚਹਿਰੀਆਂ ਦਾ ਨਿਆਂ ਪ੍ਰਬੰਧ ਏਨਾ ਗੁੰਝਲਪੂਰਨ, ਮਹਿੰਗਾ ਅਤੇ ਘਟੀਆ ਹੈ ਕਿ ਅਸਲ ਦੋਸ਼ੀ ਸਾਫ ਬਚ ਜਾਂਦੇ ਹਨ। ਨਿਆਂ-ਪ੍ਰਬੰਧ ਅਨਿਆਂ ਨੂੰ ਆਧਾਰ ਬਣਾਉਂਦਾ ਹੈ। ਕਿਸੇ ਵੀ ਦੋਸ਼ੀ ਘਟਨਾ ਦੇ ਆਧਾਰਭੂਤ ਕਾਰਣਾਂ ਨੂੰ ਜਾਣਨ ਦੀ ਬਜਾਏ ਸਤਹੀ ਤੌਰ ਤੇ ਪੇਸ਼ ਕੀਤੇ ਸਬੂਤਾਂ ਦੇ ਆਧਾਰ ਤੇ ਨਿਰਦੋਸ਼ ਬੰਦੇ ਨੂੰ ਦੋਸ਼ੀ ਸਿੱਧ ਕੀਤਾ ਜਾਂਦਾ ਹੈ। ਸਾਡੇ ਸਮਾਜ ਦੇ ਬਹੁਤ ਸਾਰੇ ਅਪਰਾਧਾਂ ਦੇ ਕਾਰਣ ਆਰਥਿਕ ਸਮਾਜਿਕ ਹਨ, ਜਿਨ੍ਹਾਂ ਨੂੰ ਨਜ਼ਰ-ਅੰਦਾਜ਼ ਕਰਕੇ ਅਖੌਤੀ ਨਿਆਂ-ਪ੍ਰਬੰਧ ਵਿਅਕਤੀਗਤ ਸਤਹੀ ਕਾਰਣ ਨੂੰ ਅਸਲ ਕਾਰਣ ਮੰਨ ਕੇ ਸਜ਼ਾ ਦਿੰਦਾ ਹੈ। ਸਾਡੇ ਸਮਕਾਲੀ ਨਿਆਂ-ਪ੍ਰਬੰਧ ਦੀ ਇਸ ਕਮਜ਼ੋਰੀ, ਜਿਸ ਵਿਚ ਵਾਤਾਵਰਣ ਨੂੰ ਨਜ਼ਰ-ਅੰਦਾਜ਼ ਕੀਤਾ ਜਾਂਦਾ ਹੈ, ਦਾ ਇਉਂ ਵਰਣਨ ਕੀਤਾ ਹੈ :

ਕਿੰਜ ਕਚਹਿਰੀ ਵਾੜਦਾ, ਮੈਂ ਕਿੰਜ ਕਟਹਿਰੇ ਚਾੜ੍ਹਦਾ
ਦੋਸ਼ੀ ਤਾਂ ਮਾਹੌਲ ਸੀ, ਕਿੰਜ ਲਿਆਉਂਦਾ ਨਾਲ
ਦਰਿਆ ਮੇਰਾ ਵਕੀਲ ਸੀ, ਕਾਲੀ ਪੌਣ ਦਲੀਲ ਸੀ
ਜੰਗਲ ਮੇਰਾ ਸੀ ਗਵਾਹ, ਕੋਈ ਨਹੀਂ ਆਇਆ ਨਾਲ

ਇਹ ਅਖੌਤੀ ਨਿਆਂ-ਪ੍ਰਬੰਧ ਦੋਸ਼ੀਆਂ ਨੂੰ ਨਿਰਦੋਸ਼ ਤੇ ਨਿਰਦੋਸ਼ਾਂ ਨੂੰ ਦੋਸ਼ੀ ਸਾਬਤ ਕਰਕੇ ਸੂਲੀ ਲਟਕਾ ਦਿੰਦਾ ਹੈ, ਜੇਲ੍ਹੀਂ ਡੱਕ ਦਿੰਦਾ ਹੈ। ਇਸ ਸਬੰਧੀ 'ਪਾਤਰ' ਦਾ ਖ਼ੂਬਸੂਰਤ ਸ਼ੇਅਰ ਹੈ :

ਵਾਇਲਨ ਦਾ ਗਜ਼ ਫੇਰ ਰਿਹਾ ਸੀ ਸੀਖਾਂ ਤੇ
ਜੇਲ੍ਹ 'ਚ ਇਕ ਸਾਜ਼ਿੰਦਾ ਡੱਕਿਆ ਹੋਇਆ ਸੀ

ਸਾਡਾ ਮੌਜੂਦਾ ਨਿਆਂ-ਪ੍ਰਬੰਧ ਅਮਾਨਵੀ ਵਿਵਹਾਰ ਨੂੰ ਜਨਮ ਦਿੰਦਾ ਹੈ। ਇਸੇ ਕਾਰਣ ਹੀ ਮਨੁੱਖ ਅੰਦਰ ਮਨੁੱਖੀ ਭਾਵਨਾ ਖ਼ਤਮ ਹੋ ਰਹੀ ਹੈ। ਗ਼ਲਤ ਨਿਆਂ-ਪ੍ਰਬੰਧ ਅਧੀਨ 'ਝੂਠੇ ਪੁਲਿਸ ਕੇਸ' ਬਣਾਏ ਜਾਣ ਦੇ ਡਰੋਂ ਲੋਕ ਮਰ ਰਹੇ ਵਿਅਕਤੀ ਦੇ ਮੂੰਹ ਵਿਚ ਪਾਣੀ ਪਾਉਣ ਤੋਂ ਵੀ ਡਰਦੇ ਹਨ ਇਸ ਨੂੰ 'ਪਾਤਰ' ਨੇ ਆਪਣੇ ਸ਼ੇਅਰ ਵਿਚ ਇਉਂ ਲਿਖਿਆ ਹੈ :

ਕਿਤੇ ਨਾ ਕਤਲ ਦਾ ਇਲਜ਼ਾਮ ਸਿਰ ਤੇ ਆ ਜਾਵੇ
ਤੜਫਦੀ ਲਾਸ਼ ਰਹੀ ਪਰ ਕਿਸੇ ਨਾ ਹੱਥ ਲਾਇਆ

ਮੌਜੂਦਾ ਨਿਆਂ-ਪ੍ਰਬੰਧ ਵਿਚ ਵਿਚ ਅਨਿਆਂ ਦਾ ਬੋਲਬਾਲਾ ਤਾਂ ਹੈ ਹੀ ਪਰ ਇਸ ਨਿਆਂ ਦੇਣ

www.PunjabiLibrary.com

ਦੇ ਢੰਗ ਦਾ ਕੰਮ-ਕਾਜ ਏਨਾ ਗੁੰਝਲਦਾਰ ਅਤੇ ਲਟਕਾਓ ਵਾਲਾ ਕਿ ਮੁਕੱਦਮਿਆਂ ਦਾ ਫੈਸਲਾ ਹੁੰਦੇ ਉਮਰਾਂ ਬੀਤ ਜਾਂਦੀਆਂ ਹਨ। ਮੁਕੱਦਮਿਆਂ ਵਿਚ ਉਮਰਾਂ ਬੀਤ ਜਾਂਦੀਆਂ ਹਨ ਅਤੇ ਵਕੀਲਾਂ ਦੇ ਘਰ ਭਰਦਿਆਂ ਘਰ ਉਜੜ ਜਾਂਦੇ ਹਨ, ਫੇਰ ਵੀ ਨਿਆਂ ਨਸੀਬ ਨਹੀਂ ਹੁੰਦਾ। ਇਸ ਕਰੂਰ ਸਮਕਾਲੀ ਯਥਾਰਥ ਨੂੰ ਸੁਰਜੀਤ ਪਾਤਰ ਨੇ ਪ੍ਰਗਟਾਉਣ ਲਈ ਸਥਾਪਤ ਜਮਾਤਾਂ ਵੱਲੋਂ ਨਿਆਂ ਦੇਣ ਲਈ ਮਸ਼ਹੂਰ 'ਅਦਲੀ ਰਾਜੇ' ਦੇ ਪ੍ਰਤੀਕ ਨੂੰ ਵਰਤਿਆ ਹੈ:

ਏਨਾ ਉੱਚਾ ਤਖ਼ਤ ਸੀ, ਅਦਲੀ ਰਾਜੇ ਦਾ
ਮਜ਼ਲੂਮਾਂ ਦੀ ਉਮਰ ਹੀ ਰਾਹ ਵਿਚ ਬੀਤ ਗਈ

ਜਾਂ ਫਿਰ

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ
ਆਖੋ ਇਨ੍ਹਾਂ ਨੂੰ ਉੱਜੜੇ ਘਰੀਂ ਜਾਣ ਹੁਣ
ਇਹ ਕਦੋਂ ਤਕ ਏਥੇ ਖੜ੍ਹੇ ਰਹਿਣਗੇ।

ਸਥਾਪਤ/ਕਾਬਜ਼ ਜਮਾਤਾਂ ਆਪਣੇ ਵਿਰੋਧੀਆਂ ਨੂੰ ਆਪਣੇ ਵੱਲੋਂ ਠੋਸੇ ਅਖੌਤੀ ਨਿਆਂ-ਪ੍ਰਬੰਧ ਅਧੀਨ ਸਜ਼ਾ ਤਾਂ ਦਿੰਦੀਆਂ ਹੀ ਹਨ, ਪਰ ਉਨ੍ਹਾਂ ਲਈ ਮਾਨਸਿਕ ਅਤੇ ਸਰੀਰਿਕ ਜਬਰ ਲਈ ਨਿਆਂ-ਪ੍ਰਬੰਧ ਅੰਦਰ ਰਹਿਣਾ ਜ਼ਰੂਰੀ ਨਹੀਂ ਹੈ। 'ਪਾਤਰ' ਨੇ ਇਸ ਤਸ਼ੱਦਦ ਨੂੰ ਨਿਆਂ ਆਧਾਰਿਤ ਧਰਾਤਲ ਤੇ ਸਿੱਧ ਕਰਨ ਵਾਲੀ ਨਿਆਂ-ਪ੍ਰਣਾਲੀ ਤੇ ਵੀ ਭਰਪੂਰ ਕਟਾਖਸ਼ ਕੀਤਾ ਹੈ।

ਪਾਤਰ ਦੀਆਂ ਗ਼ਜ਼ਲਾਂ ਵਿਚ ਯਥਾਰਥ ਦੀ ਕਰੂਰਤਾ ਅਤੇ ਸਥਾਪਤੀ ਦੇ ਤਸ਼ੱਦਦ ਨਾਲ ਦੋ ਮਨੋਭਾਵ ਆਸ਼ਾ/ਨਿਰਾਸ਼ਾ ਆਪਸੀ ਵਿਰੋਧ-ਜੁੱਧ ਵਿਚ ਤਣੇ ਮਿਲਦੇ ਹਨ। ਅਸਲ ਵਿਚ ਤਣਾਉ ਨਿਰੋਲ ਕਾਵਿਕ ਹੋਣ ਦੀ ਥਾਂ ਯਥਾਰਥ ਦੇ ਪ੍ਰਤੱਖਣ ਬੋਧ ਦੀ ਵਿਧੀ ਤੋਂ ਜਨਮ ਲੈਂਦਾ ਹੋਇਆ ਮਨੁੱਖ ਦੇ ਸਮੁੱਚੇ ਜੀਵਨ-ਦ੍ਰਿਸ਼ਟੀਕੋਣ ਵਿਚ ਸਮਾਇਆ ਹੋਇਆ ਹੈ।

ਕਵੀ ਆਪਣੇ ਆਲੇ-ਦੁਆਲੇ ਪਸਰੇ ਯਥਾਰਥ ਨਾਲ ਨਿਰੰਤਰ ਸੰਵਾਦ ਰਚਾਉਂਦਾ ਹੈ। ਯਥਾਰਥ ਕਵੀ ਨੂੰ ਅਚੇਤ ਜਾਂ ਸੁਚੇਤ ਹਰ ਸਮੇਂ ਪ੍ਰਭਾਵਿਤ ਕਰਦਾ ਰਹਿੰਦਾ ਹੈ। ਕਵੀ ਯਥਾਰਥ ਗ੍ਰਹਿਣ ਦੇ ਅਨੁਭਵ ਨੂੰ ਆਪਣੀ ਕਲਾ-ਕਿਰਤ ਵਿਚ ਪੇਸ਼ ਕਰਦਾ ਹੈ। ਸਮੁੱਚੇ ਸੰਸਾਰਕ ਯਥਾਰਥ ਵਿਚੋਂ ਜੋ ਕੁਝ ਸਾਨੂੰ ਪ੍ਰਾਪਤ ਹੈ, ਉਹ ਜ਼ਰੂਰੀ ਨਹੀਂ ਸਾਡੇ ਅਨੁਕੂਲ ਹੀ ਹੋਵੇ, ਸਗੋਂ ਬਹੁਤੀ ਵਾਰ ਪ੍ਰਾਪਤ ਯਥਾਰਥ ਸਾਡੇ ਵਿਰੋਧ ਹਿੱਤੀ ਹੁੰਦਾ ਹੈ। ਸਾਡਾ ਪ੍ਰਾਪਤ ਯਥਾਰਥ ਸਾਨੂੰ ਅਸੰਤੁਸ਼ਟ ਕਰਦਾ ਹੈ ਤਾਂ ਅਸੀਂ ਅਪ੍ਰਾਪਤ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਕਰਦੇ ਹਾਂ। ਇਹ ਸੰਘਰਸ਼ ਵਿਚ ਹੀ ਆਸ਼ਾ ਅਤੇ ਨਿਰਾਸ਼ਾ ਦੇ ਮਨੋ-ਭਾਵ ਪੈਦਾ ਹੁੰਦੇ ਹਨ। ਆਸ਼ਾ ਅਤੇ ਨਿਰਾਸ਼ਾ ਨੂੰ ਧੁੱਪ-ਛਾਂ ਨਾਲ ਤੁਲਨਾ ਦਿੱਤੀ ਜਾਂਦੀ ਹੈ। ਜਿਸ ਪ੍ਰਕਾਰ ਜ਼ਿੰਦਗੀ ਵਿਚ ਚਾਨਣ ਦੀ ਪਹਿਚਾਣ ਯੋਗ ਹੋਂਦ ਹਨੇਰੇ ਦੇ ਹੋਣ ਕਰਕੇ ਹੈ, ਇਸੇ ਪ੍ਰਕਾਰ ਆਸ਼ਾ ਦੀ ਹੋਂਦ ਤੇ ਨਿਰਾਸ਼ਾ ਦਾ ਨਿਰੰਤਰ ਸੰਵਾਦ ਚਲਿਆ ਆ ਰਿਹਾ ਹੈ। ਮਨੁੱਖ ਜ਼ਿੰਦਗੀ ਵਿਚ ਹਮੇਸ਼ਾਂ ਆਪਣੇ ਹਿੱਤੀ ਸਥਿਤੀਆਂ ਨੂੰ ਹੀ ਪਸੰਦ ਕਰਦਾ ਹੈ। ਜਦੋਂ ਵੀ ਉਸ ਨੂੰ ਸਥਿਤੀਆਂ ਆਪਣੇ ਵਿਰੋਧ ਵਿਚ ਜਾਂਦੀਆਂ ਦਿਖਾਈ ਦਿੰਦੀਆਂ ਹਨ ਤਾਂ ਉਸ ਦੇ ਮਨ ਵਿਚ ਨਿਰਾਸ਼ਾ ਦੇ ਮਨੋਭਾਵਾਂ ਨੂੰ ਜਨਮ ਮਿਲਦਾ ਹੈ।

www.PunjabiLibrary.com

ਸਾਡੇ ਅਧਿਐਨ ਦੇ ਪਾਤਰ 'ਪਾਤਰ' ਦੀਆਂ ਗ਼ਜ਼ਲਾਂ ਵਿਚ ਆਸ਼ਾ/ਨਿਰਾਸ਼ਾ ਦੇ ਜੁੱਟ ਵਿਚ ਨਿਰਾਸ਼ਾ ਹਾਵੀ ਜਾਪਦੀ ਹੈ। ਭਾਵੇਂ ਉਸ ਦੀਆਂ ਗ਼ਜ਼ਲਾਂ ਵਿਚ ਆਸ਼ਾ ਦੀ ਪ੍ਰਤੀ ਧੁਨੀ ਵੀ ਸੁਣਾਈ ਦਿੰਦੀ ਹੈ। ਇਸ ਭਾਰੂ ਨਿਰਾਸ਼ਾ ਦਾ ਕਾਰਨ ਨਿਰੋਲ ਸ਼ਾਇਰ ਦੀ ਜ਼ਿੰਦਗੀ ਵਿਚ ਲੱਭਣਾ ਵੀ ਤ਼ਰਕਸੰਗਤ ਨਹੀਂ ਹੋਵੇਗਾ। ਪਰ ਸਾਡੇ ਮੱਤ ਅਨੁਸਾਰ ਪਾਤਰ ਦੀ ਗ਼ਜ਼ਲ ਵਿਚ ਆਸ਼ਾ/ਨਿਰਾਸ਼ਾ ਦੇ ਜੁੱਟ ਵਿਚੋਂ ਨਿਰਾਸ਼ਾ ਦੇ ਭਾਰੂ ਹੋਣ ਦਾ ਕਾਰਨ ਉਸ ਦਾ ਹਾਵੀ ਪ੍ਰਤੀਕੂਲ ਪ੍ਰਸਥਿਤੀਆਂ ਨੂੰ ਬਦਲਣ ਵਿਚ ਅਸਫਲ ਰਹਿਣਾ ਹੈ। 'ਅਸਫਲ' ਇਸ ਲਈ ਕਿਹਾ ਗਿਆ ਹੈ ਕਿ ਉਹ ਹਾਵੀ ਪ੍ਰਤੀਕੂਲ ਪ੍ਰਸਥਿਤੀਆਂ ਨੂੰ ਬਦਲਣ ਲਈ ਅਗਰਸਰ ਦਿਖਾਈ ਦਿੰਦਾ ਹੈ। ਭਾਵੇਂ ਉਸ ਦੇ ਗ਼ਜ਼ਲ ਸੰਗ੍ਰਹਿ 'ਹਵਾ ਵਿਚ ਲਿਖੇ ਹਰਫ' ਵਿਚ ਉਸ ਦੀ ਇਹ ਪ੍ਰਤੀਬੱਧਤਾ ਧੀਮੀ ਸੁਰ ਵਿਚ ਹੈ, ਪਰ ਉਸ ਦੀਆਂ 'ਕੋਲਾਜ਼' ਵਿਚ ਛਪੀਆਂ ਨਜ਼ਮਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਉਹ ਚੇਤਨ ਤੌਰ ਤੇ ਹਾਵੀ ਪ੍ਰਸਥਿਤੀਆਂ ਨੂੰ ਬਦਲਣ ਲਈ ਉਠੀ ਰਾਜਸੀ ਲਹਿਰ ਤੋਂ ਪ੍ਰਭਾਵਤ ਸੀ। ਪਰ ਜਦੋਂ ਇਨਕਲਾਬ ਊਠ ਦੇ ਬੁੱਲ੍ਹ ਵਾਂਗ ਨਾ ਹੀ ਡਿਗਿਆ ਤਾਂ ਉਸ ਦੇ ਅਨੁਭਵ ਵਿਚ ਨਿਰਾਸ਼ਾ ਦੇ ਤੱਤ ਭਾਰੂ ਹੋ ਜਾਣਾ ਸੁਭਾਵਿਕ ਹੀ ਸੀ। 'ਪਾਤਰ' ਦੀ ਖੂਬਸੂਰਤੀ ਇਸੇ ਵਿਚ ਹੈ ਕਿ ਉਹ ਨਿਰਾਸ਼ਾ ਦੇ ਗੂੜ੍ਹੇ ਕਾਲੇ ਬਦਲਾਂ ਵਿਚ ਵੀ ਆਸ਼ਾ ਦੀ ਬਿਜਲੀ ਚਮਕਾ ਜਾਂਦਾ ਹੈ। ਉਸ ਦੇ ਇਸ ਗੁਣ ਨੂੰ ਡਾ: ਕਰਮਜੀਤ ਸਿੰਘ (ਸਵਰਗਵਾਸੀ) ਨੇ ਆਪਣੀ ਰਚਨਾਤਮਿਕ ਆਲੋਚਨਾਤਮਿਕ ਸ਼ੈਲੀ ਵਿਚ ਇਉਂ ਬਿਆਨ ਕੀਤਾ ਹੈ

"ਉਸ ਦੀ ਗ਼ਜ਼ਲ ਦਾ ਨਾਇਕ ਇਸ ਤ੍ਰਾਸਦੀ (ਨਿਰਾਸ਼ਾ) ਵਿਚ ਖੁਰਦਾ ਹਾਰਦਾ ਜਾਂ ਨਿਖੁੱਟਦਾ ਨਜ਼ਰ ਨਹੀਂ ਆਉਂਦਾ ਸਗੋਂ ਇਸ ਨੂੰ ਜੀਵਨ ਦੇ ਆਖੰਡ ਅਨੁਭਵ ਦੇ ਵਿਵੇਕ ਦਾ ਅੰਗ ਸਮਝਦਾ, ਇਸ ਨੂੰ ਮੁਸਕਰਾ ਕੇ ਭੋਗਦਾ ਤੇ ਜ਼ਿੰਦਗੀ ਦੀ ਅਜ਼ਮਤ ਵਿਚ ਆਪਣੇ ਵਿਸ਼ਵਾਸ ਨੂੰ ਪ੍ਰਪੱਕ ਕਰਦਾ ਦਿਸਦਾ ਹੈ। ਬੇਸ਼ੱਕ ਇਹ ਵਿਸ਼ਵਾਸ ਪਾਤਰ ਦੀ ਚੰਡੀ ਹੋਈ ਦਵੰਦਵਾਦੀ ਦ੍ਰਿਸ਼ਟੀ ਦੀ ਦੇਣ ਹੈ।"

ਉਸ ਦੀਆਂ ਗ਼ਜ਼ਲਾਂ ਦੇ ਸ਼ੇਅਰਾਂ ਵਿਚ ਆਸ਼ਾ ਅਤੇ ਨਿਰਾਸ਼ਾ ਦੇ ਭਾਵ ਆਪਸ ਵਿਚ ਘੁਲੇ ਮਿਲੇ ਤਾਂ ਨਜ਼ਰ ਆਉਂਦੇ ਹਨ ਪਰ ਨਿਰੋਲ ਆਸ਼ਾਮਈ ਝਲਕਾਰੇ ਕਿਤੇ ਹੀ ਮਿਲਦੇ ਹਨ। ਇਸ ਸੰਬੰਧ ਵਿਚ 'ਹਵਾ ਵਿਚ ਲਿਖੇ ਹਰਫ' ਗ਼ਜ਼ਲ ਸੰਗ੍ਰਹਿ ਦੀ ਪਹਿਲੀ ਗ਼ਜ਼ਲ ਦਾ ਪੰਜਵਾਂ ਸ਼ੇਅਰ ਵੇਖਣਯੋਗ ਹੈ :

"ਪੱਥਰ ਹੇਠਾਂ ਅੰਕੁਰ ਤੜਪੇ, ਹਰ ਅੰਕੁਰ ਵਿਚ ਫੁੱਲ
ਪੱਥਰ ਵਿਚ ਤਰੇੜਾਂ ਪਾ ਗਈ, ਹਿੰਸਕ ਰੁੱਤ ਬਹਾਰ"

ਇਸ ਸ਼ੇਅਰ ਵਿਚ ਜਿਥੇ ਪੱਥਰ ਦੇ ਜਬਰ ਨੂੰ ਦਿਖਾਇਆ ਗਿਆ ਹੈ, ਉਥੇ ਉਸ ਪੱਥਰ ਵਿਚ ਤਰੇੜਾਂ ਪਾਉਣ ਵਾਲੀ ਹਿੰਸਕ ਰੁੱਤ ਬਹਾਰ ਦਾ ਵੀ ਜ਼ਿਕਰ ਹੈ। ਇਹ ਹਿੰਸਕ ਰੁੱਤ ਬਹਾਰ ਕੀ ਸੀ ? ਪੱਥਰ ਵਿਚ ਤਰੇੜਾਂ ਪਾ ਜਾਣ ਵਾਲੀ ਰੁੱਤ ਦਾ ਅਰਥ ਹਰ ਕੋਈ ਆਪਣੇ ਭਾਵ-ਮੰਡਲ ਅਨੁਸਾਰ ਹੀ ਲੈ ਸਕਦਾ ਹੈ। ਸਭ ਤੋਂ ਠੀਕ ਅਰਥ ਉਹ ਹਨ, ਜੋ ਲੇਖਕ ਨੇ ਪ੍ਰਗਟ ਕਰਨੇ ਚਾਹੇ ਜਾਂ ਉਹ ਨੇ, ਜੋ ਪਾਠਕ ਦੇ ਮਨ ਵਿਚ ਉਪਜੇ। ਦੋਹਾਂ ਤਰ੍ਹਾਂ ਦੀ ਵਿਆਖਿਆ ਦੀ ਆਪਣੀ ਸੀਮਾ ਹੈ। ਕਈ ਵਾਰ ਲੇਖਕ ਜੋ ਕੁਝ ਕਹਿਣਾ ਚਾਹੁੰਦਾ ਹੈ ਉਸ ਤੋਂ ਵਧੀਕ ਅਚੇਤ ਹੀ ਕਹਿ ਜਾਂਦਾ ਹੈ। ਇਸ

www.PunjabiLibrary.com

'ਵਾਧੂ ਕਹੇ' ਦਾ ਪਾਠਕ ਆਨੰਦ ਮਾਣਦਾ ਹੈ। ਦੂਜੇ ਪਾਸੇ ਕਈ ਵਾਰ ਪਾਠਕ ਪ੍ਰਸੰਗ ਨੂੰ ਜਾਣੇ ਬਿਨਾਂ ਆਪਣੇ ਹੀ ਅਰਥ ਲੈਂਦਾ ਹੈ, ਜਿਸ ਦਾ ਲੇਖਕ ਨੂੰ ਚਿੱਤ-ਚੇਤਾ ਵੀ ਨਹੀਂ ਹੁੰਦਾ। ਖ਼ੈਰ ਇਹ ਕਾਵਿ ਦਾ ਵਿਲੱਖਣ ਗੁਣ ਹੈ, ਇਹ ਇਕ ਅਰਥ ਸੰਚਾਰਨ ਦੀ ਬਜਾਏ ਅਨੇਕ ਅਰਥ ਸੰਚਾਰ ਤਾਂ ਕਰਦੀ ਹੈ, ਪਰ ਉਹ ਕਦੇ ਵੀ ਆਪਾ-ਵਿਰੋਧੀ ਅਰਥ ਸੰਚਾਰ ਨਹੀਂ ਕਰਦੀ। ਜੇ ਉਹ ਕਾਵਿ-ਕਿਰਤ ਇਕ ਤੋਂ ਵਧੀਕ ਅਰਥ ਸੰਚਾਰ ਕਰਦੀ ਹੈ ਤਾਂ ਇਹ ਉਸ ਦਾ ਵਧੀਆ ਕਾਵਿਕ ਗੁਣ ਹੈ, ਪਰ ਜੇ ਉਹ ਆਪਾ-ਵਿਰੋਧੀ ਸੰਚਾਰ ਕਰਦੀ ਹੈ ਤਾਂ ਇਹ ਕਾਵਿ ਦਾ ਦੋਸ਼ ਹੈ। ਕਾਵਿ-ਕਿਰਤ ਦੇ ਬਹੁ-ਅਰਥੀ ਸੰਚਾਰ ਨੂੰ ਉਪਰਲੇ ਪਰਿਪੇਖ ਵਿਚ ਰੱਖ ਕੇ ਹੀ ਸਮਝਿਆ ਜਾ ਸਕਦਾ ਹੈ। ਉਪਰ ਲਿਖਤ ਸ਼ੇਅਰ ਨੂੰ ਮੈਂ ਨਕਸਲਬਾੜੀ ਲਹਿਰ ਦੀ ਚੜ੍ਹਾਈ ਦੇ ਆਸ਼ਾਵਾਦੀ ਦੌਰ ਦਾ ਪ੍ਰਗਟਾ ਮੰਨਦਾ ਹਾਂ। ਪਰੰਤੂ ਸੁਰਜੀਤ ਪਾਤਰ ਦੀਆਂ ਗ਼ਜ਼ਲਾਂ ਵਿਚ ਅਜਿਹੇ ਸ਼ੇਅਰ ਬਹੁਤ ਘੱਟ ਹਨ, ਜਿਨ੍ਹਾਂ ਵਿਚ ਨਿਰੋਲ ਆਸ਼ਾ ਦੀ ਧੁਨੀ ਹੀ ਸੁਣਾਈ ਦੇਵੇ। ਉਸ ਦੇ ਜ਼ਿਆਦਾਤਰ ਸ਼ੇਅਰਾਂ ਵਿਚ ਆਸ਼ਾ ਅਤੇ ਨਿਰਾਸ਼ਾ ਦਾ ਸੰਗਮ ਮਿਲਦਾ ਹੈ। ਇਸ ਤਰ੍ਹਾਂ ਉਸ ਦੇ ਸ਼ੇਅਰਾਂ ਵਿਚ ਮਿਲਦੀ ਨਿਰਾਸ਼ਾ ਜੀਵਨ ਵਿਚ ਪ੍ਰਾਪਤ ਯਥਾਰਥ ਦੀ ਦੁਖਾਂਤਕ ਪੇਸ਼ਕਾਰੀ ਤਾਂ ਹੈ, ਪਰ ਭਵਿੱਖ ਲਈ ਆਸ ਦੀ ਕਿਰਨ ਲਈ ਦ੍ਰਿੜ੍ਹ ਹੱਠ ਵੀ ਦਿਖਾਈ ਦਿੰਦਾ ਹੈ :

"ਬਲਦਾ ਬਿਰਖ ਹਾਂ, ਖਤਮ ਹਾਂ ਬੱਸ ਸ਼ਾਮ ਤੀਕ ਹਾਂ
ਫਿਰ ਵੀ ਕਿਸੇ ਬਹਾਰ ਦੀ, ਕਰਦਾ ਉਡੀਕ ਹਾਂ"

ਆਪਣੇ ਅਨੁਕੂਲ ਪ੍ਰਸਥਿਤੀਆਂ ਵਿਚ ਤਾਂ ਆਸ਼ਾਮਈ ਗੱਲਾਂ ਕਰਨੀਆਂ ਢੇਰ ਸੌਖੀਆਂ ਹਨ। ਪਰ ਜਦੋਂ ਸਮੁੱਚੀ ਸਥਿਤੀ ਹੀ ਪ੍ਰਤੀਕੂਲ ਹੋਵੇ, ਅਜਿਹੇ ਸਮੇਂ ਆਸ਼ਾ ਦੀ ਆਸ ਰੱਖਣਾ ਤਾਂ ਬਹੁਤ ਹੀ ਪ੍ਰਪੱਕ ਜੀਵਨ ਦ੍ਰਿਸ਼ਟੀਕੋਣ ਦੁਆਰਾ ਹੀ ਸੰਭਵ ਹੈ। 'ਬਲਦਾ ਬਿਰਖ' ਜਿਸ ਨੇ 'ਸ਼ਾਮ ਤੀਕ' ਖ਼ਤਮ ਹੋ ਜਾਣਾ ਹੈ, ਜਦੋਂ ਬਹਾਰ ਦੀ ਉਡੀਕ ਕਰਦਾ ਹੈ, ਤਾਂ ਨਿਸ਼ਚੇ ਹੀ ਕਵੀ ਦਾ ਜੀਵਨ-ਦ੍ਰਿਸ਼ਟੀਕੋਣ ਪ੍ਰਪੱਕ ਆਸ਼ਾਮਈ ਹੈ। ਦਿਨਾਂ ਵਿਚ ਤਾਂ ਰੁੱਤ ਬਦਲਦੀ ਹੈ, ਪਰ ਇਸ਼ ਸ਼ੇਅਰ ਵਿਚ ਤਾਂ ਦਿਨ ਵਿਚ ਹੀ ਰੁੱਤ ਬਦਲਣ ਦੀ ਆਸ ਕੀਤੀ ਹੈ। ਅਜਿਹੇ ਮਨੋਭਾਵ 'ਪਾਤਰ' ਦੇ ਬਹੁਤ ਸਾਰੇ ਸ਼ੇਅਰਾਂ ਵਿਚ ਮਿਲਦੇ ਹਨ। ਇਕੋ ਸ਼ੇਅਰ ਵਿਚ ਆਸ਼ਾ ਅਤੇ ਨਿਰਾਸ਼ਾ ਆਂਪਸੀ ਰਵਾਇਤੀ ਵਿਰੋਧ ਵਿਚ ਤਣੇ ਮਿਲਦੇ ਹਨ। ਇਸੇ ਵਿਚ ਹੌਲੀ ਪਰ ਦ੍ਰਿੜ੍ਹ ਸੁਰ ਵਿਚ ਆਸ਼ਾਮਈ ਧੁਨੀ ਮੌਜੂਦ ਰਹਿੰਦੀ ਹੈ। ਬਿਰਖ ਦੇ ਰੂਪਕ ਰਾਹੀਂ ਹੀ 'ਪਾਤਰ' ਨੇ ਆਸ਼ਾ/ਨਿਰਾਸ਼ਾ ਦੇ ਵਿਰੋਧ ਵਾਲੇ ਕਾਵਿਕ ਅਨੁਭਵਾਂ ਨੂੰ ਇਉਂ ਬਿਆਨਿਆ ਹੈ :

ਕਿਸੇ ਦੇ ਵਾਸਤੇ ਸ਼ਾਇਦ ਬਿਰਖ ਬਣਾਂ ਮੈਂ ਵੀ
ਇਸੇ ਉਮੀਦ ਤੇ ਬਲ ਵਿਚ ਖੜਾਂ ਦੁਪਹਿਰ ਅੰਦਰ

ਉਪਰਲੇ ਦੋਹਾਂ ਸ਼ੇਅਰਾਂ ਵਿਚ ਨਾ ਕੇਵਲ ਰੂਪਕ ਦੀ ਹੀ ਸਾਂਝ ਹੈ ਸਗੋਂ ਦੋਹਾਂ ਵਿਚ ਆਸ਼ਾ/ਨਿਰਾਸ਼ਾ ਦੇ ਵਿਰੋਧੀ ਜੁੱਟਾਂ ਵਿਚ ਆਸ਼ਾ ਦਾ ਹੌਲੀ ਪਰ ਦ੍ਰਿੜ੍ਹ ਸੁਰ ਵੀ ਵਿਦਮਾਨ ਰਹਿੰਦਾ ਹੈ। ਇਸੇ ਦੁਵੱਲੀ ਪਹੁੰਚ ਵਾਲਾ ਇਕ ਹੋਰ ਖ਼ੂਬਸੂਰਤ ਸ਼ੇਅਰ ਹੈ :

ਪੈ ਚੱਲੀਆਂ ਤੇਰੇ ਚਿਹਰੇ ਤੇ ਤਰਕਾਲਾਂ
ਪਰ ਵਾਲਾਂ ਵਿਚ ਕੋਈ ਰਿਸ਼ਮ ਸੁਬ੍ਹਾ ਦੀ ਝਲਕੇ।

www.PunjabiLibrary.com

ਆਸ਼ਾ ਅਤੇ ਨਿਰਾਸ਼ਾ ਦੇ ਵਿਰੋਧ ਵਿਚ ਜਿੱਥੇ ਆਸ਼ਾਮਈ ਸ਼ੇਅਰ ਮਿਲਦੇ ਹਨ, ਉਥੇ 'ਪਾਤਰ' ਦੇ ਬਹੁਤ ਸਾਰੇ ਸ਼ੇਅਰਾਂ ਵਿਚ ਉਦਾਸੀ ਅਤੇ ਨਿਰਾਸ਼ਾ ਦੀ ਗਹਿਰੀ ਧੁੰਦ ਛਾਈ ਹੋਈ ਮਿਲਦੀ ਹੈ। ਇਸ ਵਿਚ 'ਪਾਤਰ' ਦਾ ਕੋਈ ਦੋਸ਼ ਨਹੀਂ ਹੈ। ਜਦੋਂ ਸੰਵੇਦਨਸ਼ੀਲ ਕਵੀ ਆਪਣੇ ਆਲੇ-ਦੁਆਲੇ ਪਸਾਰੇ ਬਹੁ-ਦਿਸ਼ਾਵੀ ਕਠੋਰ, ਅਮਾਨਵੀ ਪ੍ਰਸਿਥਤੀਆਂ ਦੇ ਪ੍ਰਤੀਕੂਲ ਯਥਾਰਥ ਨੂੰ ਦੇਖਦਾ ਹੈ ਤਾਂ ਉਸ ਪਾਸੇ ਨਿਰਾਸ਼ਾ ਦਾ ਸਹਿਜ ਸੁਭਾ ਹੀ ਪ੍ਰਗਟਾ ਹੋ ਜਾਂਦਾ ਹੈ। ਖਾਸ ਕਰਕੇ ਉਦੋਂ ਜਦੋਂ ਉਸ ਨੇ ਹਾਵੀ ਪ੍ਰਸਥਿਤੀਆਂ ਨਾਲ ਟੱਕਰ ਲੈਣ ਵਾਲਿਆਂ ਦੀ ਤ੍ਰਾਸਦਿਕ ਸਥਿਤੀ ਨੂੰ ਨਿਕਟ ਤੋਂ ਦੇਖਿਆ ਹੋਵੇ। ਸਥਿਤੀਆਂ ਵਲੋਂ ਪੈਦਾ ਕੀਤੀ ਗਈ ਨਿਰਾਸ਼ਾ ਨੂੰ ਭੁੱਲ ਜਾਣ ਲਈ ਜਿੱਥੇ ਧਾਰਮਿਕ ਲੋਕ 'ਧਰਮ ਦੀ ਅਫੀਮ' ਦੀ ਵਰਤੋਂ ਕਰਦੇ ਹਨ ਉਸੇ ਤਰ੍ਹਾਂ ਨਿਰੋਲ ਆਸ਼ਾਵਾਦੀ ਸ਼ਾਇਰ ਵੀ ਇਸੇ ਪ੍ਰਕਾਰ ਦੀ ਅਫੀਮ 'ਆਸ਼ਾ' ਦੀ ਵਰਤੋਂ ਕਰਦੇ ਹਨ। ਮੇਰਾ ਕਹਿਣ ਤੋਂ ਭਾਵ ਹੈ ਕਿ ਸਥਿਤੀਆਂ ਦੇ ਭਾਰੂ ਹੋ ਜਾਣ ਅਤੇ ਅਗਾਂਹਵਧੂ ਤਾਕਤਾਂ ਦੇ ਕੁਚਲੇ ਜਾਣ ਤੇ ਵੀ ਰਵਾਇਤੀ ਆਸ਼ਾਵਾਦੀ ਦਾ ਪੱਲਾ ਨਾ ਛੱਡਣਾ ਇਕ ਤਰ੍ਹਾਂ ਦੀ 'ਝੂਠੀ ਚੇਤਨਾ' ਪੈਦਾ ਕਰਨਾ ਹੈ। ਸਾਡੇ ਖ਼ਿਆਲ ਅਨੁਸਾਰ ਇਸ ਤਰ੍ਹਾਂ ਦਾ ਗ਼ੈਰ-ਯਥਾਰਥਕ ਆਸ਼ਾਮਈ ਵਰਨਣ ਤਾਂ ਨਿਰਾਸ਼ਾਮਈ ਵਰਣਨ ਤੋਂ ਵੀ ਭੈੜਾ ਪ੍ਰਭਾਵ ਪੈਦਾ ਕਰਦਾ ਹੈ। ਇਸ ਪ੍ਰਕਾਰ 'ਪਾਤਰ' ਜੀਵਨ ਸਥਿਤੀਆਂ ਵਿਚੋਂ ਪ੍ਰਾਪਤ ਨਿਰਾਸ਼ਾ ਨੂੰ ਅਭਿਵਿਅਕਤ ਕਰਦਾ ਹੈ। ਸਥਾਪਤ ਕਦਰਾਂ ਕੀਮਤਾਂ ਵਿਰੁੱਧ ਜਦੋਂ ਬਗ਼ਾਵਤ ਕੀਤੀ ਜਾਂਦੀ ਹੈ ਤਾਂ ਬੇ-ਗੁਨਾਹ ਲੋਕਾਂ ਦਾ ਕਤਲੇਆ-ਮ ਹੁੰਦਾ ਹੈ। ਝੂਠੇ ਪੁਲਿਸ ਮੁਕਾਬਲੇ ਬਣਾਏ ਜਾਂਦੇ ਹਨ, ਜਿਸ ਨਾਲ ਲੋਕਾਂ ਵਿਚ ਇਕ ਸਹਿਮ ਛਾ ਜਾਂਦਾ ਹੈ। ਇਸ ਕਰੂਰ ਯਥਾਰਥ ਨੂੰ 'ਪਾਤਰ' ਆਪਣੇ ਇਕ ਸ਼ੇਅਰ ਵਿਚ ਇਉਂ ਅਭਿਵਿਅਕਤ ਕਰਦਾ ਹੈ :

ਕਿਸੇ ਦੀ ਵਾਜ ਨਾ ਉਠੀ ਫਿਰ ਏਸ਼ ਸ਼ਹਿਰ ਅੰਦਰ
ਮਿਲੀ ਜੁ ਲਾਸ਼ ਕਿਸੇ ਬੇ-ਗੁਨਾਹ ਦੀ ਨਹਿਰ ਅੰਦਰ

ਇਸੇ ਪ੍ਰਕਾਰ ਦਾ ਇਕ ਹੋਰ ਸ਼ੇਅਰ ਹੈ ਜਿਸ ਵਿਚ ਹਰ ਕਿਸਮ ਦੀ ਝੂਠੀ ਚੇਤਨਾ (ਵਹਿਮ) ਤੋਂ ਖਹਿੜਾ ਛੁਡਾ ਪ੍ਰਤੀਕੂਲ ਸਥਿਤੀਆਂ ਵਲੋਂ ਵਰਤਾਈ ਜਾਣ ਵਾਲੀ ਦੁਖਾਂਤਿਕ ਹੋਣੀ ਦਾ ਜ਼ਿਕਰ ਹੈ :

ਇਹ ਵੀ ਸ਼ਾਇਦ ਮੇਰਾ ਆਪਣਾ ਵਹਿਮ ਹੈ
ਕੋਈ ਦੀਵਾ ਜਗੇਗਾ ਮੇਰੀ ਕਬਰ ਤੇ
ਜੇ ਹਵਾ ਇਹ ਰਹੀ ਕਬਰਾਂ ਉਤੇ ਤਾਂ ਕੀ
ਸਭ ਘਰਾਂ ਦੇ ਵੀ ਦੀਵੇ ਬੁਝੇ ਰਹਿਣਗੇ।

ਵੈਸੇ ਤਾਂ ਕਿਹਾ ਜਾਂਦਾ ਹੈ ਕਿ ਗ਼ਜ਼ਲ ਦੇ ਸ਼ੇਅਰ ਇਕ ਦੂਜੇ ਤੋਂ ਆਜ਼ਾਦ ਹੁੰਦੇ ਹਨ ਪਰ 'ਪਾਤਰ' ਦੀਆਂ ਗ਼ਜ਼ਲਾਂ ਵਿਚ ਸ਼ੇਅਰ ਸਮੁੱਚੇ ਵਿਚ ਹੀ ਵਧੇਰੇ ਪ੍ਰਭਾਵ ਸਿਰਜਦੇ ਹਨ। ਇਸ ਗੱਲ ਨੂੰ 'ਪਾਤਰ' ਖ਼ੁਦ ਵੀ ਮੰਨਦਾ ਹੈ। ਉਹ ਆਪਣੇ ਗ਼ਜ਼ਲ ਸੰਗ੍ਰਿਹ ਦੀ ਆਦਿਕਾ ਵਿਚ ਲਿਖਦਾ ਹੈ :—

"ਕਿਸੇ ਤਣਾਅ ਜਾਂ ਵਹਿਣ ਵਿਚ ਲਿਖੀ ਗ਼ਜ਼ਲ ਦੇ ਸ਼ੇਅਰ ਉੱਪਰਲੀ ਤਹਿ ਤੇ ਸੁਤੰਤਰ ਹੋ ਕੇ ਵੀ ਹੇਠਲੀ ਤਹਿ ਤੇ ਆਪੋ ਵਿਚ ਡੂੰਘੀ ਤਰ੍ਹਾਂ ਜੁੜੇ ਹੋਏ ਹੁੰਦੇ ਹਨ।"

www.PunjabiLibrary.com

ਉਸ ਦੀਆਂ ਗ਼ਜ਼ਲਾਂ ਦੇ ਸ਼ੇਅਰਾਂ ਵਿਚ ਨਿਰਾਸ਼ਾ ਭਾਵ ਦੀ ਜਿੱਥੇ ਸਾਂਝ ਮਿਲਦੀ ਹੈ, ਉਥੇ ਇਸ ਨਿਰਾਸ਼ਾ ਦੇ ਮੰਡਲ ਵਿਚ ਆਸ਼ਾ ਦਾ ਦ੍ਰਿੜ੍ਹ ਪ੍ਰਗਟਾ ਵੀ ਸਾਰਿਆਂ ਸ਼ੇਅਰਾਂ ਵਿਚ ਪਸਰਿਆ ਮਿਲਦਾ ਹੈ। 'ਪਾਤਰ' ਦੀਆਂ ਗ਼ਜ਼ਲਾਂ ਵਿਚ ਪਸਰੀ ਨਿਰਾਸ਼ਾ, ਰਿਸ਼ਤਿਆਂ ਦੀ ਟੁੱਟ ਭੱਜ, ਅਲਗਾਓ ਦੀ ਪ੍ਰਤੀਨਿਧਤਾ ਕਰਦੀ ਹੈ। ਜਦੋਂ ਚਾਰੇ ਪਾਸੇ ਪ੍ਰਤੀਕੂਲ ਪ੍ਰਸਥਿਤੀਆਂ ਹਾਵੀ ਹੋਣ, ਮਨੁੱਖੀ ਰਿਸ਼ਤਿਆਂ ਵਿਚ ਤਰੇੜਾਂ ਪੈ ਜਾਣ। ਭਵਿੱਖ ਪ੍ਰਤੀ ਅਨਿਸ਼ਚਿਤਤਾ ਹੋਵੇ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਹੋ ਰਹੀ ਹੋਵੇ ਤਾਂ ਅਜਿਹੇ ਸਮੇਂ ਸ਼ਾਇਰ ਦਾ ਨਿਰਾਸ਼ਾਮਈ ਸਵਰ ਅਲਾਪਣਾ ਸੁਭਾਵਿਕ ਹੈ ਕਿਉਂਕਿ ਸ਼ਾਇਰ ਲੋਕਾਂ ਦੇ ਭਾਵਾਂ ਦੇ ਤਰਜਮਾਨੀ ਤਾਂ ਕਰਦਾ ਹੀ ਹੈ, ਸਗੋਂ ਮਨੁੱਖਤਾ ਤੇ ਵਾਪਰਦੇ ਦੁਖਾਂਤ ਨੂੰ ਵਧੇਰੇ ਸ਼ਿਦਤ ਅਤੇ ਸੰਵੇਦਨਾ ਨਾਲ ਚਿਤਰਦਾ ਹੈ। ਸਭ ਤੋਂ ਵੱਧ ਸੰਤੁਸ਼ਟਤਾ ਦੀ ਗੱਲ ਇਹ ਹੈ ਕਿ ਸ਼ਾਇਰ ਫਿਰ ਵੀ ਅੰਤਿਮ ਰੂਪ ਵਿਚ ਆਸ਼ਾਵਾਦੀ ਹੈ।

ਪਿਆਰ ਕਵਿਤਾ ਦਾ ਰਵਾਇਤੀ ਵਿਸ਼ਾ ਹੈ, ਪਰੰਤੂ ਪਿਆਰ ਦਾ ਸੰਕਲਪ ਹਰ ਮਨੁੱਖ ਦੀ ਜੀਵਨ ਦ੍ਰਿਸ਼ਟੀ ਅਨੁਸਾਰ ਵੱਖਰਾ-ਵੱਖਰਾ ਹੁੰਦਾ ਹੈ। ਸਾਡੀ ਪੁਰਾਣੀ ਰਵਾਇਤੀ ਕਵਿਤਾ ਵਿਚ ਤਾਂ ਪਿਆਰ ਦਾ ਸੰਕਲਪ ਬੜਾ ਸਿੱਧਾ-ਸਾਦਾ, ਰੁਮਾਂਚਿਕ ਅਤੇ ਉੱਚ-ਆਦਰਸ਼ਾਂ ਦੀ ਪੱਧਰ ਤੱਕ ਉਚਿਆਇਆ ਮਿਲਦਾ ਹੈ। ਪਰ ਆਧੁਨਿਕ ਮਨੁੱਖ ਦਾ ਪਿਆਰ ਸੰਕਲਪ ਪੁਰਾਣੇ ਪਿਆਰ ਸੰਕਲਪ ਤੋਂ ਬਿਲਕੁਲ ਹੀ ਭਿੰਨ ਅਤੇ ਵਿਲੱਖਣ ਹੈ। ਗ਼ਜ਼ਲ ਕਾਵਿ ਰੂਪ ਵਜੋਂ ਅਰਬੀ ਫਾਰਸੀ ਤੋਂ ਪੰਜਾਬੀ ਵਿਚ ਆਇਆ। ਉਥੇ ਗ਼ਜ਼ਲਾਂ ਦਾ ਅਰਥ ਹੀ 'ਮਹਿਬੂਬ ਨਾਲ ਦੋ ਗੱਲਾਂ ਕਰਨੀਆਂ' ਸਨ। ਰਵਾਇਤੀ ਗ਼ਜ਼ਲਾਂ ਵਿਚ ਮੁਹੱਬਤ ਦੇ ਕਿੱਸੇ ਹੀ ਗਾਏ ਜਾਂਦੇ ਸਨ। ਪਰ 'ਪਾਤਰ' ਦੀਆਂ ਗ਼ਜ਼ਲਾਂ ਦੇ ਸ਼ੇਅਰ ਇਸ ਕੋਟੀ ਵਿਚ ਨਹੀਂ ਆਉਂਦੇ। ਸਾਡੇ ਅਧਿਐਨ ਗੋਚਰੀ ਕਿਤਾਬ 'ਹਵਾ ਵਿਚ ਲਿਖੇ ਹਰਫ' ਦੀਆਂ ਗ਼ਜ਼ਲਾਂ ਦੇ ਕੁਝ ਸ਼ੇਅਰ ਪਿਆਰ ਨਾਲ ਸੰਬੰਧਿਤ ਕਹੇ ਜਾ ਸਕਦੇ ਹਨ। ਉਹ ਜੀਵਨ ਵਿਚ ਪ੍ਰਾਪਤ ਯਥਾਰਥਕ ਪਿਆਰ ਦੀ ਕਾਵਿਕ-ਜੁਗਤਾਂ ਦੁਆਰਾ ਪੇਸ਼ਕਾਰੀ ਪ੍ਰਸਤੁਤ ਕਰਦਾ ਹੈ। ਪਿਆਰ ਦੇ ਸੰਕਲਪਵਾਦੀ ਅਰਥਾਂ ਵਿਚ ਵੱਖਰਤਾ ਪਾਤਰ ਨੂੰ ਪਿਛਲੇ ਗ਼ਜ਼ਲਕਾਰਾਂ ਨਾਲੋਂ ਵੱਖਰਾ ਬੜਾ ਕਰਦੀ ਹੈ। ਕਵੀ ਦੇ ਪਿਆਰ ਨਾਲ ਸੰਬੋਧਿਤ ਜਾਂ ਮਹਿਬੂਬ ਨੂੰ ਸੰਬੋਧਿਤ ਕੀਤੇ ਗਏ ਸ਼ੇਅਰਾਂ ਵਿਚ ਪ੍ਰਮੁੱਖ ਰੂਪ ਵਿਚ 'ਕਾਬਜ਼ ਸਮਾਜਿਕ ਸ਼ਕਤੀਆਂ' ਵੱਲੋਂ ਪਿਆਰ ਤੇ ਲਾਈ ਗਈ ਰੋਕ ਤੇ ਚੋਟ ਹੈ। ਜਿਸ ਪ੍ਰਕਾਰ ਅਸੀਂ ਪਹਿਲਾਂ ਲਿਖ ਚੁੱਕੇ ਹਾਂ ਕਿ 'ਪਾਤਰ' ਨੇ ਰਵਾਇਤੀ ਗ਼ਜ਼ਲ ਦੇ ਪਿਆਰ ਸੰਕਲਪ ਨੂੰ ਤੋੜਿਆ ਹੈ। ਕਾਬਜ਼ ਜਮਾਤਾਂ ਪਿਆਰ ਨੂੰ ਆਪਣੇ ਮਨੋ-ਇੱਛਤ ਅਰਥ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਵੱਲੋਂ ਇਕ ਪਾਸੇ ਤਾਂ ਪਿਆਰ ਨੂੰ ਉਚ-ਆਦਰਸ਼ਕ ਮੰਡਲਾਂ ਵਿਚ ਪਹੁੰਚਾਇਆ ਜਾਂਦਾ ਹੈ, ਦੂਸਰੇ ਪਾਸੇ ਅਮਲੀ ਜੀਵਨ ਵਿਚ ਪਿਆਰ ਨੂੰ ਇਕ ਬਿਮਾਰੀ ਵਾਂਗ ਪੇਸ਼ ਕੀਤਾ ਜਾਂਦਾ ਹੈ। ਪਿਆਰ ਦੇ ਅਸਲ ਅਰਥ ਨੂੰ ਜਾਂ ਤਾਂ ਅਪਹੁੰਚ ਨੈਤਿਕ ਮਾਪਦੰਡਾਂ ਤੇ ਲਟਕਾ ਦਿੱਤਾ ਜਾਂਦਾ ਹੈ ਜਾਂ ਫਿਰ ਇਸ ਨੂੰ ਨਿੰਦਨੀ ਕਾਮ ਵੇਗ ਵਜੋਂ ਪੇਸ਼ ਕੀਤਾ ਜਾਂਦਾ ਹੈ। ਪਰ ਉੱਚ-ਆਦਰਸ਼ਕ ਪਿਆਰ ਦਾ ਬੋਲ-ਬਾਲਾ ਵਧੇਰੇ ਸੀ। ਇਸ ਰੂਹਾਨੀ ਪਿਆਰ ਨੂੰ ਸਰੀਰਕ ਪਿਆਰ ਤੋਂ ਉੱਚਾ ਠਹਿਰਾਇਆ ਜਾਂਦਾ ਸੀ। ਸ਼ਾਇਰ ਇਸ ਭੰਬਲਭੂਸੇ ਵਿਚੋਂ ਨਿਕਲ ਕੇ ਕਿਤਾਬਾਂ ਵਿਚ ਪੜ੍ਹੀ ਮੁਹੱਬਤ ਅਤੇ ਜ਼ਿੰਦਗੀ ਵਿਚ ਮਿਲਦੀ ਮੁਹੱਬਤ ਦਾ ਟਾਕਰਾ ਕਰਦਾ ਹੈ :

ਕਿਤਾਬਾਂ 'ਚ ਜਿਹੜੀ ਮੁਹੱਬਤ ਪੜ੍ਹੀ ਸੀ
ਉਹ ਜੀਵਨ 'ਚ ਆਈ ਨਾ ਤੇਰੇ ਨਾ ਮੇਰੇ

www.PunjabiLibrary.com

ਕਾਬਜ਼ ਸਮਾਜਿਕ ਸ਼ਕਤੀਆਂ ਤਾਂ ਪਿਆਰ ਦੇ ਰਾਹ ਵਿਚ ਰੋਕ ਬਣਦੀਆਂ ਹੀ ਹਨ, ਪਰ ਵਿਅਕਤੀਗਤ ਦੁਖਾਂਤ ਉਦੋਂ ਵਾਪਰਦਾ ਹੈ, ਜਦੋਂ ਮਹਿਬੂਬ ਉਸ ਨੂੰ ਸਮਝ ਸਕਣ ਤੋਂ ਅਸਮਰਥ ਰਹਿ ਜਾਂਦਾ ਹੈ, ਜਦੋਂ ਪ੍ਰੇਮੀ ਪ੍ਰੇਮਿਕਾ ਵਿਚ ਆਪਸੀ ਭਾਵਾਂ ਦਾ ਸੰਚਾਰ ਹੀ ਨਾ ਹੋ ਸਕੇ। ਪਾਤਰ ਦੇ ਕੁਝ ਸ਼ੇਅਰਾਂ ਵਿਚ ਪ੍ਰੇਮਿਕਾ ਵਲੋਂ ਸ਼ਾਇਰ ਨੂੰ ਸਮਝ ਸਕਣ ਤੋਂ ਅਸਮਰਥ ਰਹਿਣ ਲਈ ਨਿਹੋਰਾ ਹੈ

ਉਠਾ ਹੀ ਸਕਿਆ ਨਾ ਤੂੰ ਮੇਰੇ ਦਿਲ ਦੀਆਂ ਪਰਤਾਂ
ਉਨ੍ਹਾਂ ਦੇ ਹੇਠ ਸੀ ਤੇਰਾ ਹੀ ਨਾਮ ਲਿਖਿਆ ਪਿਆ

ਜਦ ਮੈਂ ਖਿਰਖ ਸਾਂ ਉਸ ਪਲ ਤਾਂ ਬਣ ਸਕੀ ਨਾ ਤੂੰ
ਜਦੋਂ ਚਿਰਾਗ ਮੈਂ ਬਣਿਆ, ਬਣੀ ਤੂੰ ਤੇਜ਼ ਹਵਾ

ਪਰ ਇਕ ਦੂਜੇ ਨੂੰ ਸਮਝ ਸਕਣ ਤੋਂ ਅਸਮਰਥ ਰਹਿਣਾ ਦੁਪਾਸੜ ਹੈ। ਜਿੱਥੇ ਸ਼ਾਇਰ ਆਪਣੀ ਮਹਿਬੂਬ ਨੂੰ ਨਿਹੋਰਾ ਦਿੰਦਾ ਹੈ ਕਿ ਤੂੰ ਮੈਨੂੰ ਸਮਝਣ ਤੋਂ ਅਸਮਰਥ ਰਹੀ ਹੈਂ, ਉਥੇ ਉਹ ਇਸ ਦਾ ਵੀ ਇਕਬਾਲ ਕਰਦਾ ਹੈ ਕਿ ਉਹ ਵੀ ਮਹਿਬੂਬ ਨੂੰ ਸਮਝ ਸਕਣ ਤੋਂ ਅਸਮਰਥ ਰਿਹਾ ਹੈ। ਆਪਣੀ ਇਸ ਮਾਨਸਿਕ ਦੁਬਿਧਾ ਨੂੰ ਕਵੀ ਇਉਂ ਬਿਆਨਦਾ ਹੈ :

ਏਦਾਂ ਰੰਗ ਵਟਾਉਂਦਾ ਤੇਰਾ ਚਿਹਰਾ ਰੋਜ਼ ਰਿਹਾ
ਨਾ ਮੈਂ ਤੈਨੂੰ ਤਜ ਸਕਿਆ ਤੇ ਨਾ ਸਕਿਆ ਅਪਣਾ
ਓਸ ਦੀ ਰਗ ਰਗ 'ਚ ਆਪਣਾ ਖ਼ੂਨ ਨਾ ਮੈਂ ਵੇਖਿਆ
ਲਾਲ ਸੂਹੇ ਬਿਰਖ ਦੀ ਮੈਂ ਸ਼ਾਖ ਵੱਲ ਤੱਕਦਾ ਰਿਹਾ

ਉਸ ਦੀਆਂ ਕੁਝ ਗ਼ਜ਼ਲਾਂ ਲਗਾਤਾਰ ਗ਼ਜ਼ਲਾਂ ਦੀ ਕੋਟੀ ਵਿਚ ਆਉਂਦੀਆਂ ਹਨ। ਉਨ੍ਹਾਂ ਵਿਚ ਸਮੁੱਚਾ ਸੰਬੋਧਨ ਅਤੇ ਵਿਸ਼ਾ ਪਿਆਰ ਨਾਲ ਸੰਬੰਧਿਤ ਹੁੰਦਾ ਹੈ। 'ਪਾਤਰ' ਦੇ ਸ਼ੇਅਰਾਂ ਵਿਚ ਪਿਆਰ ਅਤੇ ਕਾਮ ਦੇ ਆਪਸੀ ਸੰਬੰਧਾਂ ਤੇ ਵੀ ਦੁਵੰਦ ਮਿਲਦਾ ਹੈ। ਕਾਮ ਅਤੇ ਪਿਆਰ ਦੇ ਆਪਸੀ ਸੰਬੰਧ ਰਲ-ਗੱਡ ਹੋਏ ਮਿਲਦੇ ਹਨ। 'ਪਾਤਰ' ਕਾਮੁਕ ਜਜ਼ਬੇ ਨੂੰ ਇਕ ਪਾਸੇ ਤਾਂ ਜਾਇਜ਼ ਠਹਿਰਾਉਂਦਾ ਹੈ :

ਉਹ ਤੇਰਾ ਦਿਲ ਨਾ ਸਹੀ ਖ਼ੁਦਕਸ਼ੀ ਦੀ ਝੀਲ ਸਹੀ
ਮੈਂ ਤਪਦੇ ਜਿਸਮ ਨੂੰ ਆਖਰ ਕਿਤੇ ਤਾਂ ਡੁਬੋਣਾ ਸੀ

ਦੂਜੇ ਪਾਸੇ ਪਾਤਰ ਕਾਮ ਦੇ ਜਜ਼ਬੇ ਨੂੰ ਇਉਂ ਨਿੰਦਦਾ ਹੈ ਕਿ ਇਸ ਭਵਸਾਗਰ ਵਿਚ ਕੁਝ ਨਹੀਂ ਲੱਭਦਾ। ਇਸ ਬਾਰੇ ਉਸ ਦਾ ਸ਼ੇਅਰ ਹੈ

ਕਿਸੇ ਦੇ ਜਿਸਮ ਵਿਚ ਕਿੰਨੇ ਕੁ ਡੂੰਘੇ ਲੱਥ ਜਾਉਗੇ
ਕਿ ਆਖ਼ਰ ਲਾਸ਼ ਵਾਂਗੂੰ ਸਤਹ ਉਤੇ ਤੈਰ ਆਉਗੇ।

ਪਿਆਰ ਅਤੇ ਕਾਮ ਦੇ ਆਪਸੀ ਸੰਬੰਧ ਹਮੇਸ਼ਾਂ ਹੀ ਉਲਝੇ ਰਹੇ ਹਨ ਅਤੇ ਸ਼ਾਇਦ ਉਲਝੇ ਹੀ ਰਹਿਣ। ਇਸ ਪ੍ਰਕਾਰ ਕਾਮ ਨੂੰ ਮਾਨਣਾ ਜਾਂ ਨਾ ਮਾਨਣਾ, ਇਸ ਬਾਰੇ ਨੈਤਿਕ ਮਾਪਦੰਡ ਹਮੇਸ਼ਾ ਹੀ ਘਚੋਲਾ ਪਾਉਂਦੇ ਹਨ। 'ਪਾਤਰ' ਦੀ ਵਿਲੱਖਣਤਾ ਇਸ ਮਸਲੇ ਨੂੰ ਸੁਲਝਾਉਣ ਵਿਚ ਨਹੀਂ

www.PunjabiLibrary.com

ਤੇ ਨਾ ਹੀ ਉਲਝਾਣ ਵਿਚ ਨਹਿਤ ਹੈ, ਸਗੋਂ ਇਸ ਉਲਝਣ ਨੂੰ ਬਾਖੂਬੀ ਕਾਵਿਕ ਨਿਆਂ ਵਿਚ ਪੇਸ਼ ਕਰਨ ਵਿਚ ਹੈ। ਉਹ ਇਸ ਉਲਝਣ ਨੂੰ ਪੇਸ਼ ਕਰਨ ਵਿਚ ਸਫਲ ਰਿਹਾ ਹੈ।

ਪਿਆਰ ਵਿਚ ਵਫ਼ਾਦਾਰੀ ਦੀ ਮੰਗ ਕੀਤੀ ਜਾਂਦੀ ਹੈ, ਪਰ ਵਫ਼ਾਦਾਰੀ ਦਾ ਸੰਕਲਪ ਹੀ ਆਪਣੇ ਆਪ ਵਿਚ ਇਕ ਉੱਚ-ਆਦਰਸ਼ ਹੈ। ਜਦੋਂ ਅਸੀਂ ਪਿਆਰ ਨੂੰ ਆਦਰਸ਼ਕ ਚੌਖਟੇ ਦੀ ਥਾਂ ਯਥਾਰਥਕ ਚੌਖਟੇ ਵਿਚ ਰੱਖ ਕੇ ਦੇਖਦੇ ਹਾਂ ਤਾਂ ਸਾਨੂੰ ਸਪੱਸ਼ਟ ਤੌਰ ਤੇ ਨਜ਼ਰ ਆਉਂਦਾ ਹੈ ਕਿ ਜੇ ਅਸੀਂ ਪਿਆਰ ਨੂੰ ਆਪਣੀ ਚੋਣ ਮੰਨੀਏ ਤਾਂ ਇਹ ਜ਼ਰੂਰੀ ਨਹੀਂ ਕਿ ਸਾਡੀ ਪਹਿਲੀ ਚੋਣ ਹੀ ਠੀਕ ਹੋਵੇ। ਪਰ ਇਕ ਚੋਣ ਕਰ ਲੈਣ ਤੋਂ ਬਾਅਦ ਤੁਹਾਡਾ ਦੂਜੀ ਵਾਰ ਕਿਸੇ ਦੀ ਚੋਣ ਕਰਨਾ ਬੇਵਫਾਈ ਹੈ। ਵੈਸੇ ਇਹ ਬੇਵਫਾਈ ਦਾ ਸੰਕਲਪ ਇਕ ਆਦਰਸ਼ਵਾਦੀ ਸੋਚ ਦੀ ਪੈਦਾਵਾਰ ਹੈ। ਰਵਾਇਤੀ ਉਰਦੂ ਸ਼ਾਇਰੀ ਵਿਚ 'ਰਕੀਬ' ਅਤੇ 'ਬੇਵਫਾਈ' ਦੋ ਸ਼ਬਦਾਂ ਦੁਆਲੇ ਹੀ ਕਾਇਨਾਤ ਘੁੰਮਦੀ ਦਿੱਸਦੀ ਹੈ। ਆਧੁਨਿਕ ਸਮੇਂ ਵਿਚ ਜਦੋਂ ਮਨੁੱਖ ਅੰਦਰ ਤੇਜ਼ੀ ਨਾਲ ਟੁੱਟ-ਭੱਜ ਵਾਪਰ ਰਹੀ ਹੈ, ਇਸ ਸਮੇਂ 'ਵਫਾ' ਦੇ ਪੁਰਾਣੇ ਸੰਕਲਪ ਦੀ ਆਸ ਕਰਨਾ ਮੂਲੋਂ ਹੀ ਗ਼ਲਤ ਹੈ। ਆਧੁਨਿਕ ਸਮੇਂ ਵਿਚ ਪ੍ਰਕਾਸ਼ ਦੀ ਗਤੀ ਨਾਲ ਰਿਸ਼ਤਿਆਂ ਦੇ ਜਗਤ ਵਿਚ ਤਬਦੀਲੀ ਆਉਂਦੀ ਹੈ। ਇਸ ਨੂੰ ਪਾਤਰ ਨੇ ਆਪਣੇ ਇਕ ਸ਼ੇਅਰ ਵਿਚ ਇਉਂ ਦਰਸਾਇਆ ਹੈ :

ਰਾਹਾਂ 'ਚ ਕੋਈ ਹੋਰ ਹੈ ਚਾਹਾਂ 'ਚ ਕੋਈ ਹੋਰ ਹੈ
ਬਾਹਾਂ 'ਚ ਕਿਸੇ ਹੋਰ ਦੀਆਂ ਬਿਖਰੇ ਪਏ ਨੇ

ਉੱਪਰ ਲਿਖਤ ਸ਼ੇਅਰ ਵਿਚ ਕਮਾਲ ਦੀ ਕਲਾਤਮਿਕ ਅਭਿਵਿਅਕਤੀ ਹੋਈ ਹੈ। 'ਹੋਰ' ਇਥੇ ਪੁਰਾਣੇ ਪ੍ਰੰਪਰਿਕ 'ਰਕੀਬ' ਦੇ ਅਰਥਾਂ ਵਿਚ ਨਹੀਂ ਹੈ, ਸਗੋਂ ਆਧੁਨਿਕਤਾ ਦੀ ਚੋਣ ਹੈ, ਜਿਸ ਕਾਲ ਪਸਾਰ ਵਿਚ ਵਿਚਰਦੇ ਅਸੀਂ, ਜੋ ਸਾਡੇ ਰਾਹਾਂ ਵਿਚ ਬੈਠਦਾ ਹੈ, ਅਸੀਂ ਉਸ ਨੂੰ ਚਾਹੁੰਦੇ ਨਹੀਂ ਅਤੇ ਜਿਸ ਨੂੰ ਚਾਹੁੰਦੇ ਹਾਂ ਉਸ ਨੂੰ ਪਾ ਨਹੀਂ ਸਕਦੇ। ਅਜਿਹੀ ਟੁੱਟ-ਭੱਜ ਵਿਚ ਅਸੀਂ ਕਿਸੇ ਹੋਰ ਦੀਆਂ 'ਬਾਹਾਂ' ਵਿਚ ਬਿਖਰ ਜਾਂਦੇ ਹਾਂ। ਇਸੇ ਤਰ੍ਹਾਂ ਦੀ ਸਥਿਤੀ ਨੂੰ ਪਰੰਪਰਿਕ ਸ਼ਾਇਰੀ ਵਿਚ ਇਸ ਪ੍ਰਕਾਰ ਪੇਸ਼ ਕੀਤਾ ਜਾਂਦਾ ਸੀ ਕਿ ਸਾਨੂੰ ਸ਼ੇਅਰ ਦੇ ਨਾਇਕ/ਨਾਇਕਾ ਨਾਲ ਨਫ਼ਰਤ ਪੈਦਾ ਹੁੰਦੀ ਸੀ, ਉਥੇ ਪਾਤਰ ਦੀਆਂ ਗ਼ਜ਼ਲਾਂ ਵਿਚ ਨਾਇਕ/ਨਾਇਕਾ ਦੀ ਸਥਿਤੀ ਨੂੰ ਤ੍ਰਾਸਦਿਕ ਬਣਾ ਕੇ ਪੇਸ਼ ਕੀਤਾ ਹੈ, ਜਿਸ ਨਾਲ ਸਾਨੂੰ ਹਮਦਰਦੀ ਪੈਦਾ ਹੁੰਦੀ ਹੈ। ਇਸੇ ਤਰ੍ਹਾਂ ਦਾ ਇਕ ਹੋਰ ਵਿਅੰਗਾਤ-ਮਿਕ ਸ਼ੇਅਰ ਹੈ :

ਅਥਰੂ ਟੈਸਟ ਟਿਊਬ 'ਚ ਪਾ ਕੇ ਵੇਖਾਂਗੇ
ਕਲ੍ਹ ਰਾਤੀਂ ਤੂੰ ਕਿਸ ਮਹਿਬੂਬ ਨੂੰ ਰੋਇਆ ਸੀ

ਉੱਪਰ ਲਿਖਤ ਸ਼ੇਅਰ ਦਾ ਨਾਇਕ ਸਾਡੀ ਹਮਦਰਦੀ ਦਾ ਪਾਤਰ ਹੈ ਕਿਉਂਕਿ ਉਹ ਰੋਇਆ ਸੀ। ਪਰ ਵਿਅੰਗ ਇਹ ਹੈ ਕਿ ਉਹ ਕਿਸ ਮਹਿਬੂਬ ਦੀ ਯਾਦ ਵਿਚ ਰੋਇਆ ਸੀ। ਆਧੁਨਿਕ ਮਨੁੱਖ ਟੋਟਿਆਂ ਵਿਚ ਟੁੱਟ ਕੇ ਕਈ ਥਾਵਾਂ ਤੇ ਵੰਡਿਆ ਗਿਆ ਹੈ। ਸੋ ਉੱਪਰਲੇ ਸ਼ੇਅਰ ਦਾ ਬਾਹਰੀ ਵਿਅੰਗ ਆਪਣੇ ਆਪ ਵਿਚ ਤ੍ਰਾਸਦਿਕ ਸਥਿਤੀ ਲਈ ਬੈਠਾ ਹੈ। ਸਮਾਜਿਕ ਰਹੁ-ਰੀਤਾਂ ਜੋ ਬੰਧਨ ਬਣ ਜਾਂਦੀਆਂ ਹਨ, ਤੇ ਵੀ ਪਾਤਰ ਨੇ ਆਪਣੇ ਤੀਖਣ ਕਟਾਖਸ਼ ਦਾ ਵਾਰ ਕੀਤਾ ਹੈ :

www.PunjabiLibrary.com

ਮੰਗਲ ਸੂਤਰ ਦੇ ਵਿਚ ਕਿਹੜਾ ਡਕ ਸਕਦਾ ਏ ਨਦੀਆਂ
ਕਿਹੜਾ ਪਾ ਸਕਦਾ ਏ, ਚੰਦਰੇ ਮਨ ਪੰਛੀ ਗਲ ਗਾਨੀ

ਵਰਗ ਵੰਡ ਵਾਲੇ ਸਮਾਜ ਵਿਚ ਪਿਆਰ ਨੂੰ ਕੁਚਲਿਆ ਜਾਂਦਾ ਹੈ। 'ਹੀਰ' ਅਤੇ 'ਰਾਂਝੇ' ਇਕ ਦੂਜੇ ਨੂੰ ਚਾਹੁੰਦੇ ਹੋਏ ਵੀ ਮਿਲ ਨਹੀਂ ਸਕਦੇ। ਕਾਬਜ਼ ਜਮਾਤਾਂ ਵਾਜਬ ਪਿਆਰ ਸੌਧਾਂ ਨੂੰ ਨਾਵਾਜਬ ਕਰਾਰ ਦੇ ਦਿੰਦੀਆਂ ਹਨ। ਸਥਾਪਤ ਸਮਾਜਿਕ ਸ਼ਕਤੀਆਂ ਵਲੋਂ ਪ੍ਰੇਮੀ ਜੋੜਿਆਂ ਤੇ ਮਾਨਸਿਕ ਅਤੇ ਸਰੀਰਕ ਤਸ਼ੱਦਦ ਕੀਤਾ ਜਾਂਦਾ ਹੈ। ਇਸ ਦੀ ਦੁਖਾਂਤਿਕ ਸਥਿਤੀ ਦੀ ਕਲਾਤਮਿਕ ਅਭਿਵਿਅਕਤੀ ਪਾਤਰ ਦੇ ਸ਼ੇਅਰਾਂ ਵਿਚ ਇੰਜ ਮਿਲਦੀ ਹੈ :

ਇਕੋ ਬੂਟੀ ਪਾਏਗੀ ਚਾਦਰ 'ਤੇ ਤੇਰੇ ਨਾਮ ਦੀ
ਫਿਰ ਤੇਰੀ ਮਹਿਬੂਬ ਨੂੰ ਕੰਡਿਆਂ ਨਾਲ ਵਿੰਨ੍ਹਿਆਂ ਜਾਏਗਾ।

'ਪਾਤਰ' ਨੇ ਆਪਣੇ ਸ਼ੇਅਰਾਂ ਵਿਚ ਬੇਕਿਰਕ ਹੋ ਕੇ ਕਾਬਜ਼ ਸਮਾਜਿਕ ਪ੍ਰਬੰਧ ਦੀਆਂ ਅਮਨੁੱਖੀ ਕਦਰਾਂ ਕੀਮਤਾਂ ਤੇ ਚੋਟ ਕੀਤੀ ਹੈ। ਸਮੁੱਚੀ ਮਨੁੱਖੀ ਵਸੋਂ ਦਾ ਅੱਧ ਔਰਤ ਜਾਤੀ ਹੈ, ਜਿਸ ਨੂੰ ਸਦੀਆਂ ਤੋਂ ਦਬਾਇਆ ਜਾਂਦਾ ਰਿਹਾ ਹੈ। ਜਾਗੀਰਦਾਰੀ ਸਮਾਜ ਵਿਚ ਤਾਂ ਔਰਤ ਦੀ ਹਾਲਤ ਅੱਤ ਦੀ ਤਰਸਯੋਗ ਸੀ, ਭਾਵੇਂ ਸਰਮਾਏਦਾਰੀ ਦੌਰ ਵਿਚ ਔਰਤ ਨੂੰ ਕੁਝ ਆਜ਼ਾਦੀ ਨਸੀਬ ਹੋਈ ਹੈ। ਪਰ ਹਾਲੇ ਵੀ ਔਰਤ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੈ। ਇਕ ਪਾਸੇ ਤਾਂ ਸਰਮਾਏਦਾਰੀ ਢਾਂਚੇ ਵਿਚ ਮਨੁੱਖ ਪੈਸੇ ਦਾ ਗ਼ੁਲਾਮ ਹੋ ਜਾਂਦਾ ਹੈ। ਔਰਤ ਵੀ ਮਰਦ ਵਾਂਗ ਹੀ ਪੈਸੇ ਦੀ ਗ਼ੁਲਾਮੀ ਤਾਂ ਹੰਢਾਉਂਦੀ ਹੀ ਹੈ। ਇਸ ਤੋਂ ਇਲਾਵਾ ਸਰਮਾਏਦਾਰੀ ਨਿਜ਼ਾਮ ਵਿਚ ਵੀ ਮੱਧਕਾਲੀ ਜਾਗੀਰ-ਦਾਰੀ ਰੁੱਚੀਆਂ ਦਾ ਮੁਕੰਮਲ ਖ਼ਾਤਮਾ ਨਹੀਂ ਹੁੰਦਾ, ਇਸ ਲਈ ਸਮਕਾਲੀ ਸਮਾਜ ਵਿਚ ਵੀ ਔਰਤ ਨੂੰ ਪੈਸੇ ਅਤੇ ਮਰਦ ਦੀ ਦੂਹਰੀ ਗ਼ੁਲਾਮੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਸਾਡੇ ਸਮਕਾਲੀ ਸਥਾਪਤ ਕੀਮਤ ਪ੍ਰਬੰਧ ਦੇ ਇਸ ਅਮਾਨਵੀ ਔਗੁਣ ਤੇ 'ਪਾਤਰ' ਇਉਂ ਚੋਟ ਕਰਦਾ ਹੈ :

ਇਕ ਕੈਦ 'ਚੋਂ ਦੂਜੀ ਕੈਦ 'ਚ ਪਹੁੰਚ ਗਈ ਏ—
ਕੀ ਖਟਿਆ ਮਹਿੰਦੀ ਲਾ ਕੇ ਤੇ ਵੱਟਣਾ ਮਲ ਕੇ।

ਔਰਤ ਪਹਿਲਾਂ ਆਪਣੇ ਘਰ ਵਿਚ ਦਾਬੇ ਅਧੀਨ ਹੁੰਦੀ ਹੈ। ਜਦੋਂ ਉਹ ਵਿਆਹੀ ਜਾਂਦੀ ਹੈ ਤਾਂ ਭਾਵੇਂ ਇਸ ਰਸਮ ਨੂੰ ਹੁਲਾਸ-ਪੂਰਨ ਰਸਮ ਦੇ ਤੌਰ ਤੇ ਪ੍ਰਚਾਰਿਆ ਜਾਂਦਾ ਹੈ, ਪਰ ਉਹ ਨਵੇਂ ਘਰ ਵਿਚ ਵੀ ਗ਼ੁਲਾਮੀ ਹੀ ਹੰਢਾਉਂਦੀ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਕੈਦ ਨੂੰ ਸਾਡੇ ਪੁਰਾਣੇ ਧਾਰਮਿਕ ਨਿਆਇ ਸ਼ਾਸ਼ਤਰ ਵੀ ਤਾਂ ਕਾਬਜ਼ ਸਮਾਜਿਕ ਸ਼ਕਤੀਆਂ ਨੂੰ ਬਨਾਉਣ ਵਾਲੇ ਲੋਕਾਂ ਦੇ ਅਨੁਸਾਰ ਹੁੰਦੇ ਹਨ। ਆਪਣੀ, ਜੋ ਹੱਕੀ ਹੁੰਦਾ ਹੈ, ਨੂੰ ਜਦੋਂ ਮਿਲਣ ਦੀ ਬਜਾਏ ਗੈਰ-ਹੱਕੀ ਪਰਾਏ ਨੂੰ ਮਿਲ ਜਾਂਦੀ ਹੈ, ਤਾਂ ਇਸ ਤੜਪ ਨੂੰ ਸ਼ਾਇਰ ਨੇ ਡੂੰਘੀ ਸ਼ਿੱਦਤ ਨਾਲ ਇਉਂ ਪ੍ਰਗਟਾਇਆ ਹੈ :

ਤੇਰੇ ਪਰਾਏ ਹੋਣ ਦੀ ਕਿਉਂ ਰਾਤ ਏਨੀ ਚੁੱਪ
ਉੱਠਾਂ ਤੜਪ ਤੜਪ ਕੇ ਇਕ ਕੰਙਣ ਦੇ ਸ਼ੇਰ ਤੇ

www.PunjabiLibrary.com

'ਪਾਤਰ' ਦੇ ਸ਼ੇਅਰਾਂ ਵਿਚ ਜਿੱਥੇ ਪਿਆਰ ਵਿਚ ਨਿਹੋਰੇ, ਪਿਆਰ ਨੂੰ ਜਾਬਰ ਸ਼ਕਤੀਆਂ ਵੱਲੋਂ ਕੁਚਲੇ ਜਾਣ ਦਾ ਪ੍ਰਗਟਾ ਮਿਲਦਾ ਹੈ, ਉਥੇ ਪਿਆਰ ਦੇ ਅਨੁਭਵਾਂ ਵਿਚੋਂ ਉਪਜੇ ਮਨੋਭਾਵਾਂ ਦੀ ਬੜੀ ਹੀ ਕਾਵਿਕ-ਸੰਵੇਦਨਾ ਨਾਲ ਕਲਾਤਮਿਕ ਅਭਿਵਿਅਕਤੀ ਕੀਤੀ ਮਿਲਦੀ ਹੈ। ਪਰ ਇਸ ਪਿਆਰ ਦਾ ਸੰਕਲਪ ਰਵਾਇਤੀ ਸ਼ਾਇਰੀ ਵਾਲੇ ਆਦਰਸ਼ਕ, ਅਣਯਥਾਰਥਕ, ਉਚ-ਮੰਡਲੀ ਅਪਹੁੰਚ ਪਿਆਰ ਦੀ ਥਾਂ ਤੇ ਆਧੁਨਿਕ ਮਨੁੱਖ ਦੀ ਯੁੱਗ-ਚੇਤਨਾ ਦੇ ਅਨੁਸਾਰੀ ਹੈ। ਇਸ ਪ੍ਰਕਾਰ ਪਾਤਰ ਨੇ ਆਪਣੀਆਂ ਰਚਨਾਵਾਂ ਵਿਚ ਸਮਾਜਿਕ ਯਥਾਰਥ ਨੂੰ ਆਧੁਨਿਕ ਇਤਿਹਾਸਕ ਯੁਗਬੋਧ ਦੀ ਦ੍ਰਿਸ਼ਟੀ ਤੋਂ ਅਨੁਭਵ ਕਰਕੇ, ਇਸ ਦੀਆਂ ਵਿਭਿੰਨ ਪਰਤਾਂ ਨੂੰ ਕਲਾਤਮਿਕ ਢੰਗ ਨਾਲ ਅਭਿਵਿਅਕਤ ਕੀਤਾ ਹੈ। ਉਸ ਦੀਆਂ ਕਲਾਤਮਿਕ ਜੁਗਤਾਂ ਵਿਚ ਵਿਅੰਗ ਅਹਿਮ ਵਿਧੀ ਹੈ, ਉਸ ਦੀ ਦੂਜੀ ਅਹਿਮ ਵਿਧੀ ਮੌਲਿਕ ਬਿੰਬ ਵਿਧਾਨ ਅਤੇ ਨਵੀਨ ਪ੍ਰਤੀਕਾਂ ਦੀ ਸਿਰਜਣਾ ਵਿਚ ਨਿਹਿਤ ਹੈ।

ਗ਼ਜ਼ਲ ਕਾਵਿ-ਰੂਪ ਵਜੋਂ ਰਵਾਇਤੀ ਬਿੰਬਾਂ ਦੁਆਰਾ ਹੀ ਮਿਲਦੀ ਸੀ। ਮੈਅ, ਸ਼ੇਖ, ਰਿੰਦ, ਸਾਕੀ, ਮੈਖਾਨਾ ਆਦਿ ਦਾ ਵਾਰ ਵਾਰ ਜ਼ਿਕਰ ਆਉਂਦਾ ਸੀ। ਪਰ ਪਾਤਰ ਨੇ ਚੇਤੰਨ ਹੋ ਕੇ ਇਸ ਘਸੀ ਪਿਟੀ ਬਿੰਬਾਵਲੀ ਤੋਂ ਖਹਿੜਾ ਛੁਡਾਇਆ ਹੈ। ਉਸ ਨੇ ਰਵਾਇਤੀ ਬਿੰਬਾਵਲੀ ਨੂੰ ਤਿਲਾਂਜਲੀ ਦੇ ਕੇ ਆਪਣੇ ਮੌਲਿਕ ਬਿੰਬ ਵਿਧਾਨ ਨੂੰ ਸਿਰਜਿਆ ਹੈ। ਉਸ ਦੀਆਂ ਗ਼ਜ਼ਲਾਂ ਦੇ ਸ਼ੇਅਰਾਂ ਵਿਚ ਕੁਝ ਬਿੰਬਾਂ ਦਾ ਦੁਹਰਾਓ ਅਕਾਊ ਹੋਣ ਦੀ ਥਾਂ ਖ਼ਿਆਲ ਨੂੰ ਜ਼ਿਹਨ ਨਸ਼ੀਨ ਕਰਦੇ ਹਨ। ਉਸ ਦੇ ਵਾਰ ਵਾਰ ਵਰਤੇ ਗਏ ਕੁਝ ਬਿੰਬਾਂ ਅਤੇ ਪ੍ਰਤੀਕਾਂ ਵਿਚ ਆਪਸੀ ਸਾਂਝ ਲੱਭਣੀ ਤਰਕ ਸੰਗਤ ਹੋਵੇਗੀ। ਅਸਲ ਵਿਚ ਉਸ ਦੇ ਬਿੰਬ ਅਤੇ ਪ੍ਰਤੀਕ ਉਸ ਦੇ ਵਿਸ਼ੇ ਅਨੁਕੂਲ ਹੀ ਹਨ। ਉਸ ਦੇ ਸ਼ੇਅਰਾਂ ਵਿਹ ਬਿਰਖ, ਹਵਾ, ਅੱਗ, ਬੰਸੁਰੀ, ਪਾਣੀ, ਫੁੱਲ, ਦੀਵਾ, ਪੱਤੇ, ਰੇਤਾ ਆਦਿ ਵਾਰ ਵਾਰ ਵਰਤੇ ਹਨ।

'ਪਾਤਰ' ਆਪਣੇ ਆਪ ਨੂੰ ਬਿਰਖ ਦੇ ਇਕ ਰੂਪ ਵਿਚ ਦੇਖਦਾ ਹੈ। ਉਸ ਦੀਆਂ ਸਮੁੱਚੀਆਂ ਗ਼ਜ਼ਲਾਂ ਦੇ ਸ਼ੇਅਰਾਂ ਵਿਚ ਜਿਥੇ ਹੀ ਬਿਰਖ ਦਾ ਪ੍ਰਤੀਕ ਵਰਤਿਆ ਗਿਆ ਹੈ, ਉਸ ਦੇ ਪਿਛੇ ਸ਼ਾਇਰ ਲੁਪਤ ਰਹਿੰਦਾ ਹੈ

ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ
ਅਸੀਂ ਰਹਿ ਗਏ ਬਿਰਖ ਵਾਲੀ ਛਾਂ ਬਣ ਕੇ

...

ਕਿਸੇ ਦੇ ਵਾਸਤੇ ਸ਼ਾਇਦ ਬਿਰਖ ਬਣਾਂ ਮੈਂ ਵੀ
ਇਸੇ ਉਮੀਦ ਤੇ ਥਲ ਵਿਚ ਖੜ੍ਹਾਂ ਦੁਪਹਿਰ ਅੰਦਰ

ਬਲਦਾ ਬਿਰਖ ਹਾਂ, ਖ਼ਤਮ ਹਾਂ ਬੱਸ ਸ਼ਾਮ ਤੀਕ ਹਾਂ
ਫਿਰ ਵੀ ਕਿਸੇ ਬਹਾਰ ਦੀ ਕਰਦਾ ਉਡੀਕ ਹਾਂ

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ

www.PunjabiLibrary.com

ਆਖੋਸ ਉਨ੍ਹਾਂ ਨੂੰ ਉਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਏਥੇ ਖੜੇ ਰਹਿਣਗੇ

—

ਜਦ ਮੈਂ ਬਿਰਖ ਸਾਂ, ਉਸ ਪਲ ਤਾਂ ਬਣ ਸਕੀ ਨਾ ਤੂੰ
ਜਦ ਮੈਂ ਚਿਰਾਗ ਬਣਿਆ, ਬਣੀ ਤੂੰ ਤੇਜ਼ ਹਵਾ

ਕਾਫੀ ਗਿਣਤੀ 'ਚ ਉਪਰ ਲਿਖਤ ਸ਼ੇਅਰਾਂ ਦਾ ਹਵਾਲਾ ਇਸ ਲਈ ਦਿੱਤਾ ਗਿਆ ਕਿ ਅਸੀਂ ਨਾ ਸਿਰਫ਼ 'ਪਾਤਰ' ਦੇ ਸ਼ੇਅਰਾਂ ਵਿਚ ਬਿਰਖ, ਹਵਾ, ਅੱਗ ਚਿਰਾਗ ਦੀ ਬਿੰਬਾਂ ਪ੍ਰਤੀਕਾਂ ਵਜੋਂ ਵਰਤੋਂ ਨੂੰ ਹੀ ਦਰਸਾਉਣਾ ਸੀ, ਸਗੋਂ ਸਾਡੀ ਮਨਸ਼ਾ ਤਾਂ ਇਨ੍ਹਾਂ ਪ੍ਰਤੀਕਾਂ ਦੇ ਹੇਠ ਲੁਪਤ ਯਥਾਰਥ ਦੀ ਆਪਸੀ ਸਾਂਝ ਨੂੰ ਉਜਾਗਰ ਕਰਨਾ ਅਤੇ ਇਹ ਦਰਸਾਉਣਾ ਹੈ ਕਿ ਕਿਸ ਪ੍ਰਕਾਰ ਸ਼ਾਇਰ ਯਥਾਰਥ ਦੀਆਂ ਵਿਭਿੰਨ ਪਰਤਾਂ ਨੂੰ ਦਿਖਾਉਣ ਲਈ ਸਿਰਫ਼ ਕੁਝ ਬਿੰਬਾਂ ਪ੍ਰਤੀਕਾਂ ਦੁਆਰਾ ਹੀ ਕੰਮ ਚਲਾ ਲੈਂਦਾ ਹੈ। ਉਸ ਦੇ ਉਪਰਲੇ ਸ਼ੇਅਰ ਵਿਚ ਬਿਰਖ ਦੀ ਬਿੰਬ ਦੇ ਪ੍ਰਤੀਕ ਵਜੋਂ ਵਧੇਰੇ ਵਰਤੋਂ ਹੋਈ ਹੈ। ਉਸ ਦੇ ਸ਼ੇਅਰਾਂ ਵਿਚ ਆਪ ਨੂੰ ਤਾਂ ਹਮੇਸ਼ਾਂ 'ਬਿਰਖ' ਦੇ ਰਾਹੀਂ ਹੀ ਅਭਿਵਿਅਕਤ ਕੀਤਾ ਮਿਲਦਾ ਹੈ। ਉਹ ਬਿਰਖ ਦੀ ਜੂਨ ਹੰਢਾਉਂਦਾ ਹੈ ਜਾਂ ਨਹੀਂ, ਇਹ ਜੁਦਾ ਗੱਲ ਹੈ, ਪਰ ਇਕ ਗੱਲ ਮੰਨਣਯੋਗ ਜਾਪਦੀ ਹੈ ਕਿ ਉਸ ਦੇ ਭਾਵ-ਮੰਡਲ ਦਾ ਸਹੀ ਸੰਚਾਰ ਕਰਨ ਲਈ ਉਸ ਨੂੰ 'ਬਿਰਖ' ਤੋਂ ਵਧੀਆ ਹੋਰ ਕੋਈ ਬਿੰਬ ਨਹੀਂ ਲੱਭਿਆ ਜੋ ਉਸ ਦੇ ਪਿਆਰ ਅਨੁਭਵਾਂ ਤੋਂ ਲੈ ਕੇ ਜ਼ਿੰਦਗੀ ਦੇ ਵਿਭਿੰਨ ਪਸਾਰਾਂ ਮਸਲਨ : ਅਦਾਲਤਾਂ ਦੇ ਲਟਕਦੇ ਫੈਸਲੇ, ਸਮਕਾਲੀ ਯਥਾਰਥ ਦੇ ਕਰੂਰ ਅਨੁਭਵਾਂ ਨੂੰ ਪ੍ਰਗਟਾ ਸਕਣ ਦੇ ਸਮਰੱਥ ਹੋਵੇ। ਉਪਰ ਲਿਖਤ ਸ਼ੇਅਰਾਂ ਵਿਚ ਅਖ਼ੀਰੀ ਸ਼ੇਅਰ ਵਿਚ ਉਹ ਆਪਣੇ ਬਦਲ ਜਾਣ ਨੂੰ ਵੀ ਉਨ੍ਹਾਂ ਹੀ ਦੋ ਚਾਰ ਬਿੰਬਾਂ/ਪ੍ਰਤੀਕਾਂ ਦੇ ਵਿਚੋਂ ਚਿਰਾਗ ਵਰਤ ਕੇ ਪ੍ਰਗਟਾ ਦਿੰਦਾ ਹੈ। 'ਹਵਾ' ਪਾਤਰ ਦੇ ਸ਼ੇਅਰਾਂ ਵਿਚ ਮਿਲਦਾ ਦੂਜਾ ਪ੍ਰਮੁੱਖ ਬਿੰਬ/ਪ੍ਰਤੀਕ ਹੈ, ਜਿਹੜਾ ਉਸ ਦੀ ਗ਼ਜ਼ਲ ਰਚਨਾ ਵਿਚ ਵਾਰ ਵਾਰ ਆਉਂਦਾ ਹੈ। 'ਹਵਾ' ਅਤੇ 'ਬਿਰਖ' ਦਾ ਆਪਸੀ ਸਬੰਧ ਵੀ ਬੜਾ ਨੇੜਲਾ ਹੈ। 'ਹਵਾ' ਦਾ ਪ੍ਰਤੀਕ ਆਲੇ ਦੁਆਲੇ ਦੀ ਸਮਾਜਿਕ-ਰਾਜਨੀਤਕ ਮਾਹੌਲ ਦੀ ਗੱਲ ਕਰਦਿਆਂ ਵੀ ਵਰਤਿਆ ਹੈ। 'ਪਾਤਰ' ਨੇ ਆਪਣਾ ਨਿਵੇਕਲਾ, ਨਵੀਨ ਬਿੰਬ ਵਿਧਾਨ ਸਿਰਜਿਆ ਹੈ, ਜਿਸ ਵਿਚ ਅੰਤਾਂ ਦਾ ਦੁਹਰਾਓ ਹੈ। ਉਹ ਕੁਝ ਬਿੰਬਾਂ/ਪ੍ਰਤੀਕਾਂ ਦੁਆਰਾ ਹੀ ਆਪਣਾ ਸਮੁੱਚਾ ਅਨੁਭਵ ਪੇਸ਼ ਕਰਨ ਦੇ ਸਮਰੱਥ ਹੈ।

'ਪਾਤਰ' ਨੇ ਜਿਥੇ ਨਵੇਂ ਭਾਵਾਂ/ਵਿਚਾਰਾਂ ਦੇ ਅਨੁਕੂਲ ਬਿੰਬ/ਪ੍ਰਤੀਕ ਵਰਤੇ ਹਨ, ਉਥੇ ਉਸ ਦੇ ਹੇਠ ਲਿਖਤ ਸ਼ੇਅਰ ਵਿਚ ਬਿੰਬ ਦੀ ਵਰਤੋਂ ਠੀਕ ਢੰਗ ਨਾਲ ਨਹੀਂ ਹੋਈ ਜਾਪਦੀ :

ਬਲਦੇ ਸੂਰਜ ਵਾਂਗ ਮੈਂ ਆਸਮਾਨ ਤੋਂ ਡਿਗਦਾ ਰਿਹਾ
ਸ਼ਹਿਰ ਨੇ ਮੈਨੂੰ ਤਮਾਸ਼ੇ ਵਾਂਗ ਕਈ ਦਿਨ ਵੇਖਿਆ

ਇਸ ਸ਼ੇਅਰ ਵਿਚ ਕਾਵਿਕ ਨਿਆਂ ਕਾਇਮ ਨਹੀਂ ਰਹਿ ਸਕਿਆ ਕਿਉਂਕਿ ਇਕ ਤਾਂ ਸੂਰਜ ਟੁੱਟਦਾ ਨਹੀਂ, ਦੂਸਰਾ ਉਹ ਧਰਤੀ ਤੇ ਡਿਗਦਾ ਨਹੀਂ। ਇਥੇ ਸ਼ਾਇਰ ਟੁਟਦਾ ਤਾਰਾ ਤਾਂ ਵਰਤ ਸਕਦਾ ਸੀ, ਪਰ ਟੁਟਦਾ ਤਾਰਾ ਬੜੀ ਤੇਜ਼ੀ ਨਾਲ ਖ਼ਤਮ ਹੋ ਜਾਂਦਾ ਹੈ। ਸ਼ਹਿਰ ਨੂੰ ਕਈ ਦਿਨ ਤਮਾਸ਼ੇ ਵਾਂਗ ਦੇਖਣ ਦਾ ਮੌਕਾ ਨਹੀਂ ਮਿਲ ਸਕਦਾ।

www.PunjabiLibrary.com

ਸਮੁੱਚੇ ਰੂਪ ਵਿਚ ਪਾਤਰ ਦੀ ਕਾਵਿ-ਯਾਤਰਾ ਨੇ ਦਿਸ਼ਾ ਨਹੀਂ ਸਿਰਫ਼ ਦਸ਼ਾ ਬਦਲੀ ਹੈ। ਪਹਿਲਾਂ ਉਹ ਸਮਾਜਿਕ ਯਥਾਰਥ ਦੇ ਇਕ ਅੰਗ ਰਾਜਸੀ ਯਥਾਰਥ ਨੂੰ ਸਿੱਧਾ ਮੁਖ਼ਾਤਬ ਸੀ, ਜਿਸ ਵਿਚ ਸਥਾਨਕਤਾ ਅਤੇ ਸਮਕਾਲੀਨਤਾ ਦੋਨੋਂ ਭਾਰੂ ਸਨ। ਪਰ ਖੁਲ੍ਹੀ ਕਵਿਤਾ ਤੋਂ ਗ਼ਜ਼ਲ ਵੱਲ ਮੁੜਦਿਆਂ ਉਸ ਨੇ ਸਮਾਜਿਕ ਯਥਾਰਥ ਨੂੰ ਸਮੁੱਚ ਵਿਚ ਫੜਨ ਦੀ ਕੋਸ਼ਿਸ਼ ਕਰਦਿਆਂ ਦੇਸ਼ ਅਤੇ ਕਾਲ ਦੋਹਾਂ ਪਸਾਰਾਂ ਵਿਚ ਫੈਲਾਓ ਗ੍ਰਹਿਣ ਕੀਤਾ ਹੈ। ਪਹਿਲਾਂ ਉਹ ਵਿਚਾਰਾਂ ਜਾਂ ਭਾਵਾਂ ਨੂੰ ਕਥਨ ਦੀ ਪੱਧਰ ਤੇ ਕਹਿ ਕੇ ਬਿੰਬਾਂ-ਪ੍ਰਤੀਕਾਂ ਨਾਲ ਸਪੱਸ਼ਟ ਅਤੇ ਪੁਸ਼ਟ ਕਰਦਾ ਸੀ, ਪਰ ਹੁਣ ਉਹ ਕਥਨ ਨੂੰ ਬਿੰਬਾਂ-ਪ੍ਰਤੀਕਾਂ ਵਿਚ ਢਾਲ ਕੇ ਪੇਸ਼ ਕਰਦਾ ਹੈ। ਉਸ ਦਾ ਕਥਨ ਲੁਪਤ ਹੋ ਕੇ, ਉਸ ਦੇ ਕਾਵਿ ਵਿਚ ਸਮਾਂ ਗਿਆ ਹੈ। ਪਹਿਲਾਂ ਪੇਸ਼ ਦੀ ਪੇਸ਼ਕਾਰੀ ਸੀ, ਹੁਣ ਪੇਸ਼ਕਾਰੀ ਤੋਂ ਪੇਸ਼ ਦਾ ਬੋਧ ਹੁੰਦਾ ਹੈ। ਜੋ ਉਸ ਦੀ ਯਾਤਰਾ ਕਥਨ ਤੋਂ ਕਾਵਿ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਉਸ ਦੀ ਆਉਣ ਵਾਲੀ ਸ਼ਾਇਰੀ ਭਾਵੇਂ ਕਿਸੇ ਵੀ ਰੂਪ ਵਿਚ ਆਵੇ, ਸਮਾਜਿਕ ਪ੍ਰਤੀਬੱਧਤਾ ਦੇ ਨਾਲੋ ਨਾਲ 'ਕਾਵਿ' ਜ਼ਰੂਰ ਹੋਵੇਗੀ। ਸਮਕਾਲੀਨ ਪੰਜਾਬੀ ਕਵਿਤਾ ਨੂੰ 'ਕਾਵਿ' ਦੀ ਬਹੁਤ ਲੋੜ ਹੈ।

www.PunjabiLibrary.com

6. ਮਨਜੀਤ ਟਿਵਾਣਾ ਉਣੀਂਦੇ ਵਰਤਮਾਨ ਦੀ ਗਾਥਾ

ਮਨਜੀਤ ਟਿਵਾਣਾ ਨੇ ਆਧੁਨਿਕ ਜੀਵਨ ਦੇ ਵਿਭਿੰਨ ਪਸਾਰਾਂ ਨੂੰ ਆਪਣੀ ਕਲਾਤਮਿਕ ਅੱਖ ਨਾਲ ਪਕੜਕੇ ਕਾਵਿ-ਸ਼ਬਦਾਂ ਦਾ ਜਾਮਾ ਪਹਿਨਾਉਂਦਿਆਂ ਇਲਹਾਮ (1971), ਇਲਜ਼ਾਮ (1980) ਅਤੇ ਉਣੀਂਦਾ ਵਰਤਮਾਨ (1987) ਨਾਂ ਦੇ ਤਿੰਨ ਕਾਵਿ-ਸੰਗ੍ਰਹਿ ਪਾਠਕਾਂ ਦੀ ਨਜ਼ਰ ਕੀਤੇ ਹਨ। ਮਨਜੀਤ ਟਿਵਾਣਾ ਦੇ ਕਾਵਿ-ਸੰਗ੍ਰਹਿ ਵਿਚ ਦਾਖ਼ਲ ਹੋ ਕੇ ਬੌਧਿਕ ਵਿਸ਼ਲੇਸ਼ਣ ਕਰਨ ਲਈ ਅਸੀਂ ਉਸਦੇ 'ਉਣੀਂਦੇ ਵਰਤਮਾਨ' ਕਾਵਿ-ਸੰਗ੍ਰਹਿ ਦੇ ਆਰੰਭ ਵਿਚ ਦਿੱਤੀ ਨੌਂ ਲਾਈਨਾਂ ਦੀ ਭੂਮਿਕਾ ਨੂੰ ਆਰੰਭ ਬਿੰਦੂ ਵਜੋਂ ਗ੍ਰਹਿਣ ਕਰ ਸਕਦੇ ਹਾਂ। ਲੇਖਿਕਾ ਸਿਰਜਣਾਤਮਿਕ ਲੇਖਿਕਾ ਹੋਣ ਦੇ ਨਾਲ-ਨਾਲ ਮਨੋਵਿਗਿਆਨਕ ਅਤੇ ਅੰਗਰੇਜ਼ੀ ਸਾਹਿਤ ਵਿਚ ਐਮ. ਏ. ਤੋਂ ਛੁੱਟ ਪੀ. ਐਚ. ਡੀ. ਵੀ ਹੈ। ਸੋ ਉਹ ਆਪਣੇ ਕਾਵਿ ਦਾ ਬੌਧਿਕ ਵਿਸ਼ਲੇਸ਼ਣ ਕਰਨ ਦੇ ਵੀ ਸਮਰੱਥ ਜਾਪਦੀ ਹੈ। ਉਹ ਭੂਮਕਈ ਲਾਈਨਾਂ ਇੰਝ ਹਨ :—

"ਆਪਾਂ ਸਮੇਂ ਦੇ ਜਿਸ ਦੌਰ ਵਿਚੋਂ ਨਿਕਲ ਰਹੇ ਹਾਂ, ਉਸ ਵਿਚ ਕੋਈ ਵੀ ਸੋਚਵਾਨ, ਸਮਝਦਾਰ, ਚੇਤੰਨ, ਸੰਵੇਦਨਸ਼ੀਲ, ਦਾਨਸ਼ਮੰਦ, ਕੋਮਲਚਿਤ, ਅਗੰਮ ਗਿਆਨੀ, ਜਗਿਆਸੂ ਨੂੰ ਨੀਂਦ ਕਿਵੇਂ ਆ ਸਕਦੀ ਹੈ। ਉਸੇ ਉਣੀਂਦਿਆਂ ਦੀਆਂ ਕੁਲ ਸੋਚਾਂ ਜੋ ਮਹਿਸੂਸ ਤਾਂ ਅਸੀਂ ਤਕਰੀਬਨ ਸਾਰੇ ਹੀ ਕਰ ਰਹੇ ਹਾਂ, ਤੁਹਾਡੇ ਅੱਗੇ ਰੱਖਣ ਦੀ ਕੋਸ਼ਿਸ਼ ਕਰ ਰਹੀ ਹਾਂ। ਜੇ ਇਹਨਾਂ ਸੋਚਾਂ ਨੂੰ ਠੀਕ ਢੰਗ ਨਾਲ ਸਮਝ ਸਕੋ ਤਾਂ ਸ਼ੁਕਰੀਆ, ਜੇ ਗ਼ਲਤ ਸਮਝ ਬੈਠੋ ਤਾਂ ਮੇਰੀ ਬਦਕਿਸਮਤੀ।"

ਲੇਖਿਕਾ ਆਪਣੇ ਸਮੇਂ ਦੇ ਜਿਸ ਦੌਰ ਵਿਚੋਂ ਨਿਕਲ ਰਹੇ ਹਾਂ, ਦੀ ਵਿਸ਼ੇਸ਼ ਤੌਰ ਤੇ ਗੱਲ ਕਰਦੀ ਹੈ। ਸਭ ਤੋਂ ਪਹਿਲਾਂ ਜ਼ਿਹਨ ਵਿਚ ਇਹੋ ਪ੍ਰਸ਼ਨ ਉੱਠਦਾ ਹੈ ਕਿ ਸਮਕਾਲੀਨ ਸਮਾਂ ਵਿਲੱਖਣ ਹੈ ਵੀ ਜਾਂ ਨਹੀਂ ਅਤੇ ਜੇ ਵਿਲੱਖਣ ਹੈ ਤਾਂ ਕਿਵੇਂ ਹੈ ? ਕੀ ਹਰ ਸਮੇਂ ਦੇ ਲੋਕਾਂ ਨੂੰ ਇਹ ਨਹੀਂ ਲੱਗਦਾ ਕਿ ਅਸੀਂ ਪਿੱਛਲਿਆਂ ਤੋਂ ਭਿੰਨ ਹਾਂ ? ਕਾਲਿਕ ਪਰਿਪੇਖ ਵਿਚ ਹਰ ਸਮਕਾਲੀਨ ਦੌਰ ਪਹਿਲੇ ਗੁਜ਼ਰੇ ਜ਼ਮਾਨੇ ਤੋਂ ਵੱਖਰਾ ਹੁੰਦਾ ਹੈ, ਇਥੋਂ ਤੱਕ ਕਿ ਤੁਸੀਂ 'ਇਕੋ ਨਦੀ ਵਿਚ ਦੂਜੀ ਵਾਰ ਪੈਰ ਨਹੀਂ ਲਾ ਸਕਦੇ।' ਪਰ ਫੇਰ ਵੀ ਸਮਕਾਲੀਨ ਸਮਾਂ ਪਿੱਛਲੇ ਸਮੇਂ ਤੋਂ ਵਿਸ਼ੇਸ਼ ਤੌਰ ਤੇ ਵੱਖਰਾ ਹੈ। ਪਹਿਲਾਂ ਸਾਡੇ ਸਮਾਜ ਦਾ ਵਿਕਾਸ ਸਹਿਜ ਰੂਪ ਸੀ, ਪਰ ਅਗਰੇਜ਼ ਸਾਮਰਾਜ ਦੇ ਦਖ਼ਲ ਨਾਲ ਵਿਕਾਸ ਇਕਦਮ ਉਗੜਾ-ਦੁਗੜਾ ਅਤੇ ਬੇਤਰਤੀਬਾ ਹੋ ਗਿਆ। ਇਸ ਦੇ ਨਤੀਜੇ ਵਜੋਂ ਭਾਰਤੀ ਸਮਾਜ ਵਿਚ ਉਹ ਤਬਦੀਲੀਆਂ ਵਾਪਰੀਆਂ ਹਨ, ਜੋ ਇਤਿਹਾਸ ਦੇ ਵਿਸ਼ਾਲ ਚਿਤਰਪੱਟ ਤੇ

www.PunjabiLibrary.com

ਭਾਵੇਂ ਨਿਗੂਣੀਆਂ ਹੀ ਜਾਪਣ, ਪਰ ਸਮਕਾਲੀਨ ਮਨੁੱਖਾਂ ਦੇ ਮਨਾਂ ਅੰਦਰ ਭੂਚਾਲ ਲੈ ਆਉਣ ਦੇ ਸਮਰੱਥ ਸਨ। ਪਿਆਰ ਜੋ ਕਿ ਮੱਧਕਾਲ ਵਿਚ ਇਕ ਰੁਮਾਂਚਿਕ ਮਿਥਨੀ, ਆਧੁਨਿਕ ਸਮੇਂ ਅਦਰ ਯਥਾਰਥ ਵਿਚ ਪਲਟ ਜਾਂਦੀ ਹੈ। ਸਮਕਾਲੀਨ ਸਮੇਂ ਵਿਚ ਕੁੜੀਆਂ-ਮੁੰਡਿਆਂ ਦੇ ਆਪਸੀ ਮੇਲ ਜੋਲ ਉਤੇ ਕੋਈ ਕਰੜੀ ਸਮਾਜਿਕ ਪਾਬੰਦੀ ਨਹੀਂ ਅਤੇ ਉਹਨਾਂ ਵਿਚ ਆਪਸੀ ਪਿਆਰ ਵੀ ਸੰਭਵ ਹੋ ਸਕਦੇ ਹਨ। ਪਰ ਇਸਦੇ ਨਾਲ ਹੀ 'ਮਨ ਦਾ ਹਾਣ' ਲੱਭਣ ਦੀ ਭਟਕਣ ਆਧੁਨਿਕ ਯੁੱਗ ਦੀ ਵਿਕਸਿਤ ਸਭਿਅਤਾ ਦਾ ਆਮਦਨ ਕਰ ਹੈ। ਕੁੜੀਆਂ ਮੁੰਡਿਆਂ ਨੂੰ ਕਪੜਿਆਂ ਵਾਂਗ ਪਸੰਦ ਨਾ-ਪਸੰਦ ਕਰਦੀਆਂ ਹਨ ਅਤੇ ਅੰਤ ਨਿਰਨਾ ਕਰਦੀਆਂ ਹਨ :

ਮੁੰਡੇ ਤਾਂ ਬਸ ਮੁੰਡੇ ਹੁੰਦੇ ਨੇ
ਨਵੇਂ ਨਵੇਂ ਪ੍ਰਿੰਟ ਜਿਹੇ
ਛੇਤੀ ਹੀ ਕੌਮਨ ਹੋ ਜਾਣ ਵਾਲੇ (ਪੰਨਾ 14)

ਇਸ ਪ੍ਰਕਾਰ ਮੁੰਡੇ ਕੁੜੀਆਂ ਦਾ ਵਰਗੀਕਰਣ ਕਰਕੇ ਉਹਨਾਂ ਨੂੰ 'ਲੰਮੇ ਰੂਟ ਦੀਆਂ ਬੱਸਾਂ', 'ਬਨਾਰਸੀ ਸਾੜੀਆ', 'ਰੰਗਦਾਰ ਫੋਟੋਆਂ', 'ਨਜ਼ਮਾਂ', 'ਪੱਛੋਂ ਦੀ ਪੌਣ', 'ਤਿਤਲੀਆਂ', 'ਰੰਗਦਾਰ ਮੱਛੀਆਂ', 'ਚੰਦਨ ਦਾ ਬੂਟਾ' ਆਦਿ ਤੁਲਨਾਉਂਦੇ ਹਨ। ਆਧੁਨਿਕ ਸਮੇਂ ਵਿਚ ਪੁਰਾਣਾ ਪੈਦਾਵਾਰੀ ਪ੍ਰਬੰਧ ਹੀ ਨਹੀਂ ਬਦਲਿਆ ਸਗੋਂ ਉਸੇ ਦੇ ਅਨੁਸਾਰੀ ਅਤੇ ਅਨੁਪਾਤੀ ਰੂਪ ਵਿਚ ਰਿਸ਼ਤਿਆਂ ਦਾ ਪ੍ਰਬੰਧ ਵੀ ਬਦਲ ਗਿਆ ਹੈ। ਪੈਦਾਵਾਰੀ ਤਕਨੀਕ ਦੇ ਵਿਕਸਿਤ ਹੋਣ ਨਾਲ ਉਤਪਾਦਨ ਦਾ ਮਸ਼ੀਨੀਕਰਣ ਵਧਿਆ ਹੈ, ਜਿਸ ਨਾਲ ਮੰਡੀ ਵਿਚ ਮਨੁੱਖ ਦੇ ਵਰਤਣ ਵਾਲੀਆਂ ਚੀਜ਼ਾਂ ਵਿਭਿੰਨ ਨਾਮ, ਵਿਭਿੰਨ ਰੂਪਾਂ ਅਤੇ ਹਰ ਆਦਮੀ ਦੀ ਹੈਸੀਅਤ ਅਤੇ ਪਸੰਦ ਅਨੁਸਾਰ ਆ ਗਈਆਂ ਹਨ। ਇਸ ਤਰ੍ਹਾਂ ਖਪਤ ਸਭਿਆਚਾਰ ਹੋਂਦ ਵਿਚ ਆਉਂਦਾ ਹੈ। ਇਸੇ ਤਰ੍ਹਾਂ ਮਨੁੱਖੀ ਰਿਸ਼ਤਿਆਂ ਦੇ ਜਗਤ ਵਿਚ ਤਿੜਕਣ ਆ ਗਈ ਅਤੇ ਆਸ਼ਕ ਮਾਸ਼ੂਕ ਦਾ ਸਭ ਤੋਂ ਰੋਮਾਂਚਕ ਰਿਸ਼ਤਾ ਪਸੰਦ ਨਾ ਪਸੰਦ, ਬਦਲਦੇ ਹਾਲਤਾਂ ਨਾਲ ਬਦਲਦੀ ਪਸੰਦ ਦੇ ਚੱਕਰਵਿਊ ਵਿਚ ਫਸ ਗਿਆ ਹੈ। ਮੱਧਕਾਲ ਦੇ ਕਿੱਸਿਆਂ ਵਿਚ ਜੋ ਰਿਸ਼ਤਾ ਕੁਰਬਾਨੀ ਤੇ ਅਧਾਰਿਤ ਸੀ ਹੁਣ ਸੌਖ ਦਾ ਰਿਸ਼ਤਾ ਰਹਿ ਗਿਆ ਹੈ। ਇਉਂ 'ਪ੍ਰਸਪਰ ਸੌਖ' ਦਾ ਰਿਸ਼ਤਾ ਬਾਹਰੀ ਧਰਾਤਲ ਤੇ ਤਾਂ ਸੌਖੇਰਾ ਲਗਦਾ ਹੈ, ਪਰ ਇਹ ਨਵੀਂ ਤਰ੍ਹਾਂ ਦੀ ਮਾਨਸਿਕ ਟੁੱਟ-ਭੱਜ ਨੂੰ ਜਨਮ ਦਿੰਦਾ ਹੈ, ਜਿਸ ਨਾਲ ਮਾਨਸਿਕ ਸੰਤਾਪ ਨੂੰ ਭੋਗਦਿਆਂ, ਅਨੁਭਵ ਕਰਦਿਆਂ ਮਨਜੀਤ ਟਿਵਾਣਾ ਆਪਣੇ ਕਾਵਿ-ਬਿੰਬਾਂ ਰਾਹੀਂ ਇਉਂ ਅਭਿਵਿਅਕਤ ਕਰਦੀ ਹੈ

ਕੀ ਪਤਾ ਸੀ
ਇਕਲਤਾ ਨਾਮ ਦੀ ਨਦੀ ਉਪਰ
ਨਾਵਾਂ ਦਾ ਪੁਲ ਤਾਂ ਉਸਰੇਗਾ
ਪਰ ਰਿਸ਼ਤਿਆਂ ਦਾ ਸ਼ਹਿਰ ਕਦੇ ਨਹੀਂ ਵਸੇਗਾ

www.PunjabiLibrary.com

ਕੀ ਪਤਾ ਸੀ
ਕਾਮਪੋਜ਼ ਦੀ ਗੋਲੀ ਵਿਚੋਲਣ ਬਣੇਗੀ
ਮੇਰੀ ਨੀਂਦ ਨਾਲ ਸੁਲਾਹ ਕਰਾਉਣ ਖ਼ਾਤਰ

ਸਮਕਾਲੀਨ ਸਮੇਂ ਵਿਚ ਜਦੋਂ ਸਾਡਾ ਪੁਰਾਣਾ ਰਿਸ਼ਤਾ ਨਾਤਾ ਪ੍ਰਬੰਧ ਤਿੜਕ ਗਿਆ ਹੈ, ਪਰ ਅਜੇ ਅਸੀਂ 'ਨਵੇਂ ਸੌਖ ਦੇ ਰਿਸ਼ਤਿਆਂ' ਦੇ ਆਦੀ ਵੀ ਨਹੀਂ ਹੋਵੇ, ਇਸ ਹਾਲਤ ਵਿਚ ਇਕ ਮਾਨਸਿਕ ਖ਼ਲਾਅ ਪੈਦਾ ਹੋ ਗਿਆ। ਜਦੋਂ ਅਸੀਂ ਵਿਅਕਤੀਗਤ ਪੱਧਰ ਤੇ ਆਪਣੇ ਸਾਥੀ ਨਾਲ ਬੇਵਫਾਈ ਕਰਦੇ ਹਾਂ ਤਾਂ ਆਪਣੇ ਆਪ ਨੂੰ ਯੋਗ ਠਹਿਰਾਉਣ ਲਈ ਆਧੁਨਿਕਤਾ ਦੇ ਨਾਂ ਥੱਲੇ ਹਜ਼ਾਰਾਂ ਤਰਕ ਪੇਸ਼ ਕਰ ਦਿੰਦੇ ਹਾਂ, ਪਰ ਜਦੋਂ ਅਸੀਂ ਖ਼ੁਦ ਕਿਸੇ ਹੋਰ ਦੀ ਸੌਖ ਦੇ ਰਿਸ਼ਤਿਆਂ ਦੇ ਸ਼ਿਕਾਰ ਬਣ ਜਾਂਦੇ ਹਾਂ ਤਾਂ ਸਾਡੇ ਮਨ ਅੰਦਰ ਇਕ ਤੜਪ ਉੱਠਦੀ ਹੈ। ਇਥੇ ਅਸੀਂ ਆਧੁਨਿਕ ਸਮੇਂ ਦੀ ਤਰਜ਼ੇ ਜ਼ਿੰਦਗੀ ਨੂੰ ਆਪਣੀ ਤੜਫਣ-ਭਟਕਣ ਦਾ ਮੂਲ ਮੰਨ ਕੇ ਨਿਖੇਧ ਕਰਦੇ ਹਾਂ। ਇਸ ਤਰ੍ਹਾਂ ਸਮਕਾਲੀਨ ਮਨੁੱਖ ਦਾ ਅੰਤਰ-ਮਨ ਦੋ ਕੀਮਤ-ਪ੍ਰਬੰਧਾਂ ਵਿਚ ਫਸਿਆ ਦੋਫਾੜ ਹੋ ਜਾਂਦਾ ਹੈ। ਇਹੀ ਹਾਲਤ ਅਸਹਿ ਹੈ :

ਮੈਂ ਤਾਂ ਰੇਤੇ ਦੇ ਘਰਾਂ 'ਚ
ਉਜੜੇ ਪੰਛੀਆਂ ਦੀ ਚੀਕ ਹਾਂ
ਤੂਫਾਨ 'ਚ ਡੁੱਬਦੀ ਬੇੜੀ ਦੀ ਲੀਕ ਹਾਂ (ਪੰਨਾ 21)

ਪੰਜਾਬੀ ਸਮਾਜ ਦਾ ਵਿਕਾਸ ਸਹਿਜ-ਸੁਭਾਅ ਨਾ ਹੋਣ ਕਰਕੇ ਇਥੇ ਸਮਕਾਲੀਨ ਸਮੇਂ ਦੇ ਆਧੁਨਿਕ ਮਨੁੱਖ ਦੀ ਮਾਨਸਿਕ ਸੰਰਚਨਾ ਵੀ ਅਖੰਡ ਨਹੀਂ ਹੈ। ਸਗੋਂ ਨਵੀਆਂ-ਪੁਰਾਣੀਆਂ ਕੀਮਤਾਂ ਦੇ ਦੁਵੰਦ ਵਿਚ ਫਸਿਆ ਮਨੁੱਖ ਘੜੀ ਦੇ ਪੈਂਡੂਲਮ ਵਾਂਗ ਸੱਜੇ ਤੋਂ ਖੱਬੇ ਡੋਲਦਾ ਰਹਿੰਦਾ ਹੈ। ਮਨੁੱਖ ਦੀ ਮਨੋਸੰਰਚਨਾ ਵਿਚ ਬੁਨਿਆਦੀ ਤਬਦੀਲੀ ਭੌਤਿਕ ਆਲਾ-ਦੁਆਲਾ ਬਦਲਣ ਦੀ ਗਤੀ ਧੀਮੀ ਹੈ, ਬਹੁਤੀ ਤਬਦੀਲੀ ਵਿਦੇਸ਼ੀ ਸਾਹਿਤ ਜਾਂ ਆਧੁਨਿਕ ਗਿਆਨ-ਵਿਗਿਆਨ ਨੂੰ ਪੜ੍ਹਨ ਨਾਲ ਆਈ ਹੈ। ਇਸ ਕਰਕੇ ਮਨੁੱਖੀ ਮਨੋਸੰਰਚਨਾ ਵਿਚ ਦਬਿਆ ਪਿਆ ਮੱਧਕਾਲੀ ਪਰੰਪਰਾਵਾਂ ਦਾ ਕੀਮਤ-ਪ੍ਰਬੰਧ ਪੁਨਰ-ਸੁਰਜੀਤ ਹੋ ਜਾਂਦਾ ਹੈ। ਇਸ ਦੀ ਸਥੂਲ ਉਦਾਹਰਣ ਆਸ਼ਕ-ਮਾਸ਼ੂਕ ਦੇ ਰਿਸ਼ਤੇ ਵਿਚ ਵੇਖੀ ਜਾ ਸਕਦੀ ਹੈ। ਮਨੁੱਖ ਹਾਲੇ ਵੀ ਆਪਣੇ ਸਾਥੀ ਤੇ ਕਬਜ਼ਾ ਚਾਹੁੰਦਾ ਜਾਂ ਚਾਹੁੰਦੀ ਹੈ। ਪਿਆਰ ਦੇ ਪ੍ਰਤੀਬੱਧਤਾ ਦੀ ਜਕੜ ਹਾਲੇ ਵੀ ਪੀਡੀ ਹੈ। ਮਨਜੀਤ ਟਿਵਾਣਾ ਆਪਣੇ ਛੱਡ ਚੁੱਕੇ ਸਾਥੀ ਨੂੰ ਵਾਸਤਾ ਪਾਉਂਦਿਆਂ 'ਤੂੰ ਤਾਂ ਵੀ ਨਾ ਆਵੀਂ' ਦਾ ਵਾਰ-ਵਾਰ ਦੁਹਰਾ ਕਰਦਿਆਂ, ਅੰਤ ਲਿਖਦੀ ਹੈ :

ਜੇ ਮੈਂ ਤੇਰਾ ਦੇਸ਼ ਹੀ ਨਹੀਂ
ਆਪਣਾ ਜਹਾਨ ਵੀ ਛੱਡ ਜਾਵਾਂ
ਤੂੰ ਤਾਂ ਵੀ ਨਾ ਆਵੀਂ

www.PunjabiLibrary.com

ਹੁਣ ਤੂੰ ਕਦੀ ਵੀ ਮੁੜਕੇ ਨਾ ਆਵੀਂ
ਕਿਉਂਕਿ ਮੈਂ ਤੈਨੂੰ ਭੁਲਣਾ ਨਹੀਂ ਚਾਹੁੰਦੀ। (ਪੰਨਾ 28)

ਜਾਂ ਫਿਰ ਇਸੇ ਹੀ ਲੋਚਾ ਦਾ ਹੋਰ ਵਿਸਤਾਰ ਹੈ :

ਏਸ ਵਕਤ
ਜਦੋਂ ਕਿ ਮੇਰੀ ਹੋਂਦ ਦੀਆਂ
ਸਭ ਕੰਧਾਂ ਢਹਿ ਗਈਆਂ ਹਨ
ਘੱਟ ਤੋਂ ਘੱਟ
ਇਸਤਰੀਆਂ ਦੇ ਜਹਾਨ 'ਚ
ਆਪਣੀ ਯਾਦ ਦਾ ਦੀਵਾ ਬਲਦਾ ਰਹਿਣ ਦਿਉ (ਪੰਨਾ 34)

ਸਾਡੇ ਤੋਂ ਪਹਿਲੀ ਪੀੜ੍ਹੀ ਵਿਚ ਦੋ ਕੀਮਤ-ਪ੍ਰਬੰਧਾਂ ਦਾ ਟਕਰਾ ਸੀ। ਸਾਡੀ ਸਮਕਾਲੀ ਪੀੜ੍ਹੀ ਇਹਨਾਂ ਦੋਹਾਂ ਕੀਮਤ ਪ੍ਰਬੰਧਾਂ ਵਿਚੋਂ ਨਵੇਂ ਕੀਮਤ ਪ੍ਰਬੰਧ ਨੂੰ ਵੋਟ ਪਾ ਚੁੱਕੀ ਹੈ, ਪਰ ਨਾਲ ਹੀ ਉਸਦੇ ਰਾਜ ਨੂੰ ਪੂਰਨ ਭਾਂਤ ਕਬੂਲਣ ਤੋਂ ਇਨਕਾਰੀ ਹੈ। ਸਮਕਾਲੀ ਪੀੜ੍ਹੀ ਨੱਖ ਦੇ ਰਿਸ਼ਤੇ ਬਣਾਉਣੇ ਤਾਂ ਚਾਹੁੰਦੀ ਹੈ, ਪਰ ਰਿਸ਼ਤਾ ਟੁੱਟਣ ਨੂੰ ਸਹਿਜ ਲੈਣ ਦੀ ਥਾਂ ਮਾਨਸਿਕ ਸੱਟ ਵਜੋਂ ਲੈਂਦੀ ਹੈ। ਸਾਡੇ ਤੋਂ ਪਹਿਲੀ ਪੀੜ੍ਹੀ ਦਾ ਮਨੁੱਖੀ ਰਿਸ਼ਤਿਆਂ ਦੇ ਸਬੰਧ ਵਿਚ ਦੁਖਾਂਤ ਸਮਾਜਿਕ ਘੇਰਾਬੰਦੀ ਦਾ ਸੀ, ਪਰ ਸਾਡੀ ਪੀੜ੍ਹੀ ਵਿਚ ਦੋ ਕੀਮਤ-ਪ੍ਰਬੰਧਾਂ ਵਿਚ ਅਚੇਤ-ਸੁਚੇਤ ਟਕਰਾਉ ਹੈ। ਇਸ ਟਕਰਾਉ ਤੋਂ ਮਾਨਸਿਕ ਸੰਤਾਪ ਉਪਜਦਾ ਹੈ। ਸਾਡੀ ਆਉਣ ਵਾਲੀ ਪੀੜ੍ਹੀ ਰਿਸ਼ਤਿਆਂ ਦੇ ਜਗਤ ਦੀ ਪੀੜ ਨੂੰ ਸਹਿਜ ਲਵੇਗੀ, ਉਸ ਦੀਆਂ ਮਾਨਸਿਕ ਪੀੜਾਂ ਹੋਰ ਹੋਣਗੀਆਂ, ਘੱਟੋ ਘੱਟ ਉਹ ਸਾਡੀ ਪੀੜ੍ਹੀ ਦੇ ਸੰਤਾਪ ਤੋਂ ਮੁਕਤ ਹੋਵੇਗੀ। ਇਸ ਸੋਚ ਨੂੰ ਲੇਖਿਕਾ ਆਪਣੇ ਕਾਵਿ-ਮਈ ਸ਼ਬਦਾਂ ਅੰਦਰ ਇਉਂ ਪ੍ਰਗਟਾਉਂਦੀ ਹੈ :

ਮੈਂ ਤਾਂ ਆਪਣੀ ਸੋਚ ਕੇ ਥੱਕੇ ਖੰਬਾਂ ਨਾਲ
ਅਸਮਾਨ ਤੋਂ ਪਾਰ ਖਲਾਅ 'ਚ ਹਲ ਚਲਾਵਾਂਗੀ
ਬਿਨਾਂ ਉਮੀਦ ਦੇ ਬੀਜ ਬੋਏ
ਸਭ ਕੁਝ ਛੱਡ ਜਾਵਾਂਗੀ।
ਕੋਈ ਹੋਰ ਮੇਰੇ ਵਰਗਾ ਆਵੇਗਾ
ਉਸਨੂੰ ਹਲ ਨਹੀਂ ਚਲਾਉਣਾ ਪਵੇਗਾ
ਉਹ ਕੁਝ ਨਹੀਂ ਬੀਜੇਗਾ
ਸ਼ਾਇਦ ਕੁਝ ਤਾਜ਼ਾ ਉਗੇਗਾ
ਅਗਲੀ ਪੀੜ੍ਹੀ ਸਾਡੇ ਨਾਲੋਂ ਖੁਸ਼ਕਿਸਮਤ ਹੋਵੇਗੀ
ਉਸਨੂੰ ਕੁਝ ਵੀ ਢਾਹੁਣਾ ਨਹੀਂ ਪਵੇਗਾ। (ਪੰਨਾ 59

www.PunjabiLibrary.com

ਸਾਡੀ ਪੀੜ੍ਹੀ ਨੇ ਪਰੰਪਰਾ ਨੂੰ ਘਰੋਂ ਕੱਢ ਕੇ ਆਧੁਨਿਕਤਾ ਦਾ ਘੁੰਢ ਚੁੱਕ ਕੇ ਦਰਸ਼ਨ ਕੀਤੇ ਤਾਂ ਉਸਦਾ ਕਰੂਪ ਚਿਹਰਾ ਦੇਖਕੇ, ਅਜੀਬ ਦਵੰਦ ਵਿਚ ਫਸ ਗਿਆ। ਉਹ ਦੋ ਕੀਮਤ-ਪ੍ਰਬੰਧਾਂ ਦੇ ਤਨਾਅ ਵਿਚ ਭੋਗਦਾ ਹੈ। ਮਨਜੀਤ ਟਿਵਾਣਾ ਨੇ ਮਾਨਸਿਕ ਸੰਤਾਪ ਦੇ ਦੁਖਾਂਤ ਨੂੰ ਕਾਵਿ ਬਿੰਬ ਵਿਚ ਇਉਂ ਦਸਿਆ ਹੈ :

ਮੈਂ ਤਾਂ ਭੂਤ ਤੇ ਭਵਿਖ ਵਿਚਲੀ ਅਣਹੋਣੀ ਕਥਾ ਦਾ ਬਿਆਨ ਹਾਂ
ਮੈਂ ਤਾਂ ਕੱਸੀ ਹੋਈ ਰੱਸੀ ਤੇ ਤੁਰਦਾ
ਸਾਡੀ ਪੀੜ੍ਹੀ ਦਾ ਉਣੀਂਦਾ ਵਰਤਮਾਨ ਹਾਂ। (ਪੰਨਾ 50)

ਮਨਜੀਤ ਨੇ ਆਪਣੀ ਕਵਿਤਾ ਵਿਚ ਮੁੱਖ ਤੌਰ ਤੇ ਆਧੁਨਿਕ ਸਮੇਂ ਅੰਦਰ ਆਸ਼ਕ ਮਾਸ਼ੂਕ ਦੇ ਰਿਸ਼ਤੇ ਦੀ ਦੁਵੰਦ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਹੈ, ਪਰ ਕੁਲ ਕਵਿਤਾਵਾਂ ਵਿਚ ਉਸਨੇ ਆਧੁਨਿਕ ਮਨੁੱਖ ਦੀ ਸਮੁੱਚੀ ਜ਼ਿੰਦਗੀ ਨੂੰ ਕਲੇਵਰ ਵਿਚ ਲੈਂਦਿਆਂ, ਆਧੁਨਿਕ ਮਨੁੱਖ ਦੀ ਝੂਠੀ ਹੋਈ ਦੂਹਰੀ ਜ਼ਿੰਦਗੀ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਸਰਮਾਏਦਾਰੀ ਸਮਾਜ ਵਿਚ ਮਨੁੱਖ ਦੀ ਕਦਰ ਉਸਦੇ ਵਿਅਕਤੀਗਤ ਗੁਣਾਂ ਦੀ ਥਾਂ ਰੁਤਬੇ ਜਾਂ ਪੈਸੇ ਨਾਲ ਜੁੜ ਜਾਂਦੀ ਹੈ। 'ਖੰਭਾਂ' ਕਵਿਤਾ ਵਿਚ ਲੇਖਿਕਾ ਨੇ ਦਰਸਾਇਆ ਹੈ ਕਿ ਆਦਮੀ ਦੀ ਆਪਣੀ ਕੋਈ ਸੋਚ ਨਹੀਂ ਰਹੀ। ਜੇ ਉਹ ਸੋਚਣ ਦੀ ਕੋਸ਼ਿਸ਼ ਕਰੇ ਤਾਂ ਉਸੇ ਘੜੀ ਸਿਰ ਲੁਹਾ ਲੈਂਦਾ ਹੈ। ਆਧੁਨਿਕ ਸਮਾਜ ਵਿਚ ਪੈਸਾ ਹੀ ਮੁੱਖ ਕੀਮਤ ਬਣ ਗਈ ਹੈ। ਉਚੇ ਰੁਤਬੇ ਲਈ ਲੋਕ ਆਪਣੇ ਬੌਸ ਨੂੰ ਪਤਨੀਆਂ ਪੇਸ਼ ਕਰ ਦਿੰਦੇ ਹਨ, ਆਪਣੇ ਆਪ ਨੂੰ ਧੋਖਾ ਦੇਣ ਲਈ ਨਸ਼ੇ ਦਾ ਆਸਰਾ ਲੈਂਦੇ ਹਨ ਜਾਂ ਫਿਰ ਰੋਜ਼ਗਾਰਾਂ ਦੀ ਜ਼ਿੰਦਗੀ ਤੋਂ ਤੰਗ ਆ ਕੇ ਮੁੜ ਬਚਪਨ ਵੱਲ ਪਰਤਣਾ ਲੋਚਦੇ ਹਨ। ਕਠਿਨ ਸਥਿਤੀਆਂ ਸਨਮੁੱਖ ਖੜਨ ਦੀ ਥਾਂ ਬਚਪਨ ਵੱਲ ਪਰਤ ਜਾਣਾ, ਆਪਣੀ ਹਉ ਬਚਾਉਣ ਵੱਲ ਪਰਤ ਜਾਣਾ, ਆਪਣੀ ਹਉ ਬਚਾਉਣ ਦਾ ਮਨੋਯੰਤਰ ਹੈ, ਜਿਸ ਨੂੰ ਮਨੋਵਿਗਿਆਨ ਦੀ ਭਾਸ਼ਾ ਵਿਚ 'ਬਚਪਨ ਵੱਲ ਪਰਤਣਾ' ਆਖਦੇ ਹਨ। ਇਸ ਮਨੋਵਿਗਿਆਨਕ ਸੱਚ ਨੂੰ ਮਨੋਵਿਗਿਆਨ ਦੀ ਮਾਹਿਰ ਕਵਿਤਰੀ ਇਉਂ ਕਾਵਿ-ਪ੍ਰਗਟਾ ਦਿੰਦੀ ਹੈ :

ਉਸ ਵਕਤ ਪਤਨੀ ਅੰਦਰ ਮਾਂ ਨੂੰ ਜਿਉਂਦੀ ਕਰਦਾ ਹੈ
ਉਸ ਨੂੰ ਦੌੜ ਜੱਫੀ ਪਾਉਂਦਾ ਹੈ।
ਫਰਿਆਂ ਦਾ ਵਕਫਾ ਅਰਸਿਆਂ 'ਚ ਸਮੇਟਣਾ ਚਾਹੁੰਦਾ
ਬਚਪਨ ਵਿਚ ਆ ਉਤਰਦਾ ਹੈ। (ਪੰਨਾ 45)

ਲੇਖਿਕਾ ਦੀ ਰਚਨਾ ਦੇ ਪਾਠ ਉਪਰੰਤ ਪਤਾ ਲੱਗਦਾ ਹੈ ਕਿ ਸਾਡੀ ਸਮੁੱਚੀ ਕਾਵਿ-ਪਰੰਪਰਾ ਅਤੇ ਸਮਾਜਿਕ ਯਥਾਰਥ ਦਾ ਵਿਭਿੰਨ ਪਾਸਾਰ, ਉਸ ਦੇ ਪਿਛੋਕੜ ਵਿਚ ਕੰਮ ਕਰਦੇ ਹਨ। ਉਹ ਪਰੰ-ਪਰਾ, ਪ੍ਰਯੋਗ ਮੱਧਕਾਲੀਨ, ਆਧੁਨਿਕਤਾ, ਜੰਗੀਰੂ ਕਦਰਾਂ ਕੀਮਤਾਂ, ਸਰਮਾਏਦਾਰੀ ਕਦਰਾਂ ਕੀਮਤਾਂ,

www.PunjabiLibrary.com

ਪੁਰਾਣੀਆਂ/ਨਵੀਆਂ ਦੇ ਅੰਤਰ-ਦੁਵੰਦ ਦਾ ਕਾਰਣ ਰਿਸ਼ਤਿਆਂ ਜਗਤ ਵਿਚੋਂ ਸਿਰਫ ਆਸ਼ਕ-ਮਾਸ਼ੂਕ ਦੇ ਰਿਸ਼ਤੇ ਦੀਆਂ ਵਿਭਿੰਨ ਤਹਿਆਂ ਹੀ ਫਰੋਲਦੀ ਹੈ। ਉਸ ਦੀ ਕਵਿਤਾ ਦਾ ਦੂਜਾ ਵਿਲੱਖਣ ਪੱਖ ਸਮ-ਕਾਲੀ ਗਜਨੀ ਯਥਾਰਥ ਨਾਲ ਸਬੰਧਤ ਹੈ। ਪੰਜਾਬ ਦੁਖਾਂਤ ਦੀ ਮੁੱਖ ਸਮੱਸਿਆ ਕੀ ਹੈ ? ਇਸਦੇ ਆਰਥਿਕ, ਸਿਆਸੀ, ਸਮਾਜਿਕ ਅਤੇ ਧਾਰਮਿਕ ਕਾਰਣ ਕੋਈ ਵੀ ਦੱਸੇ ਜਾਣ, 'ਅੰਨ੍ਹਿਆਂ ਦੇ ਹਾਥੀ ਨੂੰ ਹੱਥ ਲਾ ਕੇ ਦੱਸਣ' ਵਾਂਗ ਸਭ ਹੀ ਠੀਕ ਹਨ। ਪਰ ਜਿਥੋਂ ਤਕ ਮਹਿਸੂਸਣ ਦਾ ਤੁਅੱਲਕ ਹੈ, ਹਰ ਆਦਮੀ ਨੇ ਇਸ ਨੂੰ ਮਹਿਸੂਸਿਆ/ਹੰਢਾਇਆ ਹੈ। 'ਮੇਰੀ ਮਿੱਟੀ ਦੇ ਜਾਏ', 'ਅਜ ਕਲ', 'ਦਹਿਸ਼ਤਾਂ ਦੀਆਂ ਦਾਅਵਤਾਂ', 'ਕਿਹੋ ਜਿਹੇ ਸਮੇਂ ਨੇ', 'ਚੇਤਾਵਨੀ' ਆਦਿ ਕਵਿਤਾਵਾਂ ਤੇ ਇਸ ਦਮ-ਘੁਟਣੇ ਮਾਹੌਲ ਦੀ ਪ੍ਰਤੱਖ ਮੂਹਰ ਛਾਪ ਹੈ। 'ਮੇਰੀ ਮਿੱਟੀ ਦੇ ਜਾਏ' ਕਵਿਤਾ ਵਿਚ ਉਹ ਪੰਜਾਬੀ ਲੋਕਾਂ ਦੇ ਸੁਭਾਅ ਬਾਰੇ ਦਸਦਿਆਂ ਇਸ ਨੂੰ ਵਡਿਆਉਂਦਿਆਂ, ਚਮਕਾਉਂਦਿਆਂ ਇਉਂ ਪੇਸ਼ ਕਰਦੀ ਹੈ :

ਹਾਦਸਿਆਂ 'ਚ ਘਿਰੇ
ਹਾੜੇ ਨਹੀਂ ਕੱਢਦੇ ਮੇਰੀ ਮਿੱਟੀ ਦੇ ਜਾਏ
ਇਹ ਉਸ ਤੂਫਾਨ ਵਿਚ ਵੀ ਬਾਲ ਕੇ ਧਰ ਦਿੰਦੇ ਨੇ
ਕਿਸੇ ਟੁਟੀ ਡਿਉੜੀ ਦੀ ਸਰਦਲ ਤੇ
ਆਪਣੀ ਅਣਖ ਦਾ ਦੀਵਾ
ਤਾਂ ਕਿ ਉਹਨਾਂ ਦੇ ਹੋਣ ਦੀ ਖ਼ਬਰ
ਹਾਦਸਿਆਂ ਦੇ ਪਾਰ ਤਕ ਪਹੁੰਚਦੀ ਰਵੇ। (ਪੰਨਾ 29)

ਮਨਜੀਤ ਟਿਵਾਣਾ 'ਪੰਜਾਬ ਸੰਤਾਪ' ਦੇ ਕਾਰਣਾਂ ਦੀ ਸਿਆਸੀ ਚੀਰਫਾੜ ਨਹੀਂ ਕਰਦੀ ਅਤੇ ਨਾ ਹੀ ਇਸ ਸਬੰਧੀ ਕੋਈ ਪੂਰਵ ਨਿਸ਼ਚਿਤ ਧਾਰਨਾ ਰੱਖਦੀ ਜਾਪਦੀ ਹੈ। ਉਹ ਤਾਂ ਆਪਣੇ ਆਲੇ ਦੁਆਲੇ ਫੈਲੇ ਦਰਦ ਨੂੰ ਹੀ ਕਾਵਿ-ਬਿੰਬਾਂ ਵਿਚ ਢਾਲਦੀ ਹੈ। ਲੇਖਿਕਾ ਸੁਚੇਤ ਪੱਧਰ ਤੇ ਕਿਸੇ ਖਾੜਕੂ, ਸਰਕਾਰੀ ਜਾਂ ਤੀਜੀ ਧਿਰ ਦੀ ਸਿੱਧੀ ਧੂਤੂ ਨਹੀਂ ਬਣਦੀ। ਪਰ ਜੇ ਉਸ ਦੀ ਕਵਿਤਾ ਦਾ ਗੰਭੀਰ ਸਿਆਸੀ ਵਿਸ਼ਲੇਸ਼ਣ ਕਰੀਏ ਤਾਂ ਜਾਪਦਾ ਹੈ ਕਿ ਉਸਦੇ ਵਿਚਾਰਾਂ ਵਿਚ ਅਚੇਤ ਹੀ ਸਰਕਾਰੀ ਧਿਰ ਵਿਰੁੱਧ ਗਿਲਾ ਹੈ। ਉਸਦਾ ਇਹ ਗਿਲਾ 'ਦਹਿਸ਼ਤ ਦੀਆਂ ਦਾਅਵਤਾਂ' ਵਿਚ ਕਿਸ ਧਿਰ ਤੇ ਹੈ, ਲੁੱਕਵਾਂ ਹੀ ਰਹਿ ਜਾਣਾ ਸੀ, ਕਿਉਂਕਿ ਦੋਵੇਂ ਧਿਰਾਂ ਹੀ ਦਹਿਸ਼ਤ ਦੀ ਭਾਸ਼ਾ ਵਿਚ ਹਥਿਆਰਾਂ ਨੂੰ ਸ਼ਬਦ ਵਾਰ ਵਰਾਂ ਰਹੀਆਂ ਹਨ। ਪਰ ਲੇਖਿਕਾ ਨੇ ਕੌਮੀ ਘੋੜਿਆਂ ਦੀ ਗਸ਼ਤ ਵਰਤਕੇ ਇਕ ਧਿਰ ਨੂੰ ਦੋਸ਼ੀ ਦਸ ਦਿੱਤਾ ਹੈ :

ਫਤੂਹੀ ਪਾਉਂਦੇ ਕੌਮੀ ਘੋੜਿਆਂ ਦੀ ਗਸ਼ਤ
ਬਸਤੀਆਂ ਨੂੰ ਮਸਾਣਾਂ 'ਚ ਬਦਲਦੀ ਰਹੇਗੀ
ਜਾਂ

www.PunjabiLibrary.com

ਲਾਸ਼ਾਂ ਨੂੰ ਫੂਕਣ ਦੀ ਤਰੱਦਦ ਤੋਂ ਬਚਾਉਣ ਖਾਤਰ

ਵਗਦੀ ਨਦੀ ਵਿਚ ਸੁੱਟਣਾ
ਇਹ ਬਹਾਦਰੀ ਵਜੋਂ

ਉਚੀਆਂ ਪਦਵੀਆਂ ਵਾਲੇ ਖੰਭਿਆਂ ਨੂੰ

ਬਹਾਦਰੀ ਦਾ ਤਗ਼ਮਾ ਦਿੱਤਾ ਜਾਂਦਾ ਹੈ ।

ਮਨਜੀਤ ਕੌਰ ਟਿਵਾਣਾ ਦੀਆਂ 'ਪੰਜਾਬ ਦੇ ਦੁਖਾਂਤ' ਨਾਲ ਸਬੰਧਿਤ ਨਜ਼ਮਾਂ ਦੇ ਪਾਠ ਤੇ ਇਕ ਹੋਰ ਸੁਰ ਭਲੀ ਭਾਂਤ ਉਜਾਗਰ ਹੁੰਦੀ ਹੈ ਕਿ ਉਸ ਨੂੰ ਪੰਜਾਬ ਦੇ ਸਰਾਪੇ ਜਾਣ ਦਾ ਦੁਖ ਹੈ ਪਰ ਉਹ ਇਸ ਦੁਖ ਨੂੰ ਕਿਸੇ ਕੀਰਨੇਮਈ ਅੰਦਾਜ਼ ਵਿਚ ਪੇਸ਼ ਕਰਨ ਦੀ ਥਾਂ, ਪੰਜਾਬੀ ਦੇ ਇਸ ਦੁਖਾਂਤ ਨੂੰ ਹਿੱਕ ਉਤੇ ਜਰ ਲੈਣ ਦੀ ਹਿੰਮਤ ਦੀ ਦਾਦ ਦਿੰਦੀ ਹੈ। ਪੰਜਾਬ ਦੇ ਕਿਸੇ ਫਿਰਕੇ ਦੀ ਥਾਂ ਉਹ ਪੰਜਾਬੀਆਂ ਦੀ ਕਵਿਤਰੀ ਵਜੋਂ ਸਾਹਮਣੇ ਆਉਂਦੀ ਹੈ ।

ਮਨਜੀਤ ਦੀਆਂ ਨਜ਼ਮਾਂ ਕਿਸੇ ਘਟਨਾ ਦਾ ਬ੍ਰਿਤਾਂਤ ਜਾਂ ਵਿਸ਼ੇ ਦਾ ਵਿਸਤਾਰ ਨਹੀਂ ਹੁੰਦਾ ਸਗੋਂ ਇਕੋ ਭਾਵ ਨੂੰ ਵੱਖ ਵੱਖ ਬਿੰਬਾਂ ਦੀ ਮਦਦ ਨਾਲ ਮਹਿਸੂਸ ਕਰਾਉਣ ਦਾ ਯਤਨ ਕੀਤਾ ਜਾਂਦਾ ਹੈ। 'ਵਿਡੋਸ਼ਾਪਿੰਗ' ਅਤੇ 'ਕੁੜੀਆਂ' ਦੋਹਾਂ ਨਜ਼ਮਾਂ ਨੂੰ ਉਦਾਹਰਣ ਵਜੋਂ ਵੇਖਿਆ ਜਾ ਸਕਦਾ ਹੈ । ਵਿਡੋਸ਼ਾਪਿੰਗ ਵਿਚ ਮੁੰਡਿਆਂ ਦੇ ਸੁਭਾਅ ਅਨੁਸਾਰ ਉਨ੍ਹਾਂ ਦਾ ਵਰਗੀਕਰਣ ਕਰਕੇ ਉਨ੍ਹਾਂ ਨੂੰ 'ਕਪੜਿਆਂ ਦੀਆਂ ਕਿਸਮਾਂ' ਵਾਲੇ ਬਿੰਬ ਵਿਚ ਢਲਿਆ ਗਿਆ ਹੈ। ਇਥੇ ਬਿੰਬ ਮੂਲ ਭਾਵ ਦਾ ਅਰਥ ਸਪੱਸ਼ਟ ਕਰਨ ਦੇ ਨਾਲ ਹੀ, ਉਸਦੀ ਸਮੁੱਚੀ ਭਾਵਨਾ ਨੂੰ ਕੱਥ ਦੀ ਪੱਧਰ ਤੋਂ ਇੰਦਰਿਆਵੀ ਪੱਧਰ ਤੇ ਉਭਾਰਨ ਵਿਚ ਪੂਰਾ ਯੋਗਦਾਨ ਪਾਉਂਦੇ ਹਨ । ਬਿੰਬ ਅਰਥ ਸਪੱਸ਼ਟ ਕਰਨ ਦੇ ਨਾਲ ਖ਼ੁਦ ਆਪਣਾ ਆਪ ਵੀ ਸੰਚਾਰਦੇ ਹਨ। ਇਸੇ ਤਰ੍ਹਾਂ ਕੁੜੀਆਂ ਦਾ ਵਰਗੀਕਰਣ ਕਰਕੇ ਉਹਨਾਂ ਦੀ ਪਛਾਣ ਆਧੁਨਿਕ ਜੀਵਨ ਵਿਚ ਲਏ ਰੂਪਕ ਲੰਮੇ ਰੂਟ ਦੀ ਬੱਸ ਨਾਲ ਕਰਵਾਈ ਗਈ ਹੈ । ਮਨਜੀਤ ਦੀ ਖ਼ਾਸੀਅਤ ਇਕੋ ਭਾਵ ਨੂੰ ਵਾਰ-ਵਾਰ ਪੁਸ਼ਟ ਕਰਨ ਵਿਚ ਹੈ । ਇਸ ਲਈ ਉਹ ਕਾਵਿ-ਸਤਰ ਦਾ ਦੁਹਰਾਉ ਕਰਦੀ ਹੈ ਜਿਵੇਂ 'ਕੀ ਪਤਾ ਸੀ', 'ਮੈਂ ਤਾਂ', 'ਤੂੰ ਤਾਂ ਵੀ ਨਾ ਆਵੀਂ', 'ਅੱਜ ਕਲ੍ਹ' ਆਦਿ । ਇਹ ਦੁਹਰਾਉ ਇਕ ਪਾਸੇ ਤਾਂ ਨਜ਼ਮਾਂ ਦੀ ਨਿਰੰਤਰਤਾ ਨੂੰ ਕਾਇਮ ਰੱਖਦਾ ਹੈ, ਦੂਜੇ ਪਾਸੇ ਸੰਗੀਤਆਤਮਿਕਤਾ ਉਪਜਾਉਂਦਾ ਹੈ । ਇਹਨਾਂ ਦੋਹਾਂ ਪ੍ਰਯੋਜਨਾਂ ਦੇ ਨਾਲ ਹੀ ਉਹ ਇਕੋ ਭਾਵ ਨੂੰ ਵਾਰ-ਵਾਰ ਕਹਿਕੇ, ਵੱਖ-ਵੱਖ ਬਿੰਬਾਂ ਦੁਆਰਾ ਪੁਸ਼ਟ ਕਰਨ ਦਾ ਯਤਨ ਕਰਦੀ ਹੈ । ਇਹ ਉਸ ਦੀ ਕਾਵਿ-ਸ਼ੈਲੀ ਦਾ ਮਹੱਤਵਪੂਰਨ ਲੱਛਣ ਹੈ ।

ਜੇ ਉਸ ਦੀਆਂ ਕਵਿਤਾਵਾਂ ਨੂੰ ਲੰਬਾਈ ਪੱਖੋਂ ਦੇਖਣਾ ਹੋਵੇ ਤਾਂ ਇਹ ਤਿੰਨ ਤਰ੍ਹਾਂ ਦੀਆਂ ਲੰਮੀਆਂ ਕਵਿਤਾਵਾਂ, ਛੋਟੀਆਂ ਕਵਿਤਾਵਾਂ ਅਤੇ ਪਰਿਭਾਸ਼ਕ ਜਾਂ ਮਿੰਨੀ ਕਵਿਤਾਵਾਂ ਹਨ । ਲੰਮੀਆਂ ਕਵਿਤਾਵਾਂ ਵਿਚੋਂ 'ਉਣੀਂਦਾ ਵਰਤਮਾਨ' ਅਤੇ 'ਖੰਭੇ' ਦੋ ਹਨ। 'ਉਣੀਂਦਾ ਵਰਤਮਾਨ'

www.PunjabiLibrary.com

ਆਧੁਨਿਕ ਯੁਗ ਵਿਚ ਇਸਤਰੀ ਮਰਦ ਸੰਬੰਧਾਂ ਦੀ ਟੁੱਟ ਭੱਜ ਨਾਲ ਸੰਬੰਧਿਤ ਵਿਅਕਤੀ ਵਿਸ਼ੇਸ਼ ਦੀ ਵਿਅਕਤੀਗਤ ਗਾਥਾ ਹੈ, ਜਿਸ ਪਿੱਛੇ ਇਸ ਟੁੱਟ ਭੱਜ ਦਾ ਸ਼ਿਕਾਰ ਇਕ ਪੂਰਾ ਵਰਗ ਹੋਣ ਕਾਰਣ ਆਮ ਗਾਥਾ ਬਣ ਜਾਂਦੀ ਹੈ। 'ਖੰਬੇ' ਨਜ਼ਮ ਵਿਚ ਆਧੁਨਿਕ ਮਹਾਂਨਗਰ ਦੀ ਸਮੁੱਚੀ ਕਾਰ ਵਿਹਾਰੀ ਜ਼ਿੰਦਗੀ ਨੂੰ ਪਕੜਨ ਦੀ ਕੋਸ਼ਿਸ਼ ਵਿਚ ਵਿਭਿੰਨ ਪਾਸਾਰ ਦ੍ਰਿਸ਼ਟੀਗੋਚਰ ਕੀਤੇ ਹਨ। ਇਸ ਵਿਚੋਂ ਰਿਸ਼ਤਿਆਂ ਦੀ ਟੁੱਟ ਭੱਜ ਅਤੇ ਪੈਸਿਆਂ ਦੀ ਪ੍ਰਧਾਨਤਾ ਮੁੱਖ ਲੱਛਣ ਹੈ। ਇਸਦੇ ਨਾਲ ਹੀ 'ਖੰਬੇ' ਨਜ਼ਮ ਵਿਚ ਪੰਜਾਬ ਦਾ ਦੁਖਾਂਤ ਵੀ ਆ ਮਿਲਦਾ ਹੈ। ਸੋ ਲੰਮੀਆਂ ਕਵਿਤਾਵਾਂ ਵਿਚ ਯਥਾਰਥ ਦੇ ਵਿਭਿੰਨ ਪਾਸਾਰ ਚਿਤਰੇ ਹਨ। ਛੋਟੀਆਂ ਕਵਿਤਾਵਾਂ ਵਿਚ ਇਕਹਿਰੇ ਭਾਵ ਨੂੰ ਵਿਭਿੰਨ ਬਿੰਬਾਂ ਪ੍ਰਤੀਕਾਂ ਦੁਆਰਾ ਲੜੀਵਾਰ ਪੁਸ਼ਟ ਕੀਤਾ ਜਾਂਦਾ ਹੈ। ਲੜੀ ਦਾ ਹਰ ਨਵਾਂ ਬਿੰਬ/ਪ੍ਰਤੀਕ ਪੂਰਵ ਕਥਿਤ ਭਾਵ ਨੂੰ ਗਹਿਰਾਈ ਪ੍ਰਧਾਨ ਕਰਦਾ ਹੈ। ਇਹਨਾਂ ਕਵਿਤਾਵਾਂ ਵਿਚ ਜਾਂ ਤਾਂ ਕਿਸੇ ਕਾਵਿ-ਸਤਰ ਦਾ ਦੁਹਰਾਉ ਹੈ ਜਾਂ ਫਿਰ ਕੋਈ ਸਿੱਟਾ ਮੂਲਕ ਉਕਤੀ ਆਉਂਦੀ ਹੈ। 'ਅੱਜ ਕਲ੍ਹ' ਨਜ਼ਮ ਵਿਚ ਹਰ ਪੰਕਤੀ ਅੱਜ ਕਲ੍ਹ ਸ਼ਬਦ ਨਾਲ ਸ਼ੁਰੂ ਹੁੰਦੀ ਹੈ ਅਤੇ ਅੱਜ ਕਲ੍ਹ ਦੇ ਵਿਭਿੰਨ ਪਾਤਰਾਂ ਨੂੰ ਦਰਸਾਉਂਦੀ ਹੈ। ਸ਼ਬਦਾਂ ਦਾ ਦੁਹਰਾਉ ਕਵਿਤਾ ਨੂੰ ਬਾਹਰੀ ਪੱਧਰ ਤੇ ਜੋੜਦਾ ਹੈ ਤਾਂ ਕਾਵਿਕ-ਵਿਵੇਕ ਦੀ ਪੱਧਰ ਤੇ ਡੂੰਘੀ ਉਦਾਸੀ ਦਾ ਭਾਵ ਜੋੜਦਾ ਹੈ। 'ਕੀ ਪਤਾ ਸੀ' 'ਹੁਣ ਤੂੰ' ਆਦਿ ਨਜ਼ਮਾਂ ਇਸੇ ਕਲਾਤਮਿਕ ਗਠਿਨ ਦੀਆਂ ਹਨ। ਇਸ ਤਰ੍ਹਾਂ ਕੁਲ ਨਜ਼ਮਾਂ ਵਿਚ ਪ੍ਰਸ਼ਨ-ਉੱਤਰ ਜਾਂ ਘਟਨਾ ਤੇ ਘਟਨਾ ਨੂੰ ਪ੍ਰਗਟਾਉਂਦੇ ਬਿੰਬਾਂ ਦੀ ਲੰਮੀ ਲੜੀ ਹੁੰਦੀ ਹੈ, ਪਰ ਨਜ਼ਮ ਦੇ ਅੰਤ ਵਿਚ ਇਹਨਾਂ ਪ੍ਰਸ਼ਨਾਂ ਦਾ ਘਟਨਾਵਾਂ ਦਾ ਪਰਿਭਾਸ਼ਕ ਨਿਚੋੜ ਕੱਢਿਆ ਹੁੰਦਾ ਹੈ। ਜਿਵੇਂ 'ਵਿੰਡੋ ਸ਼ਾਪਿੰਗ', 'ਦਹਿਸ਼ਤ ਦੀਆਂ ਦਾਅਵਤ', 'ਇਸ ਵਕਤ', 'ਵਿਆਹ' ਆਦਿ ਵਿਚ ਪ੍ਰਸ਼ਨ-ਉੱਤਰ ਜਾਂ ਘਟਨਾ ਤੇ ਉਸ ਨੂੰ ਪ੍ਰਗਟਾਉਂਦੇ ਬਿੰਬਾਂ ਦਾ ਨਿਰੰਤਰ ਸਿਲਸਿਲਾ ਚਲਦਾ ਹੈ। ਇਹ ਸਿਲਸਿਲਾ 'ਵਿੰਡੋ ਸ਼ਾਪਿੰਗ' ਵਿਚ ਦੋਸਤੀ ਨੂੰ ਪਰਿਭਾਸ਼ਤ ਕਰਨ ਨਾਲ, 'ਹੁਣ ਤੂੰ' ਨਜ਼ਮ ਵਿਚ 'ਤੂੰ ਤਾਂ ਵੀ ਨਾ ਆਵੀ' ਦੇ ਕਾਰਨ ਨੂੰ ਅਖ਼ੀਰਲੀ ਪੰਕਤੀ ਕਿਉਂਕਿ ਮੈਂ ਤੈਨੂੰ ਭੁਲਣਾ ਨਹੀਂ ਚਾਹੁੰਦੀ ਨਾਲ ਸਮਾਪਿਤ ਹੁੰਦਾ ਹੈ। ਇਸੇ ਤਰ੍ਹਾਂ ਦਹਿਸ਼ਤ ਦੀਆਂ ਦਾਅਵਤਾਂ ਦਾ ਆਖ਼ਰੀ ਪਹਿਰਾ ਸਮੁੱਚੀ ਨਜ਼ਮ ਨੂੰ ਭਾਵਕਤਾ ਤੋਂ ਮੁਕਤ ਕਰਕੇ ਘਟਨਾਵਾਂ ਦਾ ਬੌਧਿਕ ਵਿਸ਼ਲੇਸ਼ਣ ਕਰਦਿਆਂ ਮਨੁੱਖੀ ਇਤਿਹਾਸ ਦੀ ਨਿਰੰਤਰਤਾ ਵਿਚ ਇਉਂ ਵਿਸ਼ਵਾਸ ਪ੍ਰਗਟ ਕਰਦਾ ਹੈ :

ਇਹ ਇਤਿਹਾਸ ਦਾ ਇਕ ਹੋਰ ਵਰਕਾ
ਇਹ ਵਰਕਾ ਵੀ ਫਰੋਲਿਆ ਜਾਵੇਗਾ
ਇਹ ਵਰਕਾ ਵੀ ਪਲਟਿਆ ਜਾਵੇਗਾ
ਜਦੋਂ ਸੂਰਜ ਦੀ ਕਚਹਿਰੀ 'ਚ,
ਤਾਰਿਆਂ ਦੇ ਕਤਲਾਂ ਦਾ ਹਿਸਾਬ ਹੋਵੇਗਾ।

ਇਸੇ ਕਲਾਤਮਿਕ ਜੁਗਤ ਦੀ ਆਖ਼ਰੀ ਨਜ਼ਮ 'ਵਿਆਹ' ਹੈ, ਇਸ ਵਿਚ ਲੇਖਿਕਾ ਵਿਆਹ

www.PunjabiLibrary.com

ਬਾਰੇ ਸੋਚਣ ਦੇ ਬਾਅਦ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਪੁਸਤਕ ਦੇ ਪੰਨਿਆਂ ਨਾਲ ਤੁਲਨਾਉਂਦਿਆਂ ਨਿਰਨਾ ਦੇ ਦਿੰਦੀ ਹੈ। ਛੋਟੀਆਂ ਮਿੰਨੀ ਕਵਿਤਾਵਾਂ ਨੂੰ ਮੈਂ 'ਪਰਿਭਾਸ਼ਕ ਕਵਿਤਾਵਾਂ' ਦਾ ਨਾਂ ਦੇਣਾ ਚਾਹੁੰਦੀ ਹਾਂ, ਕਿਉਂਕਿ ਇਹਨਾਂ ਵਿਚ ਘਟਨਾ ਜਾਂ ਵਿਚਾਰ ਨੂੰ ਬਿੰਬਾਤਮਿਕ ਪਰਿਭਾਸ਼ਾ ਵਿਚ ਬੰਨ੍ਹਿਆ ਜਾਂਦਾ ਹੈ। ਮਨਜੀਤ ਦਾ ਪਰਿਭਾਸ਼ਕ ਬਿੰਬ ਧਰਤੀ, 'ਰਾਤ ਸ਼ਾਮ ਮੌਤ ਲੱਭਦੇ ਰਹੋ' ਆਦਿ ਵਿਚ ਕੁਦਰਤੀ ਵਰਤਾਰਿਆਂ ਜਾਂ ਮਾਨਸਿਕ ਘਟਨਾਵਾਂ ਨੂੰ ਪਰਿਭਾਸ਼ਤ ਹੀ ਨਹੀਂ ਕਰਦਾ, ਸਗੋਂ ਉਸ ਪਰਿਭਾਸ਼ਾ ਰਾਹੀਂ ਮਨੁੱਖੀ ਮਨ ਦੇ ਭਾਵ ਨੂੰ ਸੰਚਾਰਦਾ ਹੈ।

ਉਹ ਸਾਂਵਲੀ ਕੁੜੀ
ਜੋ ਦਿਨ ਰਾਤ ਦੋਸਤ ਦੀ ਇੰਤਜ਼ਾਰ 'ਚ
ਨਿੱਤ ਮਰਦੀ ਹੈ

ਉਪਰੋਕਤ ਕਵਿਤਾ ਵਿਚ ਜ਼ਾਹਰਾ ਪੱਧਰ ਤੇ ਰਾਤ ਨੂੰ ਪਰਿਭਾਸ਼ਤ ਕੀਤਾ ਜਾ ਰਿਹਾ ਹੈ, ਪਰ ਜੋ ਬਿੰਬ ਪ੍ਰਸਤੁਤ ਕੀਤਾ ਹੈ, ਉਹ ਆਪਣੇ ਆਪ ਰਾਹੀਂ ਸਾਵਲੀ ਕੁੜੀ ਦੇ ਮਹਿਬੂਬ ਦੀ ਇੰਤਜ਼ਾਰ ਵਿਚ ਮਰਨ ਦੇ ਭਾਵਾਂ/ਅਰਥਾਂ ਨੂੰ ਵੀ ਸੰਚਾਰ ਰਿਹਾ ਹੈ।

ਮਨਜੀਤ ਟਿਵਾਣਾ ਮੱਧਕਾਲੀ ਦ੍ਰਿਸ਼ਟੀ ਦਾ ਚਿੰਤਨ ਕਰਦੀ ਹੈ, ਪਰ ਉਹ ਪੁਰਾਤਨ ਇਤਿਹਾਸ ਅਤੇ ਮਿਥਿਹਾਸ ਦੀ ਯੋਗ ਵਰਤੋਂ ਕਰਦੀ ਹੈ। ਇਤਿਹਾਸਕ ਸੰਕੇਤਾਂ ਦੀ ਵਰਤੋਂ ਪਾਠਕਾਂ ਦੇ ਅਣਚੇਤਨ ਨੂੰ ਛੂਹਣ ਵਿਚ ਸਹਾਇਤਾ ਕਰਦੀ ਹੈ। ਸੂਫੀ ਫ਼ਕੀਰ ਦਾ ਚੋਲਾ 'ਆਏ ਭੌਤਿਕ ਆਕਾਰ ਕਾਰਣ ਨਹੀਂ ਸਗੋਂ ਆਪਣੀ ਆਤਮਿਕ ਵਿਸ਼ਾਲਤਾ' ਕਾਰਣ ਦੋਸਤੀ ਨੂੰ ਪ੍ਰਗਟਾਉਣ ਦਾ ਸਾਧਨ ਬਣਦਾ ਹੈ। ਆਧੁਨਿਕ ਮਨੁੱਖ ਦੇ ਅੰਦਰ ਦਵੰਦ ਨੂੰ ਪ੍ਰਗਟਾਉਣ ਲਈ ਸਰੀਰ ਜੇ 'ਕੁਰੂਕਸ਼ੇਤਰ' ਬਣ ਜਾਂਦਾ ਹੈ ਤਾਂ ਇਹ ਦਵੰਦ ਆਪਣੇ ਆਪ ਮਹਾਂਭਾਰਤ ਜਿਤਨਾ ਮਹਾਨ ਅਤੇ ਦੂਰਰਸੀ ਸਿੱਟਿਆਂ ਵਾਲਾ ਬਣ ਜਾਂਦਾ ਹੈ। 'ਸ਼ਕੁੰਤਲਾ ਦੀ ਮੁੰਦਰੀ' ਗੁਆਚਣ ਤੇ ਦੁਸ਼ਿਅੰਤ ਦੇ ਭੁੱਲ ਜਾਣ ਦੇ ਪ੍ਰਸੰਗ ਨੂੰ ਆਧੁਨਿਕ ਯੁੱਗ ਅਨੁਸਾਰ ਅਰਥ ਵਿਸਤਾਰ ਦਿੱਤਾ ਹੈ। ਇਸ ਪ੍ਰਕਾਰ 'ਉਣੀਂਦਾ ਵਰਤਮਾਨ' ਵਿਚ ਸ਼ਿਵ, ਕ੍ਰਿਸ਼ਨ ਦਾ ਰੱਥ ਚੜ੍ਹਨਾ, ਬੰਸੀ ਦਾ ਸੁਣਨਾ ਆਦਿ ਮਿਥਿਹਾਸਕ ਹਵਾਲੇ ਆਧੁਨਿਕ ਯੁੱਗ ਦੀਆਂ ਗੁੰਝਲਾਂ ਨੂੰ ਨਵੇਂ ਢੰਗ ਨਾਲ ਪ੍ਰਗਟਾਉਂਦੇ ਹਨ। ਇਤਿਹਾਸਕ, ਮਿਥਿਹਾਸਕ ਸੰਕੇਤਾਂ ਨੂੰ ਆਧੁਨਿਕ ਯੁੱਗ ਦੀਆਂ ਗੁੰਝਲਾਂ ਪ੍ਰਗਟਾਉਣ ਲਈ ਵਰਤੋਂ ਵਿਚ ਲਿਆਉਣਾ, ਮਨਜੀਤ ਟਿਵਾਣਾ ਦੀ ਕਾਵਿ ਪ੍ਰਤਿਭਾ ਦੀ ਇਕ ਹੋਰ ਜੁਗਤ ਹੈ। ਜਿਵੇਂ

ਕੁੱਝ ਕੁ ਪੰਨੇ ਤਾਂ
ਐਵੇਂ ਅਣਗਹਿਲੀ ਕਾਰਣ
ਮੁਹੰਮਦ ਬਿਨ ਤੁਗ਼ਲਕ ਵਾਂਗ ਮਖੌਲ ਹੋ ਗਏ (ਪੰਨਾ 68)

ਮਨਜੀਤ ਟਿਵਾਣਾ ਦੀ ਇਕ ਹੋਰ ਕਲਾਤਮਿਕ ਜੁਗਤ ਤੀਖਣ ਵਿਅੰਗ ਹੈ, ਪਰ ਪਹਿਲਿਆਂ ਦੋ ਕਾਵਿ-ਸੰਗ੍ਰਹਿ ਦੇ ਮੁਕਾਬਲੇ 'ਉਣੀਂਦਾ ਵਰਤਮਾਨ' ਵਿਚ ਇਸ ਦੀ ਵਰਤੋਂ ਸੰਜਮ ਨਾਲ ਹੋਈ

www.PunjabiLibrary.com

ਹੈ। ਆਧੁਨਿਕ ਮਨੁੱਖ ਦੂਹਰੀ ਜ਼ਿੰਦਗੀ ਜੀਉਂਦਾ ਹੈ : ਇਕ ਅਸਲ, ਇਕ ਓਹਲੇ ਦੀ, ਦੋਹਾਂ ਵਿਚਕਾਰ ਇਕ ਪਰਦਾ ਪਿਆ ਰਹਿੰਦਾ ਹੈ। ਇਸ ਪਰਦੇ ਨਾਲ ਦੋਹਰੀ ਜ਼ਿੰਦਗੀ ਜੀਅ ਰਿਹਾ ਪਾਤਰ ਅਤੇ ਲੋਕ ਦੋਵੇਂ ਖ਼ੁਸ਼ ਰਹਿੰਦੇ ਹਨ ਪਰ ਮਨਜੀਤ ਟਿਵਾਣਾ ਇਸ ਪਰਦੇ ਨੂੰ ਚਾਕ ਕਰ ਕੇ ਕਰੂਰ ਯਥਾਰਥ ਦੇ ਨੰਗੇ ਰੂਪ ਦਰਸ਼ਨ ਕਰਾਉਂਦੀ ਹੈ। ਇਸ ਪਰਦਾ ਚਾਕੀ ਨਾਲ ਹੀ ਸੂਖਮ ਵਿਅੰਗ ਉਪਜਦਾ ਹੈ :

ਉਹ ਖ਼ੂਬਸੂਰਤ ਪਤਨੀ ਨਾਲ ਪਾਰਟੀ ਤੇ ਜਾਂਦਾ ਹੈ।
ਉਸ ਦਾ ਬੌਸ ਪਤਨੀ ਨੂੰ ਨਾਚ ਲਈ ਲੈ ਜਾਂਦਾ ਹੈ।
ਉਹ ਜ਼ੋਰ ਦੀ ਹੱਸਦਾ ਹੈ। (ਪੰਨਾ 46)

ਇਸ ਤਰ੍ਹਾਂ ਮਨਜੀਤ ਟਿਵਾਣਾ ਆਪਣੇ ਕਾਵਿ ਲਈ ਕਈ ਕਲਾਤਮਿਕ ਜੁਗਤਾਂ ਵਰਤਦੀ ਹੈ। ਮਨਜੀਤ ਟਿਵਾਣਾ ਤੇ ਚਰਚਾ ਖ਼ਤਮ ਕਰਨ ਤੋਂ ਪਹਿਲਾਂ ਉਸ ਦੀਆਂ ਕਵਿਤਾਵਾਂ ਦੇ ਇਕ ਹੋਰ ਪੱਖੋਂ ਚਰਚਾ ਕਰਨੀ ਵੀ ਜ਼ਰੂਰੀ ਜਾਪਦੀ ਹੈ। ਮਨਜੀਤ ਟਿਵਾਣਾ ਭਾਵੇਂ ਨਾਰੀਵਾਦੀ ਨਹੀਂ, ਪਰ ਉਹ ਨਾਰੀ ਲੇਖਿਕਾ ਹੈ। ਸਾਡਾ ਇਹ ਨੁਕਤਾ ਉਠਾਉਣ ਪਿੱਛੇ ਵਿਸ਼ੇਸ਼ ਮਨੋਰਥ ਹੈ। ਪੰਜਾਬੀ ਮੱਧਕਾਲੀ ਕਵਿਤਾ ਵਿਚ ਕੋਈ ਨਾਰੀ ਲੇਖਿਕਾ ਨਹੀਂ ਸੀ। ਆਧੁਨਿਕ ਸਮੇਂ ਵਿਚ ਵੀ ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਮਨਜੀਤ ਟਿਵਾਣਾ, ਮਨਜੀਤ ਇੰਦਰਾ, ਪਾਲ ਕੌਰ ਅਤੇ ਕੁਝ ਹੋਰ ਹਨ। ਇਨ੍ਹਾਂ ਵਿਚੋਂ ਅੰਮ੍ਰਿਤ ਪ੍ਰੀਤਮ ਹੀ ਪ੍ਰਮੁੱਖ ਹੈ, ਕੁਝ ਹੋਰ ਤਾਂ ਅਸਲ ਵਿਚ ਔਰਤ ਲੇਖਿਕਾਵਾਂ ਹੋਣ ਕਾਰਣ ਹੀ ਸੂਚੀ ਵਿਚ ਆ ਜਾਂਦੀਆਂ ਹਨ। ਮਨਜੀਤ ਟਿਵਾਣਾ ਦੀ ਕਾਵਿ ਦ੍ਰਿਸ਼ਟੀ ਨਾ ਤਾਂ ਨਾਰੀ ਪੱਖੀ ਮਰਦਾਂ ਵਾਂਗ ਔਰਤ ਤੇ ਤਰਸ ਕਰਦੀ ਹੈ ਅਤੇ ਨਾ ਹੀ ਔਰਤ ਲੇਖਿਕਾਵਾਂ ਵਾਂਗ ਮਰਦ ਦੇ ਜ਼ੁਲਮਾਂ ਦੀ ਦਾਸਤਾਨ ਉਲੀਕਦੀ ਹੈ, ਸਗੋਂ ਉਹ ਤੇ ਆਧੁਨਿਕ ਯੁੱਗ ਵਿਚ ਤੀਵੀਂ-ਮਰਦ ਦੇ ਪ੍ਰਸਪਰ ਸੰਬੰਧਾਂ ਨੂੰ ਯਥਾਰਥਕ ਪਰਿਪੇਖ ਵਿਚ ਵੇਖਦੀ ਹੈ। ਪੈਦਾਵਾਰੀ ਸਾਧਨਾਂ ਦੇ ਆਧੁਨਿਕ ਤਕਨੀਕੀ ਵਿਕਾਸ ਨਾਲ ਔਰਤ-ਮਰਦ ਪੈਦਾਵਾਰੀ ਸ਼ਕਤੀ ਪੱਖੋਂ ਬਰਾਬਰੀ ਤੇ ਆ ਰਹੇ ਹਨ, ਇਸੇ ਦਾ ਪ੍ਰਭਾਵ ਰਿਸ਼ਤਿਆਂ ਤੇ ਵੀ ਪਿਆ ਹੈ। ਉਹ ਆਪਣੀ ਸ਼ਾਇਰੀ ਵਿਚ ਮੱਧਕਾਲੀ ਰੂਹ-ਕਲਬੂਤ ਜਾਂ ਆਤਮਾ-ਪ੍ਰਮਾਤਮਾ ਰੂਪੀ ਸਿਰਫ ਕਹਿਣ ਦੀ ਪੱਧਰ ਦੇ ਬਰਾਬਰਤਾ ਵਾਲੇ ਪਰ ਤੱਤ ਰੂਪ ਵਿਚ ਦੁਜੈਲੇ ਰਿਸ਼ਤੇ ਨੂੰ ਰੱਟਦੀ ਹੈ। ਉਹ ਆਧੁਨਿਕ ਜ਼ਿੰਦਗੀ ਦੇ ਮੱਧਵਰਗੀ ਫ਼ੈਸ਼ਨ ਲਈ ਬਰਾਬਰਤਾ ਦੇ ਰਿਸ਼ਤੇ ਦੀ ਥਾਂ ਧੁਰ ਅੰਦਰੋਂ ਸਚਮੁੱਚ ਦਾ ਯਥਾਰਥਕ ਰਿਸ਼ਤਾ ਚਾਹੁੰਦੀ ਹੈ। ਸਾਡੇ ਯੁੱਗ ਦਾ ਸੱਚ ਦਾ ਆਧੁਨਿਕ ਬੋਧ ਉਸ ਦੀਆਂ ਕਵਿਤਾਵਾਂ ਵਿਚ ਸਿੱਧਾ ਪ੍ਰਗਟ ਹੋਣ ਦੀ ਥਾਂ ਸਮੁੱਚੀਆਂ ਕਵਿਤਾਵਾਂ ਦੇ ਭਾਵ-ਮੰਡਲ ਵਿਚ ਰਸਿਆ ਹੋਇਆ ਹੈ। ਉਸ ਦੀ ਲੰਮੀ ਨਜ਼ਮ 'ਉਣੀਂਦਾ ਵਰਤਮਾਨ' ਵਿਚ ਔਰਤ-ਮਰਦ ਸੰਬੰਧਾਂ ਦੀਆਂ ਵਿਭਿੰਨ ਕੋਣਾਂ ਤੋਂ ਅਭਿਵਿਅਕਤੀ ਹੋਈ ਹੈ, ਪਰ ਹੇਠ ਲਿਖੀਆਂ ਸਤਰਾਂ ਉਸ ਦੀ ਇਸ ਨਜ਼ਮ ਦੇ ਨਾਲ ਹੀ ਉਸ ਦੀਆਂ ਸਮੁੱਚੀਆਂ ਨਜ਼ਮਾਂ ਦੇ ਭਾਵ-ਚੱਕਰ ਦੀ ਕੇਂਦਰੀ ਚੂਲ ਜਾਪਦੀਆਂ ਹਨ। ਜਿਥੇ ਔਰਤ ਆਪਣੇ ਨਾਰੀ ਅਸਤਿਤਵ ਅਤੇ ਮਰਦਾਨੀ ਹਉਂ ਨੂੰ ਇਕ ਦੂਜੇ ਦੇ ਸਨਮੁੱਖ ਟੱਕਰ ਲਈ ਵੰਗਾਰਦੇ ਨਜ਼ਰ ਆਉਂਦੇ ਹਨ :

www.PunjabiLibrary.com

ਏਸ ਤਰ੍ਹਾਂ ਮੇਰੀ ਮੈਂ ਤੇ ਤੇਰੀ ਹਉਮੈ ਵਿਚਕਾਰ
ਦੋ ਦੇਸ਼ਾਂ ਵਾਂਗ ਲੜਾਈ ਵਧਦੀ ਰਹਿੰਦੀ ਹੈ (ਪੰਨਾ 54)
ਏਸ ਤਰ੍ਹਾਂ ਜਿਊਣ ਤੇ ਮਰਨ ਦੀ ਕਹਾਣੀ ਚਲਦੀ ਰਹਿੰਦੀ ਹੈ।

ਮਨਜੀਤ ਟਿਵਾਣਾ ਆਧੁਨਿਕ ਯੁੱਗ ਬੋਧ ਨੂੰ ਕਾਵਿਕ ਅੰਦਾਜ਼ ਵਿਚ ਪ੍ਰਗਟਾਉਣ ਲਈ ਸਮਰੱਥ ਪ੍ਰਤਿਭਾ ਹੈ। ਉਸ ਦੀ ਕਵਿਤਾ ਮੱਧਕਾਲੀ ਪੰਜਾਬੀ ਕਵਿਤਾ ਦੀ ਰਹਿੰਦ-ਖੂੰਹਦ ਤੋਂ ਮੁਕਤ ਹੈ। ਉਸ ਦੀ ਕਵਿਤਾ ਵਿਚ ਆਧੁਨਿਕ ਯੁੱਗ ਦੀਆਂ ਪ੍ਰਮੁੱਖ ਧਾਰਾਵਾਂ ਵਿਚੋਂ ਪ੍ਰਗਤੀਵਾਦ ਦਾ ਮਾਨਵਵਾਦ, ਨਕਜ਼ਬਾੜੀ ਕਵਿਤਾ ਦਾ ਖਾੜਕੂਪਣਾ ਅਤੇ ਪ੍ਰਯੋਗਵਾਦੀ ਕਵਿਤਾ ਦਾ ਕੁੱਝ ਨਵਾਂ ਕਰ ਗੁਜ਼ਰਨ ਦਾ ਸਾਹਸ ਸਮਿਲਤ ਹੈ। ਇਸ ਪ੍ਰਕਾਰ ਉਹ ਉਸ ਆਉਣ ਵਾਲੀ ਧਾਰਾ ਦੀ ਪ੍ਰਤੀਨਿਧ ਬਣ ਜਾਂਦੀ ਹੈ, ਜਿਸ ਨੇ ਸਮਕਾਲੀ ਕਵਿਤਾ ਵਿਚੋਂ ਆਪਣੇ ਆਪ ਨੂੰ ਉਭਾਰਨਾ ਹੈ ਅਤੇ ਆਪਣਾ ਨਾਂ ਧਰਾਉਣਾ ਹੈ।

www.PunjabiLibrary.com